Digitized by Arya Samaj Foundation Chennai and eGangotri

ਸਭਿਆਚਾਰ



ਬਲਬੀਰ ਸਿੰਘ ਪੂਨੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

100066

Digitized by Arya Samaj Foundation Chennai and eGangotri

Presented free of cost with compliments from
The Central Inst... of Indian Languages
(Government of India), Mysore-570006.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ

Presented ... with compliments from
The Central Institute of Indian Languages
(Government of India), Mysore-570006.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਡੀਆਂ ਪੰਜਾਬੀ ਲੋਕਧਾਰਾ ਤੇ ਸਭਿਆਚਾਰ ਬਾਰੇ ਕੁਝ ਮਹੱਤਵਪੂਰਣ ਪੁਸਤਕਾਂ

- ਸਭਿਆਚਾਰ ਅਤੇ ਪੰਜਾਬੀ ਸਭਿਆਚਾਰ	ਡਾ. ਗੁਰਬਖ਼ਸ਼ ਸਿੰਘ ਫਰੈਂਕ
- ਪੰਜਾਬੀ ਸਭਿਆਚਾਰ ਬਾਰੇ	ਡਾ. ਜੀਤ ਸਿੰਘ ਜੋਸ਼ੀ
- ਲੋਕਧਾਰਾ	ਡਾ. ਬਲਬੀਰ ਸਿੰਘ ਪੂਨੀ
- ਸਭਿਆਚਾਰ	ਡਾ. ਬਲਬੀਰ ਸਿੰਘ ਪੂਨੀ
- ਪੰਜਾਬੀ ਲੋਕਧਾਰਾ ਅਤੇ ਸਭਿਆਚਾਰ	ਡਾ. ਬਲਬੀਰ ਸਿੰਘ ਪੂਨੀ
- ਪੰਜਾਬੀ ਲੋਕਧਾਰਾ ਦੇ ਕੁਝ ਪੱਖ	ਡਾ. ਗੁਰਮੀਤ ਸਿੰਘ
- ਪੰਜਾਬੀ ਲੋਕ ਕਾਵਿ	ਡਾ. ਬਿਕਰਮ ਸਿੰਘ ਘੁੰਮਣ
- ਪੰਜਾਬੀ ਲੋਕ ਗੀਤ	ਡਾ. ਬਿਕਰਮ ਸਿੰਘ ਘੁੰਮਣ
- ਬੁਝਾਰਤਾਂ ਤੇ ਅਖਾਣ	ਡਾ. ਬਿਕਰਮ ਸਿੰਘ ਘੁੰਮਣ
- ਦਿਲ ਦੀਆਂ ਬਾਤੀਂ	ਡਾ. ਇਕਬਾਲ ਕੌਰ
- ਪਿੰਡ ਵਿਉਂਤ ਅਤੇ ਸਭਿਆਚਾਰ	ਡਾ. ਮਨਜੀਤ ਸਿੰਘ
- ਪੰਜਾਬੀ ਸਭਿਆਚਾਰ ਉਤੇ ਬਦੇਸ਼ੀ ਪ੍ਰਭਾਵ	ਜਸਬੀਰ ਸਿੰਘ ਜੱਸ
- ਹੀਰ ਵਾਰਿਸ ਵਿਚ ਪੰਜਾਬੀ ਸੰਸਕ੍ਰਿਤੀ	ਨੀਲਮ ਜੀਤ ਕੌਰ
- ਪੰਜਾਬੀ ਸਭਿਆਚਾਰ ਅਤੇ ਹੀਰ ਕਾਵਿ ਪਰੰਪਰਾ	ਪ੍ਰੋ. ਤ੍ਰਲੋਚਨ ਸਿੰਘ ਰੰਧਾਵਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ
(Culture)

Presented free of cost with compliments from
The Central Institute of Indian Languages
(Government of India), Mysore-570006.

DONATION

100069

ਬਲਬੀਰ ਸਿੰਘ ਪੂਨੀ
ਪੀਐਚ.ਡੀ.

पुस्तकालय
गुरुकुल कांगड़ी विश्वविद्यालय

ਵਾਰਿਸ ਸ਼ਾਹ ਫ਼ਾਉਂਡੇਸ਼ਨ
ਅੰਮ੍ਰਿਤਸਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

SABHIACHAR (Culture)
by
Dr. Balbir Singh Pooni

1994

ਮੁੱਲ : 75/-

ਪ੍ਰਕਾਸ਼ਕ
ਵਾਰਿਸ ਸ਼ਾਹ ਫਾਉਂਡੇਸ਼ਨ
42, ਤੇਗ਼ ਬਹਾਦਰ ਨਗਰ
ਡਾ. ਖਾਲਸਾ ਕਾਲਜ, ਅੰਮ੍ਰਿਤਸਰ - 143002

ਐਸਕਾਰਟ ਪ੍ਰਿੰਟਿੰਗ ਪ੍ਰੈਸ, ਨਜਦੀਕ ਖਾਲਸਾ ਕਾਲਜ, ਅੰਮ੍ਰਿਤਸਰ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ ਦੇ
ਅਧਿਐਨ ਵਿੱਚ ਜੁੱਟੇ
ਵਿਦਵਾਨਾਂ ਤੇ ਵਿਦਿਆਰਥੀਆਂ
ਦੇ ਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਏਸੇ ਕਲਮ ਤੋਂ

- ਲੋਕਧਾਰਾ
- ਸਭਿਆਚਾਰ
- ਪੰਜਾਬੀ ਲੋਕਧਾਰਾ ਅਤੇ ਸਭਿਆਚਾਰ
- ਕਿੱਸਾ ਕਾਵਿ : ਇਤਿਹਾਸਕ ਤੇ ਕਾਵਿ ਮੁੱਲਾਂਕਣ
- ਕਿੱਸਾ ਪਰੰਪਰਾ
- ਪੰਜਾਬੀ ਕਿੱਸਾ ਕਾਵਿ : ਸਰੂਪ ਤੇ ਵਿਕਾਸ
- ਪੰਜਾਬੀ ਕਿੱਸਾ ਕਾਵਿ ਦੀ ਅਧੋਗਤੀ
- ਕਹਾਣੀਕਾਰ ਸੰਤੋਖ ਸਿੰਘ ਧੀਰ
- ਨਵਤੇਜ ਦੀ ਕਹਾਣੀ ਕਲਾ
- ਦੁੱਗਲ ਦੀ ਗਲਪ ਚੇਤਨਾ
- ਜੰਗ ਸਿੰਘਾਂ ਤੇ ਅੰਗਰੇਜ਼ਾਂ (ਸ਼ਾਹ ਮੁਹੰਮਦ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤਤਕਰਾ

ਸਭਿਆਚਾਰ : ਸਿਧਾਂਤਕ ਪੱਖ 9

ਸਭਿਆਚਾਰ ਅਤੇ ਸੰਬੰਧਤ ਅਨੁਸ਼ਾਸ਼ਨ 27

ਪੰਜਾਬੀ ਸਭਿਆਚਾਰ 40

ਕੋਮਲ ਕਲਾਵਾਂ 79

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਡਾ. ਬਲਬੀਰ ਸਿੰਘ ਪੂਨੀ
ਐਸ.ਐਨ. ਕਾਲਜ
ਬੰਗਾ (ਜਲੰਧਰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ : ਸਿਧਾਂਤਕ ਪੱਖ

(ੳ) ਸਭਿਆਚਾਰ ਦੀ ਪਰਿਭਾਸ਼ਾ ਅਤੇ ਲੱਛਣ

ਅੰਗਰੇਜ਼ੀ ਸ਼ਬਦ 'ਕਲਚਰ' ਦਾ ਸਾਮਾਨਾਰਥਕ ਪੰਜਾਬੀ ਸ਼ਬਦ ਸਭਿਆਚਾਰ ਹੈ। ਹੈਨਰੀ ਆਰ. ਵਾਨ. ਟਿਲ[1] ਦੇ ਵਿਚਾਰ ਅਨੁਸਾਰ ਕਲਚਰ ਸ਼ਬਦ 'ਕਲਚਰ' ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ ਧਰਤੀ ਵਾਹੁਣਾ ਜਾਂ ਜੋਤਣਾ। ਲਾਤੀਨੀ ਭਾਸ਼ਾ ਵਿਚ ਕਲਚਰ ਦੇ ਮੁਕਾਬਲੇ ਦਾ ਸ਼ਬਦ 'ਕਲਚਰ' ਹੈ। ਇਹ ਲਾਤੀਨੀ ਸ਼ਬਦ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਆਇਆ, ਜਿਥੇ ਇਸ ਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਉਪਜਾਊ ਕਾਰਜ ਦੇ ਹਨ।[2] ਇਸ ਤਰ੍ਹਾਂ ਅੰਗਰੇਜ਼ੀ ਸ਼ਬਦ 'ਐਗਰੀ ਕਲਚਰ' ਵੀ ਲਾਤੀਨੀ ਸ਼ਬਦ ਤੋਂ ਹੈ। ਅਗਰ (ਖੇਤ) ਕਲਚਰ (ਜੋਤਨਾ) ਕਲਚਰ ਸ਼ਬਦ ਦਾ ਸੰਬੰਧ 'ਕਲਚਰ' ਨਾਲ ਵੀ ਜੋੜਿਆ ਜਾਂਦਾ ਹੈ।

ਸਭਿਆਚਾਰ ਦੀ ਪਰਿਭਾਸ਼ਾ ਵੱਖ ਵੱਖ ਵਿਦਵਾਨਾਂ ਨੇ ਵੱਖੋ ਵੱਖ ਦਿੱਤੀ ਹੈ। ਠੀਕ ਪਰਿਭਾਸ਼ਾ ਦੇਣ ਦੇ ਰਸਤੇ ਵਿਚ ਬਹੁਤ ਸਾਰੀਆਂ ਰੁਕਾਵਟਾਂ ਹਨ। ਗੁਰਬਖ਼ਸ਼ ਸਿੰਘ ਫ਼ਰੈਂਕ ਇਨ੍ਹਾਂ ਔਕੜਾਂ ਦਾ ਵਰਣਨ ਕਰਦੇ ਲਿਖਦੇ ਹਨ ਕਿ ਪਹਿਲੀ ਔਕੜ ਇਹ ਹੈ ਕਿ ਇਸ ਦੀ ਦਿੱਤੀ ਗਈ ਹਰ ਪਰਿਭਾਸ਼ਾ ਇਸ ਦੇ ਵੱਖ ਵੱਖ ਅਰਥਾਂ ਨੂੰ ਉਘਾੜਦੀ ਹੈ। ਸੋ ਬਹੁ ਅਰਥਕਤਾ ਵੱਡੀ ਔਕੜ ਹੈ। ਦੂਜੀ ਵੱਡੀ ਔਕੜ ਇਸ ਦਾ ਵਿਸ਼ਾਲ ਵਿਸ਼ੈ ਖੇਤਰ ਹੈ। ਇਹ ਮਨੁੱਖੀ ਸਮਾਜ ਜਿੰਨਾ ਹੀ ਸਰਬ-ਵਿਆਪਕ ਹੈ। ਇਸ ਲਈ ਇਹ ਕਿਸੇ ਚੀਜ਼ ਵਲ ਸੰਕੇਤ ਨਹੀਂ ਕਰਦਾ, ਸਗੋਂ ਇਸ ਵਿਚ ਨਿਸਚਿਤ ਠੋਸ ਪਦਾਰਥਾਂ ਅਤੇ ਸਮਾਜਿਕ ਵਰਤਾਰਿਆਂ ਤੋਂ ਲੈ ਕੇ ਨਿਰੋਲ ਭਾਵ ਵਾਚਕ ਸੰਕਲਪਾਂ ਤਕ ਕਈ ਕੁਝ ਆ ਜਾਂਦਾ ਹੈ, ਜੋ ਕੁਝ ਵੈਸੇ ਵੀ ਵੱਖ ਵੱਖ ਵਿਚਾਰਧਾਰਕ ਪ੍ਰਣਾਲੀਆਂ ਅਨੁਸਾਰ ਵੱਖ ਵੱਖ ਅਰਥ ਵਸਤੂ ਦਾ ਸੂਚਕ ਹੁੰਦਾ ਹੈ। ਤੀਜੀ ਕਠਿਨਾਈ ਇਹ ਹੈ ਕਿ ਸਭਿਆਚਾਰ ਦਾ ਅਧਿਐਨ ਵੱਖ ਵੱਖ ਸਮਾਜਿਕ ਵਿਗਿਆਨਾਂ ਜਿਵੇਂ ਮਾਨਵ ਵਿਗਿਆਨ, ਸਮਾਜ ਵਿਗਿਆਨ ਅਤੇ ਮਨੋਵਿਗਿਆਨ ਵਿਚ ਕੀਤਾ ਜਾਂਦਾ ਹੈ। ਤਿੰਨਾਂ ਦੇ ਅਧਿਐਨ ਦੇ ਵੱਖੋ ਵੱਖ ਸੰਦ ਹਨ।[3] ਇਸ ਤਰ੍ਹਾਂ ਕਿਸੇ ਇਕ ਪਰਿਭਾਸ਼ਾ ਨੂੰ ਸਭਿਆਚਾਰ ਦੀ ਸਹੀ ਪਰਿਭਾਸ਼ਾ ਕਹਿਣਾ ਕਠਿਨ ਹੈ। ਇਥੇ ਅਸੀਂ ਕੁਝ ਵਿਦਵਾਨਾਂ ਦੀਆਂ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਦਾ ਵਰਣਨ ਕਰਦੇ ਹਾਂ।

ਪ੍ਰਸਿੱਧ ਮਾਨਵ ਵਿਗਿਆਨੀ ਈ.ਬੀ. ਟਾਈਲਰ ਦੀ ਸਭ ਤੋਂ ਪਹਿਲੀ ਸਭਿਆਚਾਰ ਦੀ ਪਰਿਭਾਸ਼ਾ ਮੰਨੀ ਜਾਂਦੀ ਹੈ। ਉਸ ਅਨੁਸਾਰ ਸਭਿਆਚਾਰ ਇਕ ਅਜੇਹੀ ਜਟਿਲ ਇਕਾਈ ਹੈ ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ ਰਿਵਾਜ ਅਤੇ ਹੋਰ ਕੋਈ ਵੀ ਯੋਗਤਾਵਾਂ ਤੇ ਆਦਤਾਂ, ਜੋ ਮਨੁੱਖ ਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮਾਜ ਦਾ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕੀਤੀਆਂ ਹੋਣ, ਸ਼ਾਮਿਲ ਹਨ।[4] ਇਸ ਪਰਿਭਾਸ਼ਾ ਵਿਚ ਕੁਝ ਮੁੱਖ ਚੀਜ਼ਾਂ ਜੋ ਸਭਿਆਚਾਰ ਵਿਚ ਆਉਂਦੀਆ ਹਨ ਦਾ ਵਰਣਨ ਹੈ ਜਿਵੇਂ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ ਰਿਵਾਜ ਆਦਿ। ਇਸ ਵਿਚ ਇਹ ਗੱਲ ਵੀ ਸਪਸ਼ਟ ਹੈ ਕਿ ਸਭਿਆਚਾਰ ਗ੍ਰਹਿਣ ਕੀਤਾ ਜਾਂਦਾ ਹੈ ਨਾ ਕਿ ਵਿਰਸੇ ਵਿਚ ਮਿਲਦਾ ਹੈ। ਪਰ ਫਿਰ ਵੀ ਬਹੁਤ ਚੀਜ਼ਾਂ ਇਸ ਪਰਿਭਾਸ਼ਾ ਤੋਂ ਬਾਹਰ ਰਹਿ ਗਈਆਂ ਹਨ ਜਿਨ੍ਹਾਂ ਨੂੰ ਪਿਛਲੇਰੇ ਸਮਾਜ ਤੇ ਮਾਨਵ ਵਿਗਿਆਨੀਆਂ ਨੇ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ।

ਐਨਸਾਈਕਲੋਪੀਡੀਆ ਅਮੇਰੀਕਾਨਾ ਅਨੁਸਾਰ, ''ਸਾਰੇ ਮਾਨਵ ਵਿਗਿਆਨੀ ਮੰਨਦੇ ਹਨ ਕਿ ਸਭਿਆਚਾਰ ਵਿਰਸੇ ਤੋਂ ਪ੍ਰਾਪਤ ਸੁਭਾਅ ਦੇ ਸਾਂਝੇ ਤੇ ਆਦਿਮ ਪ੍ਰਵਿਰਤੀਆਂ ਤੋਂ ਉਲਟ ਵਤੀਰੇ ਦੇ ਢੰਗ ਨੂੰ ਲਿਖਣ ਤੇ ਗ੍ਰਹਿਣ ਕਰਨ ਨਾਲ ਹੀ ਬਣਦਾ ਹੈ।''[5]

ਪ੍ਰਸਿੱਧ ਮਾਨਵ-ਵਿਗਿਆਨੀ ਬਰਾਨੀਸਲਾਵ ਮੈਲਿਨੋਵਸਕੀ ਨੇ ਸਭਿਆਚਾਰ ਦੀ ਪਰਿਭਾਸ਼ਾ ਕਰਦੇ ਲਿਖਿਆ ਹੈ ਕਿ ਸਭਿਆਚਾਰ ਉਹ ਜੰਤਰ ਹੈ, ਜਿਸ ਰਾਹੀਂ ਮਨੁੱਖ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਭੁੱਖ, ਪਿਆਸ, ਸੁਰੱਖਿਆ ਅਤੇ ਕਾਮ ਤ੍ਰਿਪਤੀ, ਉਹ ਪ੍ਰਾਥਮਿਕ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਉਪਰੰਤ ਗੌਣ ਲੋੜਾਂ ਉਤਪੰਨ ਹੁੰਦੀਆਂ ਹਨ। ਇਹ ਲੋੜਾਂ ਸਰਵ ਵਿਆਪਕ ਹਨ, ਇਸ ਲਈ ਸਭਿਆਚਾਰ ਵੀ ਸਰਵ-ਵਿਆਪਕ ਹਨ। ਇਨ੍ਹਾਂ ਲੋੜਾਂ ਦੀ ਪੂਰਤੀ ਦੇ ਦੌਰਾਨ ਹੀ ਸੰਸਥਾਵਾਂ ਦਾ ਜਨਮ ਹੁੰਦਾ ਹੈ, ਜਿਨ੍ਹਾਂ ਰਾਹੀਂ ਮਨੁੱਖੀ ਵਿਵਹਾਰ ਦੇ ਆਦਰਸ਼ਕ ਮਾਪਦੰਡ ਨਿਰਧਾਰਿਤ ਹੁੰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਾਥਮਿਕ ਅਤੇ ਗੌਣ ਲੋੜਾਂ ਦੀ ਤ੍ਰਿਪਤੀ ਦੇ ਯਤਨ ਵਿਚੋਂ ਨਿਰਮਿਤ ਸੰਸਥਾਵਾਂ ਦੀ ਪਰਸਪਰ-ਸੰਬੰਧ ਪ੍ਰਣਾਲੀ ਹੀ ਸਭਿਆਚਾਰ ਹੈ।[6] ਇਸ ਪਰਿਭਾਸ਼ਾ ਵਿਚ ਮਨੁੱਖੀ ਲੋੜਾਂ ਦੀ ਮਹੱਤਾ ਨੂੰ ਦਰਸਾਇਆ ਗਿਆ ਹੈ। ਪਰ ਮਨੁੱਖ ਦੀਆਂ ਸਿਰਜਣਾਤਮਕ ਸੰਭਾਵਨਾਵਾਂ ਨੂੰ ਨਜ਼ਰ ਅੰਦਾਜ਼ ਕੀਤਾ ਹੈ।

ਬਹੁਤ ਸਾਰੇ ਵਿਅਕਤੀਆਂ ਵਲੋਂ ਸਭਿਆਚਾਰ ਦੀ ਪਰਿਭਾਸ਼ਾ ਦਿੱਤੀ ਗਈ ਹੈ। ਇਸ ਸੰਬੰਧੀ ਵਿਚ ਕਰੋਬਰ ਅਤੇ ਕਲੱਕਹੋਨ ਦੋ ਅਮਰੀਕੀ ਮਾਨਵ ਵਿਗਿਆਨੀਆਂ ਨੇ 1952 ਵਿਚ ਲਗਭਗ 160 ਪਰਿਭਾਸ਼ਾਵਾਂ ਦੀ ਇਤਿਹਾਸਕ ਅਤੇ ਆਲੋਚਨਾਤਮਿਕ ਪੁਣ ਛਾਣ ਕੀਤੀ ਸੀ। ਉਸ ਪਿੱਛੋਂ ਉਨ੍ਹਾਂ ਨੇ ਸਭਿਆਚਾਰ ਦੀ ਸਰਵ ਪਰਪੱਕ ਪਰਿਭਾਸ਼ਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਅਨੁਸਾਰ, ''ਸਭਿਆਚਾਰ ਵਿਚ ਵਿਹਾਰ ਦੇ ਅਤੇ ਵਿਹਾਰ ਲਈ ਪ੍ਰਤੱਖ ਅਤੇ ਪ੍ਰੋਖ ਪੈਟਰਨ ਆ ਜਾਂਦੇ ਹਨ ਜਿਹੜੇ ਪ੍ਰਤੀਕਾਂ ਰਾਹੀਂ ਗ੍ਰਹਿਣ ਕੀਤੇ ਜਾਂਦੇ ਅਤੇ ਦੂਜਿਆਂ ਤਕ ਪੁਚਾਏ ਜਾਂਦੇ ਹਨ। ਇਹ ਪੈਟਰਨ ਮਨੁੱਖੀ ਸਮੂਹਾਂ ਦੀ ਵਿਲੱਖਣ ਪ੍ਰਾਪਤੀ ਹੁੰਦੇ ਹਨ, ਅਤੇ ਇਹਨਾਂ ਵਿਚ ਮਨੁੱਖ-ਸਿਰਜੀਆਂ ਵਸਤਾਂ ਵੀ ਆ ਜਾਂਦੀਆਂ ਹਨ, ਜਿਹੜੀਆਂ ਉਹਨਾਂ ਨੂੰ ਸਾਕਾਰ ਕਰਦੀਆਂ ਹਨ।''[7] ਗੁਰਬਖ਼ਸ਼ ਸਿੰਘ ਫਰੈਕ[8] ਉਪਰੋਕਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਰਿਭਾਸ਼ਾ ਦਾ ਵਿਸ਼ਲੇਸ਼ਣ ਕਰਦੇ ਲਿਖਦੇ ਹਨ ਕਿ ਇਸ ਪਰਿਭਾਸ਼ਾ ਵਿਚ ਪੈਟਰਨ, ਪ੍ਰਤੀਕ, ਪਦਾਰਥਕ ਵਸਤਾਂ ਦੀ ਗੱਲ ਕੀਤੀ ਗਈ ਹੈ। ਇਹ ਤਿੰਨੇ ਹੀ ਮਹੱਤਵ ਪੂਰਨ ਪਾਸਾਰ ਹਨ, ਜੋ ਇਹ ਪਰਿਭਾਸ਼ਾ ਸਭਿਆਚਾਰ ਵਿਚ ਲੈ ਆਉਂਦੀ ਹੈ। ਉਹ ਕਰੌਬਰ ਅਤੇ ਕੱਲਕਹੋਨ ਦੀ ਪਰਿਭਾਸ਼ਾ ਦੇ ਅਗਲੇ ਹਿੱਸੇ ਦਾ ਵਰਨਣ ਕਰਦੇ ਲਿਖਦੇ ਹਨ ਕਿ ਇਸ ਪਰਿਭਾਸ਼ਾ ਦੇ ਵਿਸਥਾਰ ਵਿਚ ਇਕ ਹੋਰ ਨਵਾਂ ਅੰਸ਼ ਸਾਹਮਣੇ ਆਉਂਦਾ ਹੈ। ਉਹ ਹੈ 'ਕਦਰਾਂ-ਕੀਮਤਾਂ' ਦਾ ਜ਼ਿਕਰ, 'ਕਦਰਾਂ ਕੀਮਤਾਂ', ਕਿਸੇ ਵਿਅਕਤੀ ਦੀ ਆਤਮ-ਪਰਖ ਪਹੁੰਚ ਨੂੰ ਪੇਸ਼ ਨਹੀਂ ਕਰਦੀਆਂ ਸਗੋਂ ਇਹ ਸਮਾਜਕ ਵਰਤਾਰਾ ਹੁੰਦੀਆਂ ਹਨ। ਇਹ ਪਦਾਰਥਕ ਅਤੇ ਗੈਰ ਪਦਾਰਥਕ ਦੋਹਾਂ ਤਰ੍ਹਾਂ ਦੀਆਂ ਹੁੰਦੀਆਂ ਹਨ।' ਗੁਰਬਖ਼ਸ਼ ਸਿੰਘ ਫ਼ਰੈਕ ਉਪਰੋਕਤ ਵਿਸ਼ਲੇਸ਼ਣ ਤੋਂ ਬਾਅਦ ਇਸ ਨਤੀਜੇ ਤੇ ਪਹੁੰਚਦੇ ਹੋਏ ਸਭਿਆਚਾਰ ਦੀ ਪਰਿਭਾਸ਼ਾ ਕਰਦੇ ਲਿਖਦੇ ਹਨ, "ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸਚਿਤ ਇਤਿਹਾਸਕ ਪੜਾਅ ਉਤੇ ਪ੍ਰਚਲਿਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਲ ਹੁੰਦੇ ਹਨ।"[9]

ਉਪਰੋਕਤ ਪਰਿਭਾਸ਼ਾਵਾਂ ਦੇ ਸਮੁੱਚੇ ਵਿਸ਼ਲੇਸ਼ਣ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਸਭਿਆਚਾਰ ਕਿਸੇ ਕੌਮ ਦਾ ਜੀਵਨ ਢੰਗ ਹੁੰਦਾ ਹੈ। ਇਸ ਦਾ ਵਿਸ਼ੈ ਖੇਤਰ ਬੜਾ ਵਿਸ਼ਾਲ ਹੈ। ਇਸ ਵਿਚ ਸਾਡੀ ਭਾਸ਼ਾ, ਲਿਖਣ ਢੰਗ, ਖਾਣ ਪੀਣ, ਪਹਿਨ ਪਹਿਰਾਵਾ, ਧੰਦੇ, ਕਲਾ, ਚਿੱਤਰਕਾਰੀ, ਸੰਗੀਤ ਆਦਿ ਆ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾਂ ਇਸ ਵਿਚ ਮਿਥਿਹਾਸ ਆਦਿ ਧਾਰਮਿਕ ਰਵਾਇਤਾਂ, ਪਰਿਵਾਰਕ ਤੇ ਸਮਾਜਕ ਪ੍ਰਬੰਧ ਵੀ ਸ਼ਾਮਲ ਕੀਤੇ ਜਾਂਦੇ ਹਨ।

ਸਭਿਆਚਾਰ ਦੇ ਲੱਛਣ

ਹਰ ਵਿਗਿਆਨੀ ਦੁਆਰਾ ਸਭਿਆਚਾਰ ਦੀ ਕੀਤੀ ਵੱਖ ਵੱਖ ਪਰਿਭਾਸ਼ਾ ਤੋਂ ਇਸ ਦੇ ਵੱਖੋ ਵੱਖਰੇ ਲਛਣ ਦਸੇ ਜਾ ਸਕਦੇ ਹਨ। ਪਰ ਇਸ ਵੱਖਰਤਾ ਹੁੰਦੇ ਹੋਏ ਵੀ ਇਸ ਦੇ ਕੁਝ ਅਜੇਹੇ ਲੱਛਣ ਹਨ ਜੋ ਸਰਵ ਪ੍ਰਵਾਨਿਤ ਹਨ। ਉਨ੍ਹਾਂ ਵਿਚੋਂ ਕੁਝ ਇਕ ਦਾ ਵਰਣਨ ਕਰਦੇ ਹਾਂ।

1. ਸਭਿਆਚਾਰ ਇਕ ਪ੍ਰਬੰਧ

ਸਭਿਆਚਾਰ ਨੂੰ ਇਕ ਜਟਿੱਲ ਅਤੇ ਇਕ ਜੁੱਟ ਪ੍ਰਬੰਧ ਕਿਹਾ ਗਿਆ ਹੈ। ਸਭਿਆਚਾਰ ਇਕ ਅਜਿਹਾ ਪ੍ਰਬੰਧ ਹੈ ਜਿਹੜਾ ਵਿੰਭਿੰਨ ਭਾਗਾਂ ਨੂੰ ਮਿਲਕੇ ਬਣਿਆਂ ਹੈ। ਇਹ ਸਾਰੇ ਭਾਗ ਆਪਸ ਵਿਚ ਇਸ ਤਰ੍ਹਾਂ ਸੰਗਠਿਤ ਹੁੰਦੇ ਹਨ ਕਿ ਇਕ ਤੇ ਨਿਰੰਤਰ ਬਦਲਦਾ ਜੀਵੰਤ ਸਰੂਪ ਰੱਖਦੇ ਹਨ। ਕਿਸੇ ਵੀ ਇਕ ਅੰਗ, ਪੱਖ ਜਾਂ ਰੂਪ ਵਿਚ ਆਇਆ ਪਰਿਵਰਤਨ ਸਮੁੱਚੇ ਸਭਿਆਚਾਰਕ ਪ੍ਰਬੰਧ ਵਿਚ ਵਿਸ਼ੇਸ਼ ਪ੍ਰਕਾਰ ਦਾ ਪਰਿਵਰਤਨ ਲਿਆਉਂਦਾ ਹੈ। ਵਿਲੀਅਮ ਐਫ. ਔਗਬਰਨ[10] ਲਿਖਦਾ ਹੈ ਕਿ ਸਭਿਆਚਾਰ ਦੇ ਸਾਰੇ ਅੰਗ ਇਕ ਜੰਜੀਰ ਦੀਆਂ ਕੜੀਆਂ ਵਾਂਗ ਸਾਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਢੰਗ ਨਾਲ ਆਪਸ ਵਿਚ ਸੰਬੰਧਿਤ ਨਹੀਂ ਹੁੰਦੇ ਸਗੋਂ ਇਕ ਮਸ਼ੀਨ ਦੇ ਪੁਰਜ਼ਿਆਂ ਵਾਂਗ ਸਾਦਾ ਢੰਗ ਨਾਲ ਆਪਸ ਵਿਚ ਜੁੜੇ ਹੁੰਦੇ ਹਨ। ਜਦੋਂ ਇਕ ਅੰਗ ਜਾਂ ਪੁਰਜ਼ਾ ਬਦਲਦਾ ਹੈ ਤਾਂ ਦੂਸਰੇ ਪੁਰਜ਼ੇ ਵੀ ਆਪਣੇ ਆਪ ਵੱਧ ਜਾਂ ਘਟ ਪ੍ਰਭਾਵਿਤ ਹੋ ਜਾਂਦੇ ਹਨ। ਵਿਲੀਅਮ ਐਫ.ਔਗਬਰਨ ਨੇ ਸਭਿਆਚਾਰ ਦੇ ਅੰਗਾਂ ਨੂੰ ਮਸ਼ੀਨੀ ਪੁਰਜ਼ਿਆਂ ਵਾਂਗ ਦੱਸ ਕੇ ਸਭਿਆਚਾਰ ਦੇ ਨਿਰੰਤਰ ਗਤੀਸ਼ੀਲ ਜੀਵੰਤ ਸਰੂਪ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਹੈ। ਮਸ਼ੀਨ ਦੇ ਕਿਸੇ ਪੁਰਜ਼ੇ ਨੂੰ ਬਦਲਣ ਨਾਲ ਮਸ਼ੀਨ ਵਾਸਤਵਿਕ ਢੰਗ ਨਾਲ ਕੰਮ ਕਰਦੀ ਰਹਿੰਦੀ ਹੈ। ਪਰ ਸਭਿਆਚਾਰ ਦਾ ਇਕ ਅੰਗ ਆਪਣੇ ਆਪ ਵਿਚ ਬਦਲਦਾ ਹੋਇਆ ਵੀ ਦੂਸਰੇ ਅਨੇਕਾਂ ਅੰਗਾਂ ਉਤੇ ਪ੍ਰਭਾਵ ਪਾਉਂਦਾ ਹੈ। ਹਰ ਸਭਿਆਚਾਰ ਵਿਚ ਕਦਰਾਂ ਕੀਮਤਾਂ, ਪ੍ਰਤਿਮਾਨ, ਪੈਟਰਨ ਇਸ ਦੇ ਸਮੁੱਚੇ ਪ੍ਰਬੰਧ ਦੇ ਵੱਖ ਵੱਖ ਅੰਗ ਹਨ ਜੋ ਸਭਿਆਚਾਰ ਨੂੰ ਸੰਗਠਿਤ, ਨਿਸ਼ਚਿਤ ਅਤੇ ਇਕ ਰੂਪ ਪ੍ਰਬੰਧ ਵਜੋਂ ਉਸਾਰਦੇ ਹਨ।

2. ਸਭਿਆਚਾਰ ਗ੍ਰਹਿਣ ਕੀਤਾ ਜਾਂਦਾ ਹੈ

ਸਭਿਆਚਾਰ ਮਨੁੱਖ ਦਾ ਸਮਾਜਕ ਵਿਰਸਾ ਹੈ, ਜੀਵ-ਵਿਗਿਆਨਕ ਵਿਰਸਾ ਨਹੀਂ ਹੈ। ਸਭਿਆਚਾਰ ਨੂੰ ਜਮਾਂਦਰੂ ਜਾਂ ਵਿਰਾਸਤ ਵਾਂਗ ਹੀ ਗ੍ਰਹਿਣ ਨਹੀਂ ਕੀਤਾ ਜਾਂਦਾ ਸਗੋਂ ਇਸ ਨੂੰ ਅਭਿਆਸ ਰਾਹੀਂ ਸਿੱਖਿਆ ਜਾਂਦਾ ਹੈ। ਪਸ਼ੂ ਮੂਲ ਪ੍ਰਵਿਰਤੀਆਂ ਲੈ ਕੇ ਜੰਮਦੇ ਹਨ ਜਦੋਂ ਕਿ ਮਨੁੱਖ ਮੂਲ ਪ੍ਰਵਿਰਤੀਆਂ ਲੈ ਕੇ ਨਹੀਂ ਜੰਮਦੇ ਹਨ। ਜੇਕਰ ਇਕ ਬਿੱਲੀ ਦੇ ਬੱਚੇ ਨੂੰ ਇਕ ਕੁੱਤੀ ਪਾਲੇ ਤਾਂ ਬਲੂੰਗੜਾ ਮਿਆਊਂ ਹੀ ਕਰੇਗਾ ਭੌਂਕੇਗਾ ਨਹੀਂ। ਇਸ ਦੇ ਉਲਟ ਜੇ ਇਕ ਮਨੁੱਖੀ ਬੱਚੇ ਨੂੰ ਜਨਮ ਤੋਂ ਹੀ ਪਸ਼ੂਆਂ ਵਿਚ ਛੱਡ ਦਿੱਤਾ ਜਾਵੇ ਤਾਂ ਉਹ ਉਨ੍ਹਾਂ ਵਾਂਗ ਹੀ ਟੱਪੇ ਅਤੇ ਰੋਵੇਗਾ। ਠੀਕ ਇਸੇ ਤਰ੍ਹਾਂ ਜੇਕਰ ਇਕ ਜੰਮਦੇ ਬੱਚੇ ਨੂੰ ਕਿਸੇ ਹੋਰ ਸਭਿਆਚਾਰ ਵਿਚ ਪਾ ਲਿਆ ਜਾਵੇ ਤਾਂ ਉਹ ਨਵੇਂ ਸਭਿਆਚਾਰ ਨੂੰ ਗ੍ਰਹਿਣ ਹੀ ਕਰੇਗਾ ਮਨੁੱਖ ਦੀ ਹਰ ਨਵੀਂ ਪੁਸ਼ਤ ਨੂੰ ਆਪਣਾ ਸਭਿਆਚਾਰ ਨਵੇਂ ਸਿਰੇ ਤੋਂ ਸਿੱਖਣਾ ਪੈਂਦਾ ਹੈ। ਹਰ ਨਵੀਂ ਪੀੜ੍ਹੀ ਪਿਛਲੀ ਪੀੜ੍ਹੀ ਤੋਂ ਸਭਿਆਚਾਰ ਪ੍ਰਾਪਤ ਕਰਦੀ ਹੈ, ਇਸ ਨੂੰ ਆਪਣੀਆਂ ਬਦਲੀਆਂ ਹਾਲਤਾਂ ਅਨੁਸਾਰ ਢਾਲਕੇ ਗ੍ਰਹਿਣ ਕਰਦੀ ਹੈ। ਇਸ ਵਿਚੋਂ ਕੁਝ ਗ੍ਰਹਿਣ ਕਰ ਲਿਆ ਅਤੇ ਕੁਝ ਛੱਡ ਦਿੱਤਾ ਜਾਂਦਾ ਹੈ।

3. ਸਭਿਆਚਾਰ ਪਰਿਵਰਤਨਸ਼ੀਲ

ਪਰਿਵਰਤਨ ਕੁਦਰਤ ਦਾ ਨਿਯਮ ਹੈ। ਕੁਦਰਤ ਅੰਦਰਲੀ ਹਰ ਸ਼ੈਅ ਨਿਰੰਤਰ ਗਤੀ ਦੇ ਅਮਲ ਵਿਚੋਂ ਲੰਘ ਰਹੀ ਹੈ। ਹਰ ਚੀਜ਼ ਜੋ ਹੋਂਦ ਵਿਚ ਆਉਂਦੀ ਹੈ, ਵਿਕਾਸ ਕਰਨ ਮਗਰੋਂ ਬਿਨਸ ਜਾਂਦੀ ਹੈ। ਕੋਈ ਵੀ ਸਮਾਜ ਸਭਿਆਚਾਰ ਤੋਂ ਸੱਖਣਾ ਨਹੀਂ ਹੁੰਦਾ ਹੈ ਅਤੇ ਹਰ ਸਮਾਜ ਜਿਹੜਾ ਸਭਿਆਚਾਰ ਰੱਖਦਾ ਹੈ ਨਿਰੰਤਰ ਪਰਿਵਰਤਨ ਦੇ ਅਮਲ ਵਿਚੋ ਲੰਘ ਰਿਹਾ ਹੁੰਦਾ ਹੈ। ਵੱਖੋ ਵੱਖ ਸਮਾਜਾਂ ਦੇ ਸਭਿਆਚਾਰਾਂ ਵਿਚ ਪਰਿਵਰਤਨ ਦੀ ਇਹ ਗਤੀ ਭਿੰਨ ਭਿੰਨ ਹੁੰਦੀ ਹੈ। ਸਭਿਆਚਾਰਕ ਪਰਿਵਰਤਨ ਦੇ ਅੰਦਰੂਨੀ ਬਾਹਰੀ, ਸੂਖ਼ਮ, ਸਥੂਲ ਅਨੇਕਾਂ ਕਾਰਨ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਸਕਦੇ ਹਨ। ਸਭਿਆਚਾਰਕ ਵਿਕਾਸ ਪਦਾਰਥਕ, ਸਮਾਜਿਕ ਅਤੇ ਇਤਿਹਾਸਕ ਪਰਿਸਥਿਤੀਆਂ ਅਨੁਸਾਰ ਸ਼ਮਾਜਕ ਵੇਗ ਦੇ ਨਿਯਮਾਂ ਅਨੁਸਾਰ ਹੁੰਦਾ ਰਹਿੰਦਾ ਹੈ।

ਜਦੋਂ ਕੁਦਰਤੀ ਚੌਗਿਰਦੇ ਵਿਚ ਤਬਦੀਲੀ ਆਉਂਦੀ ਹੈ, ਤਾਂ ਮਨੁੱਖ ਆਪਣੇ ਆਪ ਨੂੰ ਉਸਦੇ ਅਨੁਕੂਲ ਢਾਲਣ ਲਈ ਜੂਝਦਾ ਹੈ। ਮਨੁੱਖ ਇਸ ਨਵੀਂ ਤਬਦੀਲੀ ਅਨੁਸਾਰ ਆਪਣੇ ਆਪ ਨੂੰ ਢਾਲਣ ਲਈ ਨਵੀਆਂ ਕਾਢਾਂ ਕੱਢਦਾ ਹੈ। ਇਹ ਕਾਢ ਜਾਂ ਲੱਭਤ ਹੀ ਸਭਿਆਚਾਰਕ ਪਰਿਵਰਤਨ ਦਾ ਕਾਰਨ ਬਣਦੀ ਹੈ। ਇਹ ਅਮਲ ਲਗਾਤਾਰ ਚਲਦਾ ਰਹਿੰਦਾ ਹੈ ਜਿਸ ਕਾਰਨ ਹਰ ਸਭਿਆਚਾਰ ਵਿਚ ਤਾਜ਼ਗੀ, ਸੱਜਰਾਪਣ ਅਤੇ ਵਿਕਾਸਸ਼ੀਲਤਾ ਦੇ ਅੰਸ਼ ਬਣੇ ਰਹਿੰਦੇ ਹਨ।

4. ਸਭਿਆਚਾਰ ਸਰਵ ਵਿਆਪਕ ਹੈ

ਸਭਿਆਚਾਰ ਮਨੁੱਖੀ ਸਮਾਜ ਦਾ ਸਰਬ ਵਿਆਪਕ ਵਰਤਾਰਾ ਹੈ। ਜਿਥੇ ਮਨੁੱਖੀ ਸਮਾਜ ਹੋਵੇਗਾ ਉਥੇ ਸਭਿਆਚਾਰ ਵੀ ਹੋਵੇਗਾ। ਜਦੋਂ ਸੰਸਾਰ ਦੇ ਸਭਿਆਚਾਰ ਵਸਤੂ ਮੂਲਕ ਦ੍ਰਿਸ਼ਟੀ ਤੋਂ ਪਰਖੇ ਜਾਂਦੇ ਹਨ ਤਾਂ ਉਨ੍ਹਾਂ ਵਿਚ ਬਹੁਤ ਸਾਰੇ ਪੱਖਾਂ ਤੋਂ ਸਮਾਨਤਾ ਹੁੰਦੀ ਹੈ। ਹਰ ਸਭਿਆਚਾਰ ਦੇ ਕੁਝ ਮੁਖ ਅੰਗ ਸਾਂਝੇ ਹੁੰਦੇ ਹਨ। ਜਿਵੇਂ ਭਾਸ਼ਾ, ਲੋਕਧਾਰਾ, ਧਰਮ, ਦਰਸ਼ਨ, ਸ਼ਿਲਪ ਕਲਾ ਆਦਿ। ਇਹ ਹਰ ਸਭਿਆਚਾਰ ਵਿਚ ਹੁੰਦੇ ਹਨ। ਪਰ ਸਭਿਆਚਾਰ ਸਰਵ ਵਿਆਪਕ ਹੋਣ ਦੇ ਬਾਵਜੂਦ, ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਹੋਂਦ ਅਤੇ ਪਛਾਣ ਹੁੰਦੀ ਹੈ। ਸਮੇਂ ਦੀ ਤਬਦੀਲੀ ਨਾਲ ਇਹ ਫ਼ਰਕ ਵਧਦੇ ਜਾਂਦੇ ਹਨ। ਇਸ ਦੇ ਹੋਰ ਕਾਰਨ ਭੂਗੋਲਿਕ ਅਤੇ ਇਤਿਹਾਸਕ ਵੀ ਹੁੰਦੇ ਹਨ। ਇਸੇ ਕਾਰਨ ਦੋ ਸਭਿਆਚਾਰਾਂ ਦੀ ਲੋਕਧਾਰਾ, ਰਿਸ਼ਤੇ ਨਾਤੇ, ਪਰਿਵਾਰ, ਭਾਸ਼ਾ, ਫ਼ਿਲਾਸਫ਼ੀ ਆਦਿ ਇਕ ਨਹੀਂ ਹੁੰਦੇ ਹਨ ਸਗੋਂ ਵੱਖ ਵੱਖ ਹੁੰਦੇ ਹਨ। ਇਨ੍ਹਾਂ ਸਭਿਆਚਾਰਾਂ ਦੇ ਪਰਿਵਰਤਨ ਅਤੇ ਵਿਕਾਸ ਦੀ ਗਤੀ ਵੀ ਭਿੰਨ ਭਿੰਨ ਹੁੰਦੀ ਹੈ।

5. ਮਨੁੱਖੀ ਲੋੜਾਂ ਦੀ ਪੂਰਤੀ

ਸਭਿਆਚਾਰ ਦੀ ਇਕ ਵਿਲੱਖਣਤਾ ਮਨੁੱਖੀ ਲੋੜਾਂ ਨੂੰ ਪੂਰੀਆਂ ਕਰਨ ਹਿੱਤ ਦੀ ਹੈ। ਹਰੇਕ ਮਨੁੱਖੀ ਸਿਰਜਣਾ ਦਾ ਕੋਈ ਮਨੋਰਥ ਹੁੰਦਾ ਹੈ ਜੋ ਉਸ ਦੀ ਕਿਸੇ ਨਾ ਕਿਸੇ ਲੋੜ ਨੂੰ ਪੂਰਾ ਕਰਨ ਲਈ ਸਿਰਜੀ ਜਾਂਦੀ ਹੈ। ਮੈਲਿਨੋਵਸਕੀ ਨੇ ਸਭਿਆਚਾਰ ਨੂੰ ਮਨੁੱਖ ਦੀ ਪ੍ਰਾਥਮਿਕ ਅਤੇ ਗੌਣ ਲੋੜਾਂ ਦੀ ਸੰਤੁਸ਼ਟੀ ਕਰਨ ਦੀ ਮੁੱਢਲੀ ਸ਼ਰਤ ਵਜੋਂ ਦਰਸਾਇਆ ਹੈ।[11]

ਹਰ ਸਭਿਆਚਾਰਕ ਸਿਰਜਣਾ ਕਿਸੇ ਪੱਧਰ ਤੇ ਮਾਨਵੀ ਲੋੜਾਂ ਦੀ ਉਪਜ ਹੈ। ਪਰ ਮਨੁੱਖ ਦੀ ਦੂਜੇ ਜੀਵਾਂ ਨਾਲੋਂ ਵਿਲੱਖਣਤਾ ਇਹ ਹੈ ਕਿ ਇਹ ਕੇਵਲ ਆਪਣੀਆਂ ਲੋੜਾਂ ਲਈ ਹੀ ਸਿਰਜਣਾ ਨਹੀਂ ਕਰਦਾ ਸਗੋਂ ਆਪਣੀਆਂ ਵਿਸ਼ਾਲ ਮਨੁੱਖੀ ਸੰਭਾਵਨਾਵਾਂ ਦਾ ਪ੍ਰਯੋਗ ਕਰਦਾ ਹੋਇਆ ਨਵੀਆਂ ਸਿਰਜਣਾਵਾਂ ਵੀ ਕਰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

6. ਸਭਿਆਚਾਰ ਮਨੁੱਖੀ ਸਮਾਜ ਦਾ ਵਰਤਾਰਾ

ਸਭਿਆਚਾਰ ਦੀ ਸਿਰਜਣਾ ਨਿਰੋਲ ਮਨੁੱਖੀ ਵਰਤਾਰਾ ਹੈ। ਪਰ ਇਹ ਕਿਸੇ ਇਕੱਲੇ ਵਿਅਕਤੀ ਦਾ ਕੰਮ ਨਹੀਂ ਹੈ ਸਗੋਂ ਸਭਿਆਚਾਰ ਮਨੁੱਖ ਦੀ ਸਾਮੂਹਿਕ ਸਿਰਜਣਾ ਹੈ। ਸਭਿਆਚਾਰ ਅੰਤੇ ਮਨੁੱਖੀ ਸ਼ਖ਼ਸੀਅਤ ਦਾ ਆਪਸੀ ਬੜਾ ਗੂੜ੍ਹਾ ਰਿਸ਼ਤਾ ਹੈ। ਸਭਿਆਚਾਰ ਸਮਾਜਿਕ ਇਤਿਹਾਸਕ ਪਰਿਸਥਿਤੀਆਂ ਵਿਚੋਂ ਜਿਹੜਾ ਜੀਵਤ-ਢੰਗ ਸਿਰਜਦਾ ਹੈ, ਉਸਦਾ ਮਨੁੱਖੀ ਸ਼ਖ਼ਸੀਅਤ ਨੂੰ ਨਿਖਾਰਨ ਅਤੇ ਬਦਲਣ ਵਿਚ ਵੱਡਾ ਰੋਲ ਹੁੰਦਾ ਹੈ। ਸਭਿਆਚਾਰ ਸਦਕਾ ਹੀ ਮਨੁੱਖ ਆਪਣੀ ਸ਼ਖ਼ਸੀਅਤ, ਉਭਾਰ ਸਕਿਆ ਹੈ। ਰੂਥ ਬਨੇਡਿਕਟ ਦੇ ਸ਼ਬਦਾਂ ਵਿਚ, ''ਕੋਈ ਵੀ ਵਿਅਕਤੀ ਆਪਣੇ ਸਭਿਆਚਾਰ, ਜਿਸ ਵਿਚ ਕਿ ਉਹ ਰਹਿ ਰਿਹਾ ਹੁੰਦਾ ਹੈ ਤੋਂ ਬਿਨਾਂ ਆਪਣੀਆਂ ਸੰਭਾਵਨਾਵਾਂ ਦੇ ਦਰ ਤਕ ਨਹੀਂ ਪਹੁੰਚ ਸਕਦਾ''।[12] ਐਡਮੰਡ ਲੀਚ ਅਨੁਸਾਰ ਸਭਿਆਚਾਰਕ ਵਰਤਾਰੇ ਦੀ ਬੁਨਿਆਦੀ ਬਣਤਰ ਦੀ ਖੋਜ ਕਰਦਿਆਂ ਅਸੀਂ ਮਨੁੱਖੀ ਸੁਭਾਅ ਬਾਰੇ ਵੀ ਨਵੀਆਂ ਖੋਜਾਂ ਕਰ ਰਹੇ ਹੁੰਦੇ ਹਾਂ।[13]

ਕੇਵਲ ਸਭਿਆਚਾਰ ਹੀ ਮਨੁੱਖੀ ਸ਼ਖ਼ਸੀਅਤ ਨੂੰ ਨਹੀਂ ਸਿਰਜਦਾ ਸਗੋਂ ਖਾਸ ਮਨੁੱਖੀ ਸ਼ਖ਼ਸੀਅਤ ਵੀ ਸਭਿਆਚਾਰ ਨੂੰ ਪ੍ਰਭਾਵਿਤ ਕਰ ਸਕਦੀ ਹੈ। ਮਨੁੱਖ ਜੀਵੰਤ, ਕਾਰਜਸ਼ੀਲ ਅਤੇ ਸੰਘਰਸ਼ੀਲ ਜੀਵ ਹੈ, ਇਹ ਸਭਿਆਚਾਰਕ ਵਰਤਾਰੇ ਨੂੰ ਸਿਰਜਦਾ ਹੈ। ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਕਿ ਵਿਅਕਤੀਗਤ ਮਨੁੱਖੀ ਸ਼ਖ਼ਸੀਅਤ ਅਤੇ ਸਾਮੂਹਿਕ ਸਮਾਜ, ਸਭਿਆਚਾਰ ਨੂੰ ਪ੍ਰਭਾਵਿਤ ਕਰਨ, ਵਿਕਾਸ ਕਰਨ ਅਤੇ ਬਦਲਨ ਯੋਗ ਹੈ।

7. ਸਭਿਆਚਾਰ ਵਿਚ ਸੰਚਿਤ ਹੋਣ ਦੀ ਵਿਲੱਖਣਤਾ

ਸਭਿਆਚਾਰ ਸੰਚਿਤ ਹੋਣ ਦੀ ਪ੍ਰਕਿਰਤੀ ਰੱਖਦਾ ਹੈ, ਜਿਸ ਕਰਕੇ ਲੰਘਦੇ ਸਮੇਂ ਨਾਲ ਇਸ ਦੀ ਵਿਕਾਸਗਤੀ ਤੇਜ਼ ਹੋਈ ਜਾਂਦੀ ਹੈ। ਸਭਿਆਚਾਰ ਆਪਣੀ ਹਰ ਕਿਰਤ ਸੰਭਾਲ ਕੇ ਰੱਖਦਾ ਹੈ। ਪਦਾਰਥਕ ਸਭਿਆਚਾਰ ਲਈ ਇਹ ਵਧੇਰੇ ਢੁੱਕਦਾ ਹੈ, ਕਿਉਂਕਿ ਪਦਾਰਥਕ ਖੇਤਰ ਵਿਚਲੀ ਹਰ ਨਵੀਂ ਕਾਢ ਆਪਣੀਆਂ ਪਿਛਲੀਆਂ ਪ੍ਰਾਪਤੀਆਂ ਨੂੰ ਨਾਲ ਲੈ ਕੇ ਚਲਦੀ ਹੈ। ਪਰ ਗੈਰ ਪਦਾਰਥਕ ਖੇਤਰ ਵਿਚ ਵਿਕਾਸ ਕਰਦੇ ਸਮੇਂ ਕਈ ਨਵੇਂ ਅੰਸ਼ ਪੁਰਾਣੇ ਅੰਸ਼ਾਂ ਨੂੰ ਖ਼ਤਮ ਕਰਕੇ ਉਨ੍ਹਾਂ ਦੀ ਥਾਂ ਲੈਂਦੇ ਹਨ। ਸਮੇਂ ਦੇ ਬਦਲਣ ਨਾਲ ਪੁਰਾਣੇ ਅੰਸ਼ ਵਿਅਕਤੀ ਦੀ ਯਾਦ ਵਿਚੋਂ ਮਿਟ ਜਾਂਦੇ ਹਨ।[14] ਮਹਿੰਜੋਦੜੋ ਦੇ ਸਮੇਂ ਦੀਆਂ ਪਦਾਰਥਕ ਲੱਭਤਾਂ ਉਦੋਂ ਦੇ ਲੋਕਾਂ ਤੇ ਪਦਾਰਥਕ ਸਭਿਆਚਾਰਕ ਪੱਧਰ ਦੀਆਂ ਤਾਂ ਸੂਚਕ ਹਨ, ਪਰ ਉਹਨਾਂ ਦੇ ਸਮਾਜਕ ਸੰਗਠਤ, ਵਿਸ਼ਵਾਸਾਂ, ਸ਼ਿਸ਼ਟਾਚਾਰ ਆਦਿ ਬਾਰੇ ਇਨ੍ਹਾਂ ਤੋਂ ਕੇਵਲ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਪੰਜਾਬੀ ਸਭਿਆਚਾਰ ਦੀ ਨਿਰੰਤਰਤਾ ਵਿਚ ਪ੍ਰਤੱਖ ਦਿਸਦੇ ਖੱਪੇ ਸਾਨੂੰ ਇਸ ਦੀਆਂ ਅਗਿਆਤ ਕੜੀਆਂ ਤੋਂ ਦੁਖਾਂਤਕ ਤਰ੍ਹਾਂ ਨਾਲ ਚੇਤੰਨ ਕਰਾਉਂਦੇ ਹਨ। ਸਭਿਆਚਾਰ ਦੇ ਸੰਚਿਤ ਹੋਣ ਦੀ ਪ੍ਰਕਿਰਤੀ ਨੂੰ ਪ੍ਰਗਟ ਕਰਦਾ ਇਕ ਤੱਥ ਇਹ ਵੀ ਹੈ ਕਿ ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ ਮਨੁੱਖ ਦੇ ਸਭਿਆਚਾਰਕ ਵਿਕਾਸ ਦੀ ਗਤੀ ਤੇਜ਼ ਹੁੰਦੀ ਜਾਂਦੀ ਹੈ।[15]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

8. ਪ੍ਰਤੀਕ ਪ੍ਰਬੰਧ

ਅੱਜ ਕੱਲ ਸਭਿਆਚਾਰ ਨੂੰ ਪ੍ਰਤੀਕ ਪ੍ਰਬੰਧ ਵਜੋਂ ਮੰਨਿਆ ਜਾਣ ਲੱਗ ਪਿਆ ਹੈ। ਸਭਿਆਚਾਰ ਨੂੰ ਪ੍ਰਤੀਕ ਉਪਰ ਆਧਾਰਿਤ ਦੱਸਿਆ ਜਾਂਦਾ ਹੈ। ਸਿਰਫ ਸਭਿਆਚਾਰਕ ਕਿਰਿਆ ਨੂੰ ਪ੍ਰਤੀਕ ਵਜੋਂ ਵਰਤ ਸਕਣਾ ਇਕ ਹੋਰ ਮਨੁੱਖੀ ਵਿਸ਼ੇਸ਼ਤਾ ਹੈ।[16-17] ਮਨੁੱਖੀ ਚਿੰਤਨ ਬਹੁਤ ਭਿੰਨ-ਭਿੰਨ ਵਸਤਾਂ, ਵਿਹਾਰਾਂ ਤੇ ਵਰਤਾਰਿਆਂ ਵਿਚ ਸਾਂਝ ਅਤੇ ਨਿਖੇੜ ਨੂੰ ਦੇਖ ਸਕਦਾ ਹੈ, ਅਤੇ ਇਨ੍ਹਾਂ ਨੂੰ ਪ੍ਰਤੀਕਾਤਮਕ ਢੰਗ ਨਾਲ ਵਰਤ ਸਕਦਾ ਹੈ, ਸਗੋਂ ਹਰ ਮਨੁੱਖੀ ਕਿਰਿਆ ਨੂੰ ਪ੍ਰਤੀਕ ਵਜੋਂ ਲੈ ਸਕਦਾ ਹੈ। ਸੱਪ ਉੱਡਦਾ ਹੈ, ਖਿਆਲ ਉਡਾਰੀ ਲਾਉਂਦਾ ਹੈ।[18] ਇਸ ਤਰ੍ਹਾਂ ਨਾਲ ਚਿੰਤਨ ਅਤੇ ਇਸ ਦੇ ਪ੍ਰਗਟਾਅ ਵਿਚ ਸੰਜਮ ਆ ਜਾਂਦਾ ਹੈ, ਥੋੜ੍ਹੇ ਸ਼ਬਦਾਂ ਵਿਚ ਵਧੇਰੇ ਗਿਆਨ ਦਾ ਪ੍ਰਗਟਾ ਕੀਤਾ ਜਾ ਸਕਦਾ ਹੈ।

(ਅ) ਸਭਿਆਚਾਰ ਦੇ ਮੁੱਖ ਅੰਗ

ਸਭਿਆਚਾਰ ਇਕ ਜਟਿਲ ਅਤੇ ਜੁੱਟ ਸਿਸਟਮ ਹੈ। ਇਸ ਦੇ ਅੰਗਾਂ ਦਾ ਪ੍ਰਸਪਰ ਸੰਬੰਧ ਹੈ। ਇਕ ਅੰਗ ਵਿਚ ਤਬਦੀਲੀ ਦੂਜੇ ਅੰਗਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਸੰਸਾਰ ਦੇ ਵੱਖੋ ਵੱਖ ਸਭਿਆਚਾਰਾਂ ਦੇ ਮੁੱਖ ਅੰਗ ਲੱਗਭਗ ਇਕੋ ਜਿਹੇ ਹੀ ਹੁੰਦੇ ਹਨ। ਵਿਅਕਤੀ ਭਾਵੇਂ ਕਿਸੇ ਥਾਂ ਵੀ ਰਹਿੰਦਾ ਹੋਵੇ ਉਸ ਦੀਆਂ ਮੂਲ ਲੋੜਾਂ ਸਾਂਝੀਆਂ ਹੁੰਦੀਆਂ ਹਨ। ਕੁੱਲੀ, ਗੁੱਲੀ ਤੇ ਜੁੱਲੀ ਦੀ ਲੋੜ ਸਰਬ ਮਨੁੱਖਾਂ ਦੀ ਲੋੜ ਹੈ। ਹਰ ਮਨੁੱਖ ਆਪਣੇ ਆਪਣੇ ਸਭਿਆਚਾਰਾਂ ਅਨੁਸਾਰ ਇਨ੍ਹਾਂ ਲੋੜਾਂ ਦੀ ਪੂਰਤੀ ਕਰਦਾ ਹੈ। ਸਭਿਆਚਾਰ ਦੇ ਮੁੱਖ ਅੰਗ ਤਿੰਨ ਮੰਨੇ ਗਏ ਹਨ:

1. ਪਦਾਰਥਕ ਸਭਿਆਚਾਰ
2. ਪ੍ਰਤਿਮਾਨਿਕ ਸਭਿਆਚਾਰ
3. ਬੋਧਾਤਮਿਕ ਸਭਿਆਚਾਰ

1. ਪਦਾਰਥਕ ਸਭਿਆਚਾਰ

ਪਦਾਰਥਕ ਸਭਿਆਚਾਰ ਵਿਚ ਉਹ ਸਾਰੀਆਂ ਵਸਤਾਂ ਆਉਂਦੀਆਂ ਹਨ ਜੋ ਮਨੁੱਖ ਨੇ ਸਿਰਜੀਆਂ ਹਨ ਜਾਂ ਜਿੰਨ੍ਹਾਂ ਨੂੰ ਮਨੁੱਖ ਵਰਤਦਾ ਹੈ, ਭਾਵੇਂ ਉਹ ਪ੍ਰਕਿਰਤੀ ਵਿਚ ਹੀ ਬਣੀਆਂ ਬਣਾਈਆਂ ਕਿਉਂ ਨਾ ਮਿਲਦੀਆਂ ਹੋਣ। ਸਭਿਆਚਾਰ ਦੇ ਪਦਾਰਥਕ ਅੰਗ ਸਭਿਆਚਾਰ ਦੀ ਪਹਿਚਾਣ ਲਈ ਬਹੁਤ ਹੀ ਮਹੱਤਵਪੂਰਨ ਮਾਧਿਅਮ ਹਨ। ਪਦਾਰਥਕ ਸਭਿਆਚਾਰ ਦੇ ਕੁਝ ਮਹੱਤਵਪੂਰਨ ਅੰਸ਼ ਕੰਮ ਧੰਦੇ, ਸਾਜੋ ਸਮਾਨ, ਪਹਿਰਾਵਾ, ਹਾਰ ਸ਼ਿੰਗਾਰ, ਰਹਿਣ ਸਹਿਣ ਤੇ ਖਾਣ ਪੀਣ ਆਦਿ ਹਨ।

ਕੰਮ ਧੰਦੇ

ਕੰਮ ਧੰਦੇ ਸਭਿਆਚਾਰ ਦਾ ਇਕ ਜਰੂਰੀ ਅੰਗ ਹੁੰਦੇ ਹਨ। ਕੰਮ ਧੰਦੇ ਦੇ ਆਧਾਰ ਤੇ ਹੀ ਕਿਸੇ ਸਭਿਆਚਾਰ ਦੀ ਆਰਥਿਕ ਖੁਸ਼ਹਾਲੀ ਦਾ ਪਤਾ ਲਗਦਾ ਹੈ। ਮਨੁੱਖ ਦੀ ਮੁੱਢਲੀ ਲੋੜ ਰੋਟੀ ਦੀ ਹੈ। ਉਹ ਰੋਟੀ ਪ੍ਰਾਪਤੀ ਲਈ ਵੱਖੋ ਵੱਖ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੰਮ ਧੰਦੇ ਅਪਨਾਉਂਦਾ ਹੈ। ਆਦਮ ਮਨੁੱਖ ਨੇ ਆਪਣੀ ਭੋਜਨ ਪ੍ਰਾਪਤੀ ਵੱਖ ਵੱਖ ਕੰਮਾਂ ਰਾਹੀਂ ਪੂਰੀ ਕੀਤੀ ਹੈ। ਭੋਜਨ ਪ੍ਰਾਪਤੀ ਲਈ ਉਸ ਨੇ ਖੇਤੀ ਬਾੜੀ ਦਾ ਧੰਦਾ ਅਪਨਾਇਆ, ਸ਼ਿਕਾਰੀ ਬਣਿਆ ਅਤੇ ਦੁੱਧ ਆਦਿ ਦੀ ਪਰਾਪਤੀ ਲਈ ਉਸ ਨੇ ਪਸ਼ੂ ਪਾਲਣ ਦੇ ਧੰਦੇ ਨੂੰ ਅਪਨਾਇਆ।

ਸੰਦਾਂ ਦੀ ਤਿਆਰੀ

ਮਨੁੱਖ ਨੇ ਆਪਣੇ ਕੰਮ ਧੰਦੇ ਨਾਲ ਸੰਬੰਧਿਤ ਸੰਦਾਂ ਦੀ ਤਿਆਰੀ ਕੀਤੀ। ਸ਼ਿਕਾਰੀ ਮਨੁੱਖ ਨੇ ਬਰਛੇ, ਗੰਡਾਸੇ, ਕੁਹਾੜੀ ਆਦਿ ਤੇਜ਼ ਧਾਰ ਹਥਿਆਰ ਬਣਾਏ। ਚਰਵਾਹੇ ਵਿਅਕਤੀ ਨੇ ਪਾਲਤੂ ਪਸ਼ੂਆਂ ਦੀ ਭਾਲ ਕੀਤੀ। ਖੇਤੀ ਬਾੜੀ ਦਾ ਧੰਦਾ ਅਪਨਾਉਣ ਵਾਲੇ ਵਿਅਕਤੀ ਨੇ ਚੰਗੀ ਜ਼ਮੀਨ ਅਤੇ ਫ਼ਸਲਾਂ ਕਣਕ, ਚੌਲ ਅਤੇ ਬਾਜਰੇ ਦੀ ਕਾਸ਼ਤ ਕੀਤੀ। ਇਨ੍ਹਾਂ ਸੰਦਾਂ ਦੀ ਤਿਆਰੀ ਤਰਖਾਣ ਲੁਹਾਰ ਨੇ ਕੀਤੀ ਜਿਸ ਨਾਲ ਇਨ੍ਹਾਂ ਧੰਦਿਆਂ ਦਾ ਹੋਂਦ ਵਿਚ ਆਉਣਾ ਜ਼ਰੂਰੀ ਸੀ।

ਪਹਿਰਾਵਾ

ਭੋਜਨ ਤੋਂ ਬਾਅਦ ਵਿਅਕਤੀ ਦੀ ਦੂਜੀ ਮੁੱਖ ਲੋੜ ਤਨ ਨੂੰ ਢੱਕਣ ਦੀ ਸੀ। ਪਹਿਰਾਵਾ ਪਦਾਰਥਕ ਸਭਿਆਚਾਰ ਦਾ ਇਕ ਮਹੱਤਵਪੂਰਨ ਅੰਗ ਹੈ। ਗਰਮੀ ਸਰਦੀ ਤੋਂ ਬਚਣ ਲਈ ਵੱਖੋ ਵੱਖ ਪਹਿਰਾਵੇ ਦੀ ਵਰਤੋਂ ਕੀਤੀ ਜਾਣ ਲੱਗੀ। ਵਿਅਕਤੀ ਆਪਣੇ ਕੰਮ ਧੰਦੇ ਦੇ ਅਨੁਸਾਰ ਹੀ ਪਹਿਰਾਵਾ ਧਾਰਨ ਕਰਦਾ ਹੈ। ਆਦਿਮ ਮਨੁੱਖ ਪੱਤਿਆਂ ਜਾਨਵਰਾਂ ਦੀ ਖੱਲ ਪਹਿਨਦਾ ਸੀ। ਸੋਵੀਅਤ ਰੂਸ ਵਿਚ ਉਤਰੀ ਧਰੁਵ ਦੇ ਨੇੜੇ ਰਹਿੰਦੇ ਲੋਕੀਂ ਇਸ ਦੀ ਵਰਤੋਂ ਅਜੇ ਵੀ ਕਰਦੇ ਹਨ। ਮਨੁੱਖੀ ਵਿਕਾਸ ਦੇ ਨਾਲ ਹੀ ਸਭਿਆਚਾਰ ਬਦਲਦਾ ਰਿਹਾ ਹੈ। ਜਦੋਂ ਵਿਅਕਤੀ ਟਿੱਕ ਕੇ ਇਕ ਥਾਂ ਖੇਤੀ ਕਰਨ ਲੱਗਾ ਤਾਂ ਉਸ ਨੇ ਕਪੜਾ ਬੁਣਨ ਦਾ ਢੰਗ ਸਿੱਖ ਲਿਆ। ਜਦੋਂ ਉਦਯੋਗੀਕਰਨ ਹੋਇਆ ਤਾਂ ਉਸ ਨੇ ਮਸ਼ੀਨਾਂ ਨਾਲ ਦਰੱਖ਼ਤਾਂ ਦੇ ਰੇਸ਼ਿਆਂ ਤੋਂ ਕਪੜਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਸਭਿਆਚਾਰਕ ਤਬਦੀਲੀ ਦੇ ਨਾਲ ਹੀ ਕਪੜਾ ਪਾਉਣ ਦੇ ਢੰਗਾਂ ਅਤੇ ਉਨ੍ਹਾਂ ਦੇ ਰੂਪਾਂ ਵਿਚ ਤਬਦੀਲੀ ਆਉਂਦੀ ਰਹੀ ਹੈ। ਹਰ ਸਭਿਆਚਾਰ ਦੇ ਪਹਿਰਾਵੇ ਦੀ ਆਪਣੀ ਨਿਵੇਕਲੀ ਵਿਸ਼ੇਸ਼ਤਾ ਹੁੰਦੀ ਹੈ।

ਗਹਿਣੇ

ਆਦਿ ਕਾਲ ਤੋਂ ਮਨੁੱਖ ਆਪਣੇ ਆਪ ਨੂੰ ਸੋਹਣਾ ਬਣਾਉਣ ਲਈ ਯਤਨ ਕਰਦਾ ਰਿਹਾ ਹੈ। ਜਿਵੇਂ ਚੰਗਾ ਪਹਿਰਾਵਾ ਉਸ ਦੀ ਸਰੀਰਕ ਸੁੰਦਰਤਾ ਨੂੰ ਵਧਾਉਂਦਾ ਹੈ ਉਸੇ ਤਰ੍ਹਾਂ ਉਹ ਆਦਿ ਕਾਲ ਤੋਂ ਹੀ ਸਰੀਰਕ ਸ਼ਿੰਗਾਰ ਲਈ ਗਹਿਣੇ ਵੀ ਵਰਤਦਾ ਰਿਹਾ ਹੈ। ਵਿਅਕਤੀ ਨੇ ਸਿਰ ਤੋਂ ਪੈਰਾਂ ਤੀਕ ਸਰੀਰ ਦੇ ਹਰ ਅੰਗ ਲਈ ਵੱਖੋ ਵੱਖਰੇ ਗਹਿਣਿਆਂ ਦੀ ਸਿਰਜਨਾ ਕੀਤੀ ਹੈ। ਆਪਣੀ ਆਰਥਿਕ ਹਾਲਤ ਅਨੁਸਾਰ ਹੀ ਉਹ ਗਹਿਣੇ ਪਹਿਨਦਾ ਰਿਹਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਿਹਾਇਸ਼

ਪਦਾਰਥਕ ਸਭਿਆਚਾਰ ਵਿਚ ਮਨੁੱਖ ਦੀ ਰਿਹਾਇਸ਼ ਵੀ ਇਕ ਮਹੱਤਵਪੂਰਨ ਅੰਗ ਹੈ। ਵਿਅਕਤੀ ਦੀ ਰਿਹਾਇਸ਼ ਦਾ ਪ੍ਰਬੰਧ ਭੂਗੋਲਿਕ ਅਤੇ ਇਤਿਹਾਸਕ ਵਾਤਾਵਰਣ ਅਨੁਸਾਰ ਹੀ ਹੁੰਦਾ ਹੈ। ਜਿਸ ਥਾਂ ਬਹੁਤੇ ਭੂਗੋਲਿਕ ਪਰਿਵਰਤਨ ਨਾ ਆਉਣ ਉਥੋਂ ਦੇ ਲੋਕੀਂ ਵਧੇਰੇ ਪੱਕੇ ਮਕਾਨਾਂ ਦੀ ਸਿਰਜਨਾ ਕਰਦੇ ਹਨ। ਜਿਥੇ ਮੀਂਹ ਭੁਚਾਲ ਆਦਿ ਦਾ ਡਰ ਹੁੰਦਾ ਹੈ ਉਥੇ ਅਸਥਾਈ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਂਦਾ ਹੈ।

ਖਾਣ ਪੀਣ

ਖਾਣ ਪੀਣ ਵੀ ਸਭਿਆਚਾਰ ਦਾ ਮਹੱਤਵਪੂਰਨ ਅੰਗ ਮੰਨਿਆ ਗਿਆ ਹੈ। ਵੱਖੋ ਵੱਖ ਮੌਕਿਆਂ ਤੇ ਮਨੁੱਖਾਂ ਦੇ ਖਾਣ ਪੀਣ ਵਿਚ ਵੀ ਪਰਿਵਰਤਨ ਹੁੰਦਾ ਰਹਿੰਦਾ ਹੈ। ਆਮ ਦਿਨਾਂ ਜਾਂ ਸਾਧਾਰਨ ਦਿਨਾਂ ਵਿਚ ਉਹ ਆਮ ਰੋਟੀ ਖਾਂਦੇ ਹਨ। ਕੁਝ ਮੇਲੇ ਤਿਉਹਾਰਾਂ ਦੇ ਦਿਨਾਂ ਵਿਚ ਉਹ ਵਿਸ਼ੇਸ਼ ਪਕਵਾਨ ਪਕਾਉਂਦੇ ਹਨ। ਕੁਝ ਮਹੱਤਵਪੂਰਨ ਦਿਨਾਂ ਤੇ ਉਹ ਦੇਵੀ ਦੇਵਤਿਆਂ ਜਾਂ ਆਪਣੇ ਇਸ਼ਟ ਅਨੁਸਾਰ ਵੱਡੇ ਭੋਜ ਵੀ ਕਰਦੇ ਹਨ। ਕੁਝ ਲੋਕ ਖਾਸ ਦਿਨਾਂ ਤੇ ਸ਼ਰਾਬ ਦਾ ਪ੍ਰਯੋਗ ਵੀ ਕਰਦੇ ਹਨ।

2. ਪ੍ਰਤਿਮਾਨਿਕ ਸਭਿਆਚਾਰ

ਗੁਰਬਖ਼ਸ਼ ਸਿੰਘ ਫ਼ਰੈਂਕ ਅਨੁਸਾਰ ਪ੍ਰਤਿਮਾਨਿਕ ਸਭਿਆਚਾਰ, ਸਭਿਆਚਾਰ ਦਾ ਉਹ ਅੰਗ ਹੈ, ਜਿਹੜਾ ਮਨੁੱਖੀ ਵਿਹਾਰ ਲਈ ਪ੍ਰਤਿਮਾਨ ਜਾਂ ਨਿਯਮ ਸਥਾਪਤ ਕਰਦਾ ਹੈ ਅਤੇ ਇਸ ਤਰ੍ਹਾਂ ਮਨੁੱਖੀ ਵਿਹਾਰ ਨੂੰ ਨਿਯਮਿਤ ਕਰਦਾ ਹੈ ਅਤੇ ਅਗਵਾਈ ਦੇਂਦਾ ਹੈ।[17] ਇਹ ਨਿਯਮ ਦੋ ਤਰ੍ਹਾਂ ਦੇ ਹੁੰਦੇ ਹਨ:

(ੳ) ਨਿਰਦੇਸ਼ਾਤਮਕ ਨਿਯਮ : ਇਹ ਕਰੋ
(ਅ) ਨਿਸ਼ੇਧਾਤਮਕ ਨਿਯਮ: ਇਹ ਨਾ ਕਰੋ।

ਇਨ੍ਹਾਂ ਨਿਯਮਾਂ ਦੀ ਅੱਗੇ ਵੰਡ ਪ੍ਰਤੱਖ ਤੇ ਪ੍ਰੋਖ ਨਿਯਮਾਂ ਵਿਚ ਕੀਤੀ ਜਾਂਦੀ ਹੈ। ਪ੍ਰਤੱਖ ਨਿਯਮ ਉਹ ਹੁੰਦੇ ਹਨ ਜੋ ਸਿਖਾਏ ਜਾਂਦੇ ਹਨ ਜਿਵੇਂ - ਉਬਾਸੀ ਲੈਣ ਲੱਗਿਆਂ ਮੂੰਹ ਅੱਗੇ ਹੱਥ ਰੱਖ ਲਵੋ, 'ਇਹ ਕਰੋ', 'ਇਹ ਨਾ ਕਰੋ' ਆਦਿ। ਪ੍ਰੋਖ ਨਿਯਮ ਸਿਖਾਏ ਨਹੀਂ ਜਾਂਦੇ ਹਨ, ਉਨ੍ਹਾਂ ਨੂੰ ਮਨੁੱਖ ਸਮਾਜ ਵਿਚ ਵਿਚਰਦਾ ਆਪੇ ਗ੍ਰਹਿਣ ਕਰ ਲੈਂਦਾ ਹੈ। ਕਈਆਂ ਹਾਲਤਾਂ ਵਿਚ ਉਸ ਨੂੰ ਪਤਾ ਨਹੀਂ ਲੱਗਦਾ ਕਿ ਉਸ ਨੇ ਇਹ ਗ੍ਰਹਿਣ ਕੀਤੇ ਵੀ ਹਨ। ਜਿਵੇਂ ਕਿਸੇ ਸਿਆਣੇ ਵਿਅਕਤੀ ਨੂੰ ਵੇਖਦੇ ਸਾਰ ਸਤਿਕਾਰ ਵਜੋਂ ਸਿਰ ਢੱਕ ਲੈਣਾ, ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਬੋਲਣ ਦਾ ਤਰੀਕਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਦਰਸ਼ਕ ਅਤੇ ਵਿਆਪਕ ਨਿਯਮ

ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਵਿਚਾਰ ਅਨੁਸਾਰ ਆਦਰਸ਼ਕ ਨਿਯਮ ਉਹ ਹੁੰਦੇ ਹਨ, ਜਿੰਨ੍ਹਾਂ ਨੂੰ ਸਮਾਜ ਉਦਾਹਰਣੀ ਮੰਨ ਲੈਂਦਾ ਹੈ।[18] ਪਰ ਸਮਾਜ ਦੇ ਸਾਰੇ ਲੋਕਾਂ ਦਾ ਵਰਤਾਉ ਆਦਰਸ਼ਕ ਨਹੀਂ ਹੁੰਦਾ ਹੈ। ਪਰ ਜੇਕਰ ਆਦਰਸ਼ਕ ਅਤੇ ਵਿਆਪਕ ਦਾ ਪਾੜਾ ਵੱਧ ਜਾਵੇ ਤਾਂ ਸਮਾਜ ਦੀ ਹੋਂਦ ਨੂੰ ਖ਼ਤਰਾ ਪੈ ਸਕਦਾ ਹੈ। ਇਸ ਲਈ ਸਮਾਜ ਲਈ ਜ਼ਰੂਰੀ ਹੈ ਕਿ ਉਨ੍ਹਾਂ ਨਿਯਮਾਂ ਦੀ ਪਾਲਣਾ ਕਰਵਾਏ। ਕੁਝ ਨਿਯਮਾਂ ਦੀ ਵਿਅਕਤੀ ਆਪਣੀ ਮਰਜ਼ੀ ਅਨੁਸਾਰ ਪਾਲਣਾ ਵੀ ਕਰ ਸਕਦਾ ਹੈ ਅਤੇ ਉਲੰਘਣਾ ਵੀ। ਪਰ ਕੁੱਝ ਨਿਯਮ ਅਜੇਹੇ ਹੁੰਦੇ ਹਨ ਜੋ ਕਿਸੇ ਸਮਾਜ ਦਾ ਆਧਾਰ ਹੁੰਦੇ ਹਨ। ਇਸ ਲਈ ਇਹੋ ਜਿਹੇ ਨਿਯਮਾਂ ਦੀ ਉਲੰਘਣਾ ਸਮਾਜ ਸਹਿਨ ਨਹੀਂ ਕਰ ਸਕਦਾ ਹੈ। ਕੁੱਝ ਅਜਿਹੇ ਨਿਯਮ ਵੀ ਹੁੰਦੇ ਹਨ ਜਿੰਨ੍ਹਾਂ ਬਾਰੇ ਫ਼ੈਸਲਾ ਕਰ ਲਿਆ ਜਾਂਦਾ ਹੈ ਕਿ ਇਨ੍ਹਾਂ ਦੀ ਉਲੰਘਣਾ ਨਹੀਂ ਕੀਤੀ ਜਾ ਸਕਦੀ।

ਗੁਰਬਖਸ਼ ਸਿੰਘ ਫ਼ਰੈਂਕ[19] ਅਮਰੀਕੀ ਸਮਾਜ ਵਿਚ ਵਿਗਿਆਨੀ ਸਮਨਰ ਦੇ ਹਵਾਲੇ ਨਾਲ ਲਿਖਦੇ ਹਨ ਕਿ ਉਸ ਨੇ ਨਿਯਮਾਂ ਨੂੰ 'ਫੋਕਵੇਜ' ਅਤੇ 'ਮੋਰਜ' ਦੇ ਕਿਸਮਾਂ ਵਿਚ ਵੰਡਿਆ ਹੈ। ਪੰਜਾਬੀ ਵਿਚ ਉਨ੍ਹਾਂ ਨੇ ਇਸ ਦਾ ਨਾਮਕਰਨ 'ਲੋਕਾਚਾਰ' ਅਤੇ 'ਸਦਾਚਾਰ' ਕੀਤਾ ਹੈ।

ਅਸੀਂ ਕੁੱਝ ਨਿਯਮਾਂ ਦੀ ਪਾਲਣਾ ਲੋਕਾਚਾਰ ਦੇ ਤੌਰ ਤੇ ਕਰਦੇ ਹਾਂ ਕਿਉਂਕਿ ਦੂਜੇ ਲੋਕ ਅਜਿਹੀਆਂ ਗੱਲਾਂ ਕਰਦੇ ਹਨ। ਇਨ੍ਹਾਂ ਦੀ ਪਾਲਣਾ ਮਨ ਦੀ ਤਸੱਲੀ ਲਈ ਕੀਤੀ ਜਾਂਦੀ ਹੈ। ਜੇਕਰ ਕੋਈ ਵਿਅਕਤੀ ਅਜਿਹੇ ਨਿਯਮਾਂ ਦੀ ਉਲੰਘਣਾ ਕਰੇ ਤਾਂ ਉਸ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ ਹੈ। ਵੱਧ ਤੋਂ ਵੱਧ ਜੇ ਇਸ ਦੀ ਕੋਈ ਸਜ਼ਾ ਵੀ ਹੈ ਉਸ ਨਾਲ ਮਿਲਣਾ ਵਰਤਣਾ ਛੱਡ ਦੇਂਦੇ ਹਨ। ਉਹ ਮਰਜ਼ੀ ਦਾ ਪਹਿਰਾਵਾ ਪਹਿਨ ਸਕਦੇ ਹਨ। ਉਹ ਰੀਤੀ ਰਿਵਾਜ਼ਾਂ ਨੂੰ ਮੰਨਣ ਜਾਂ ਨਾ ਮੰਨਣ ਇਹ ਉਨ੍ਹਾਂ ਦੀ ਆਪਣੀ ਇੱਛਾ ਹੈ। ਪਰ ਸਮਾਜ ਉਨ੍ਹਾਂ ਨੂੰ ਕੁੱਝ ਨਹੀਂ ਕਹਿ ਸਕਦਾ ਹੈ।

ਪਰ ਜੇਕਰ ਕੋਈ ਵਿਅਕਤੀ ਰੋਟੀ ਖਾਂਦੇ ਸਮੇਂ ਸ਼ਰਾਬ ਦੇ ਨਸ਼ੇ ਵਿਚ ਗਾਹਲਾਂ ਕੱਢੇ ਜਾਂ ਬਰਤਨ ਭੰਨ ਦੇਵੇ ਤਾਂ ਉਸ ਨੂੰ ਕੁੱਝ ਵਧੇਰੇ ਸਜ਼ਾ ਦਿੱਤੀ ਜਾਂਦੀ ਹੈ ਉਸ ਨੂੰ ਬਾਹਰ ਕੱਢ ਦਿੱਤਾ ਜਾ ਸਕਦਾ ਹੈ ਜਾਂ ਪੁਲੀਸ ਕੋਲ ਫੜਾਇਆ ਜਾ ਸਕਦਾ ਹੈ। ਤੀਜੀ ਕਿਸਮ ਦੇ ਉਹ ਨਿਯਮ ਹੁੰਦੇ ਹਨ ਜਿਨ੍ਹਾਂ ਦੀ ਉਲੰਘਣਾ ਕਰਨ ਦੀ ਮਨ ਵਿਚ ਸੋਚੀ ਵੀ ਨਹੀਂ ਜਾ ਸਕਦੀ ਹੈ। ਜਿਵੇਂ ਵਿਅਕਤੀ ਵਲੋਂ ਵਿਅਕਤੀ ਦਾ ਮਾਸ ਖਾਣਾ। ਵੱਖੋ ਵੱਖਰੇ ਸਮਾਜਾਂ ਵਿਚ ਇਹ ਵੱਖੋ ਵੱਖ ਹੁੰਦੇ ਹਨ।

ਕਾਨੂੰਨੀ ਨਿਯਮ

ਕਾਨੂੰਨੀ ਨਿਯਮਾਂ ਦੀ ਉਲੰਘਣਾ ਲਈ ਸਜ਼ਾ ਨਿਸ਼ਚਿਤ ਹੁੰਦੀ ਹੈ। ਇਨ੍ਹਾਂ ਵਿਚ ਲੋਕਾਚਾਰ ਜਾਂ ਸਦਾਚਾਰ ਦੇ ਨਿਯਮਾਂ ਵਾਲੀ ਅਨਿਸਚਿਤਤਾ ਨਹੀਂ ਹੁੰਦੀ। ਵਿਧਾਨ ਸਭਾ ਜਾਂ ਕੋਈ ਸੰਸਥਾ ਕਾਨੂੰਨ ਬਣਾਉਂਦੀ ਹੈ। ਪੁਲਿਸ ਇਨ੍ਹਾਂ ਦੀ ਪਾਲਣਾ ਦਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਧਿਆਨ ਰੱਖਦੀ ਹੈ ਅਤੇ ਨਿਆਂਪਾਲਿਕਾ ਇਨ੍ਹਾਂ ਨੂੰ ਤੋੜਨ ਵਾਲਿਆਂ ਨੂੰ ਸਜ਼ਾ ਦਿੰਦੀ ਹੈ। ਕਾਨੂੰਨਾਂ ਵਿਚ ਤਬਦੀਲੀ ਉਦੋਂ ਹੀ ਹੁੰਦੀ ਹੈ ਜਦੋਂ ਸਮਾਜਿਕ ਬਣਤਰ ਜਾਂ ਸਮਾਜਿਕ ਰਿਸ਼ਤਿਆਂ ਵਿਚ ਤਬਦੀਲੀ ਆਵੇ।

3. ਬੋਧਾਤਮਿਕ ਸਭਿਆਚਾਰ

ਬੋਧਾਤਮਿਕ ਸਭਿਆਚਾਰ ਵਿਚ ਵਿਚਾਰ, ਵਤੀਰੇ, ਵਿਸ਼ਵਾਸ ਆਦਿ ਆ ਜਾਂਦੇ ਹਨ। ਸਾਹਿਤ, ਕਲਾ, ਧਰਮ, ਮਿਥਿਹਾਸ, ਫ਼ਲਸਫ਼ਾ ਸਾਰਾ ਕੁਝ ਇਸ ਅੰਗ ਵਿਚ ਆਉਂਦਾ ਹੈ। ਜੇ ਪ੍ਰਤਿਮਾਨਿਕ ਸਭਿਆਚਾਰ ਸਮਾਜਕ ਕਾਰਜ ਦੀ ਉਚਿਤਤਾ ਜਾਂ ਅਣਉਚਿਤਤਾ ਬਾਰੇ ਮਿਆਰ ਕਾਇਮ ਕਰਦਾ ਹੈ ਤਾਂ ਇਹਨਾਂ ਮਿਆਰਾਂ ਦਾ ਸੋਮਾ ਉਹ ਫ਼ਲਸਫ਼ਾ, ਸੰਸਾਰ ਦ੍ਰਿਸ਼ਟੀਕੋਣ ਜਾਂ ਵਿਸ਼ਵਾਸ ਹੁੰਦੇ ਹਨ ਜਿਨ੍ਹਾਂ ਨੂੰ ਸਮਾਜ ਨੇ ਆਪਣੀਆਂ ਉਪਰੋਕਤ ਸਿਰਜਣਾਵਾਂ ਵਿਚ ਰਚਣ ਦੇ ਢੰਗ ਨਾਲ ਸਾਕਾਰ ਕੀਤਾ ਹੁੰਦਾ ਹੈ।[20] ਮਿਥਿਹਾਸ ਨਿਰਾ ਕਲਪਤ ਕਹਾਣੀਆਂ ਦਾ ਸਮੂਹ ਨਹੀਂ ਹੈ। ਸਗੋਂ ਰੋਜ਼ਾਨਾ ਜੀਵਨ ਤੋਂ ਲੈ ਕੇ ਪਾਰਲੌਕਿਕ ਜਗਤ ਦੇ ਵਰਤਾਰਿਆਂ ਤੱਕ ਕਿਸੇ ਸਮਾਜ ਦੇ ਦ੍ਰਿਸ਼ਟੀਕੋਣ ਨੂੰ ਚਿੰਨ੍ਹਾਤਮਕ ਢੰਗ ਨਾਲ ਪੇਸ਼ ਕੀਤਾ ਹੁੰਦਾ ਹੈ। ਇਸ ਤਰ੍ਹਾਂ ਦਰਸ਼ਨ, ਕਲਾ, ਸਾਹਿਤ ਅਤੇ ਧਰਮ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਬੌਧਾਤਮਿਕ ਸਭਿਆਚਾਰ ਦੇ ਅਨੇਕਾਂ ਛੋਟੇ ਛੋਟੇ ਅੰਸ਼ ਹਨ ਜਿਨ੍ਹਾਂ ਦੀ ਗਿਣਤੀ ਕਰਨੀ ਅਸੰਭਵ ਹੈ।

ਸਭਿਆਚਾਰ ਦੇ ਇਹ ਤਿੰਨੋਂ ਅੰਗ ਵਾਪਸ ਵਿਚ ਇਸ ਤਰ੍ਹਾਂ ਸੰਮਿਲਤ ਹਨ ਕਿ ਇਨ੍ਹਾਂ ਦਾ ਨਿਖੇੜਾ ਕਰਨਾ ਅਸੰਭਵ ਹੈ। ਇਕ ਅੰਗ ਵਿਚ ਆਈ ਤਬਦੀਲੀ ਦੂਜੇ ਅੰਗਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ।

(ੲ) ਸਭਿਆਚਾਰਕ ਪਰਿਵਰਤਨ

ਪਰਿਵਰਤਨ ਕੁਦਰਤ ਦਾ ਨਿਯਮ ਹੈ। ਹਰ ਚੀਜ਼ ਜੋ ਹੋਂਦ ਵਿਚ ਆਉਂਦੀ ਹੈ, ਵਿਕਾਸ ਕਰਨ ਮਗਰੋਂ ਖ਼ਤਮ ਹੋ ਜਾਂਦੀ ਹੈ। ਸਭਿਆਚਾਰ ਦੇ ਸੰਬੰਧ ਵਿਚ ਇਹ ਇਕ ਕੁਦਰਤੀ ਸਚਾਈ ਹੈ ਕਿ ਇਹ ਬਦਲਦਾ ਰਹਿੰਦਾ ਹੈ। ਸਭਿਆਚਾਰਕ ਪਰਿਵਰਤਨ ਵਿਚ ਮਨੁੱਖੀ ਪਹੁੰਚ ਕਾਰਜਸ਼ੀਲ ਹੁੰਦੀ ਹੈ। ਇਹ ਪਰਿਵਰਤਨ ਸੰਘਰਸ਼ ਦਾ ਨਤੀਜਾ ਹੁੰਦਾ ਹੈ। ਸਮਾਜ ਅਤੇ ਸਭਿਆਚਾਰ ਵਿਚ ਸਥਾਪਿਤ ਕਦਰਾਂ ਕੀਮਤਾਂ ਨੂੰ ਬਦਲਣਾ ਕੋਈ ਆਸਾਨ ਕੰਮ ਨਹੀਂ ਹੈ। ਸਮਾਜ ਵਿਚ ਜੋ ਮੁੱਲ ਸਥਾਪਤ ਹੋ ਜਾਂਦੇ ਹਨ ਅਤੇ ਉਨ੍ਹਾਂ ਮੁੱਲਾ ਨੂੰ ਬਦਲਣ ਲਈ ਨਵੀਂ ਪੀੜ੍ਹੀ ਨੂੰ ਸੰਘਰਸ਼ ਕਰਨਾ ਪੈਂਦਾ ਹੈ। ਕਈ ਵਾਰ ਚੰਗੀ ਤਬਦੀਲੀ ਦਾ ਵਿਰੋਧ ਹੁੰਦਾ ਹੈ।

ਇਹ ਤਬਦੀਲੀ ਵਿਅਕਤੀ ਜਾਂ ਸਮਾਜ ਦੀ ਇੱਛਾ ਉਤੇ ਨਿਰਭਰ ਕਰਦੀ। ਇਹ ਕੁਦਰਤ ਦਾ ਨਿਯਮ ਹੈ। ਜਦੋਂ ਕੁਦਰਤੀ ਚੌਗਿਰਦੇ ਵਿਚ ਤਬਦੀਲੀ ਆਉਂਦੀ ਹੈ, ਤਾਂ ਮਨੁੱਖ ਆਪਣੇ ਆਪ ਨੂੰ ਉਸਦੇ ਅਨੁਕੂਲ ਢਾਲਣ ਲਈ ਜੂਝਦਾ ਹੈ। ਅਨੁਕੂਲਣ ਦੇ ਇਸ ਅਮਲ ਦੌਰਾਨ ਮਨੁੱਖੀ ਚੇਤੰਨਤਾ ਅਨੇਕਾਂ ਕਾਢਾਂ ਅਤੇ ਲੱਭਤਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪ੍ਰਾਪਤ ਕਰ ਲੈਂਦੀ ਹੈ। ਇਕ ਕਾਢ ਜਾਂ ਲੱਭਤ ਹੀ ਸਭਿਆਚਾਰਕ ਪਰਿਵਰਤਨ ਦਾ ਕਾਰਨ ਬਣਦੀ ਹੈ।

ਸਭਿਆਚਾਰਕ ਪਰਿਵਰਤਨ ਦੇ ਕਾਰਣ

ਸਮਾਜ ਵਿਗਿਆਨੀ ਅਤੇ ਮਾਨਵ ਵਿਗਿਆਨੀ ਸਭਿਆਚਾਰਕ ਪਰਿਵਰਤਨ ਦੇ ਕਾਰਨ ਨੂੰ ਤਿੰਨ ਮੁੱਖ ਹਿੱਸਿਆਂ ਵਿਚ ਵੰਡਦੇ ਹਨ:

(ੳ) ਪ੍ਰਾਕਿਰਤਕ ਮਾਹੌਲ ਵਿਚ ਆਏ ਪਰਿਵਰਤਨ
(ਅ) ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ
(ੲ) ਸਮਾਜ ਦੇ ਬਾਹਰੋਂ ਪ੍ਰਭਾਵ ਪਾਉਣ ਵਾਲੇ ਕਾਰਨ

(ੳ) ਪ੍ਰਾਕਿਰਤਕ ਮਾਹੌਲ ਵਿਚ ਪਰਿਵਰਤਨ ਬਹੁਤ ਧੀਮੀ ਗਤੀ ਨਾਲ ਆਉਂਦੇ ਹਨ। ਕਈ ਵਾਰ ਇਹ ਪਰਿਵਰਤਨ ਸਦੀਆਂ ਬਾਅਦ ਆਉਂਦੇ ਹਨ ਅਤੇ ਇਨ੍ਹਾਂ ਆਏ ਪਰਿਵਰਤਨਾਂ ਦਾ ਪਤਾ ਵੀ ਨਹੀਂ ਲਗਦਾ ਹੈ। ਜਿਵੇਂ ਹਿਮ ਹਲਕੇ ਦਾ ਸੁੰਗੜਨਾ ਆਦਿ। ਦੂਜੇ ਪ੍ਰਾਕਿਰਤਕ ਪਰਿਵਰਤਨ ਬੜੀ ਅਚਨਚੇਤ ਆਉਂਦੇ ਹਨ। ਜੋ ਕਿ ਬਹੁਤ ਹੀ ਹਾਨੀਕਾਰਕ ਹੁੰਦੇ ਹਨ। ਜਿਵੇਂ ਭੁਚਾਲ, ਲਾਵਾ ਫੁੱਟਣਾ ਜਾਂ ਕੋਈ ਭਿਅੰਕਰ ਹੜ੍ਹ ਆਉਣ ਨਾਲ। ਅਜਿਹੇ ਸਮੇਂ ਏਨੀ ਫੁਰਸਤ ਹੀ ਨਹੀਂ ਹੁੰਦੀ ਕਿ ਇਨ੍ਹਾਂ ਬਦਲੀਆਂ ਪਰਿਸਥਿਤੀਆਂ ਅਨੁਸਾਰ ਮਨੁੱਖੀ ਸਮਾਜ ਆਪਣੇ ਆਪ ਨੂੰ ਢਾਲ ਸਕੇ। ਇਹ ਕਾਰਨ ਸਭਿਆਚਾਰਕ ਪਰਿਵਰਤਨ ਦੇ ਦ੍ਰਿਸ਼ਟੀਕੋਣ ਤੋਂ ਬਹੁਤੇ ਮਹੱਤਵਪੂਰਨ ਨਹੀਂ ਹਨ।

ਇਹ ਪ੍ਰਾਕਿਰਤਕ ਕਾਰਨ ਇਕ ਹੋਰ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੋ ਸਕਦੇ ਹਨ। ਜੇਕਰ ਮਨੁੱਖਾ ਸਮੂਹ ਨੂੰ ਕੁਦਰਤੀ ਕਾਰਨਾਂ ਕਰਕੇ ਆਪਣਾ ਜਨਮ ਅਸਥਾਨ ਛੱਡਣਾ ਪਏ ਅਤੇ ਕਿਸੇ ਹੋਰ ਥਾਂ ਤੇ ਜਾ ਕੇ ਟਿਕਣਾ ਪਵੇ ਤਾਂ, ਮਿਸਾਲ ਵਜੋਂ ਸੋਕਾ ਪੈ ਜਾਣ ਕਾਰਨ, ਕਾਲ ਦੀ ਹਾਲਤ ਵਿਚ। ਇਸ ਹਾਲਤ ਵਿਚ ਇਕ ਪੂਰਾ ਸਭਿਆਚਾਰ ਸਮੂਹ ਨਵੇਂ ਕੁਦਰਤੀ ਮਾਹੌਲ ਨੂੰ ਅਪਣਾ ਲੈਂਦਾ ਹੈ ਅਤੇ ਜ਼ਰੂਰ ਇਹ ਮਾਹੌਲ ਪਹਿਲੇ ਨਾਲੋਂ ਵੱਖਰਾ ਹੋਵੇ ਤਾਂ ਫ਼ਰਕ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾਂ ਹੈ।[20] ਪੰਜਾਬ ਦੀ ਧਰਤੀ ਤੇ ਇਥੇ ਦਰਾਵੜ, ਆਰੀਆ, ਹੁਨ ਅਤੇ ਸੇਥੀਅਨ ਕਬੀਲੇ ਆਏ। ਜਦੋਂ ਉਹ ਪੰਜਾਬ ਦੀ ਧਰਤੀ ਤੇ ਆਏ ਤਾਂ ਉਹ ਆਪਣੇ ਸਭਿਆਚਾਰ ਨੂੰ ਉਸੇ ਤਰ੍ਹਾਂ ਕਾਇਮ ਨਹੀਂ ਰੱਖ ਸਕੇ। ਉਨ੍ਹਾਂ ਨੂੰ ਨਵੀਆਂ ਭੂਗੋਲਿਕ ਪਰਿਸਥਿਤੀਆਂ ਕਾਰਨ ਆਪਣੇ ਆਪ ਨੂੰ ਢਾਲਣਾ ਪਿਆ। ਨਵੀਆਂ ਮੁਸੀਬਤਾਂ ਦਾ ਟਾਕਰਾ ਉਨ੍ਹਾਂ ਨੇ ਨਵੇਂ ਢੰਗ ਨਾਲ ਹੀ ਕੀਤਾ।

(ਅ) ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ

ਸਭਿਆਚਾਰਕ ਪਰਿਵਰਤਨ ਦੇ ਸਮਾਜ ਦੇ ਅੰਦਰੋਂ ਪੈਦਾ ਹੋਣ ਵਾਲੇ ਕਾਰਨ ਵਧੇਰੇ ਮਹੱਤਵਪੂਰਨ ਅਤੇ ਕਾਰਜਸ਼ੀਲ ਹਨ। ਪਹਿਲਾ ਕਾਰਣ ਜੋ ਸਮਾਜ ਦੇ ਆਪਣੇ ਹੀ ਅੰਦਰੋਂ ਪੈਦਾ ਹੁੰਦਾ ਹੈ ਕਾਢ ਜਾਂ ਲੱਭਤ ਹੈ। ਕਾਢ ਦੇ ਦੋ ਰੂਪ ਮੰਨੇ ਜਾਂਦੇ ਹਨ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1. ਜਦੋਂ ਕੋਈ ਵਸਤੂ ਪ੍ਰਕਿਰਤੀ ਵਿਚ ਤਾਂ ਹੁੰਦੀ ਹੈ, ਪਰ ਅਜੇ ਮਨੁੱਖੀ ਗਿਆਨ ਅਤੇ ਵਰਤੋਂ ਦਾ ਹਿੱਸਾ ਨਹੀਂ ਬਣੀ ਹੁੰਦੀ।

2. ਜਦੋਂ ਕੋਈ ਵਸਤੂ ਮਨੁੱਖੀ ਗਿਆਨ ਅਤੇ ਵਰਤੋਂ ਦਾ ਭਾਗ ਤਾਂ ਪਹਿਲਾਂ ਹੀ ਹੁੰਦੀ ਹੈ, ਪਰ ਵੱਖੋ ਵੱਖ ਅੰਸ਼ਾਂ ਨੂੰ ਨਵੀਂ ਤਰਤੀਬ ਵਿਚ ਰੱਖ ਕੇ ਵਰਤਿਆ ਜਾਵੇ। ਜਿਵੇਂ ਆਦਿ ਮਨੁੱਖ ਲਈ ਇਹ ਗੱਲ ਬੜੀ ਮਹੱਤਵਪੂਰਨ ਹੋਵੇਗੀ ਕਿ ਪੱਥਰ ਮਾਰਨ ਨਾਲ ਜਾਨਵਰ ਮਰ ਜਾਂਦੇ ਹਨ। ਫਿਰ ਇਸੇ ਪੱਥਰ ਨੂੰ ਤਿੱਖਾ ਘੜ ਕੇ ਤੇਜ਼ ਹਥਿਆਰ ਬਣਾਉਣੇ ਇਹ ਦੂਜੀ ਤਰ੍ਹਾਂ ਦੀ ਕਾਢ ਹੋਂਦ ਵਿਚ ਆਈ। ਇਸ ਤਰ੍ਹਾਂ ਪਹੀਆ ਗੱਡੀ ਉਤੇ ਇੰਜਣ ਰੱਖਣਾ, ਟੋਕੇ ਦੀ ਮਸ਼ੀਨ, ਆਟੋ ਰਿਕਸ਼ਾ ਆਦਿ।

ਮੂਲ ਮਹੱਤਾ ਵਾਲੀਆਂ ਕਾਢਾਂ

ਜਿਵੇਂ ਅੱਗ, ਭਾਵ ਸ਼ਕਰੀ, ਪਹੀਏ ਅਤੇ ਲੀਵਰ ਦੀ ਕਾਢ। ਇਹ ਸਮਾਜ ਵਿਚ ਕ੍ਰਾਂਤੀਕਾਰੀ ਪਰਿਵਰਤਨ ਲਿਆਉਣ ਦੀ ਯੋਗਤਾ ਰੱਖਦੀਆਂ ਹਨ। ਅਗੇ ਤੋਂ ਇਨ੍ਹਾਂ ਦੇ ਆਧਾਰ ਤੇ ਥੋੜੀ ਮਹੱਤਾ ਰੱਖਣ ਵਾਲੀਆਂ ਕਾਢਾਂ ਕਢੀਆਂ ਜਾਂਦੀਆਂ ਹਨ। ਹਰ ਨਵੀਂ ਕਾਢ ਭਾਵੇਂ ਕਿਸੇ ਵਿਸ਼ੇਸ਼ ਵਿਅਕਤੀ ਦੀ ਹੀ ਕੀਤੀ ਹੁੰਦੀ ਹੈ, ਹੋਣੀ ਹੁੰਦੀ ਹੈ, ਜਿਸਦੇ ਨਾਂ ਨਾਲ ਇਹ ਜੋੜੀ ਜਾਂਦੀ ਹੈ, ਪਰ ਕਿਸੇ ਵੀ ਕਾਢ ਲਈ ਮੂਲ ਆਧਾਰ ਵਿਅਕਤੀ ਨਹੀਂ ਸਗੋਂ ਸੰਚਿਤ ਗਿਆਨ ਹੁੰਦਾ ਹੈ। ਸੰਚਿਤ ਗਿਆਨ ਜਿਸ ਪੜਾਅ ਉਤੇ ਹੁੰਦਾ ਹੈ, ਉਸਦੇ ਮੁਤਾਬਕ ਨਵੀਆਂ ਕਾਢਾਂ ਹੋ ਹੀ ਜਾਂਦੀਆਂ ਹਨ ਭਾਵ ਕੋਈ ਇਕ ਵਿਅਕਤੀ ਜਾਂ ਦੂਜਾ।[21] ਉਪਰੋਕਤ ਕਾਰਨ ਹੀ ਇਕ ਕਾਢ ਇਕੋ ਸਮੇਂ ਵੱਖ ਵੱਖ ਵਿਅਕਤੀਆਂ ਵਲੋਂ ਹੋ ਸਕਦੀ ਹੈ। ਕਾਢ ਕੱਢਣ ਪਿਛੋਂ ਉਸ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਆਮ ਤੌਰ ਤੇ ਬਹੁਤ ਸਾਰੀਆਂ ਕਾਢਾਂ ਜਾਂ ਲੱਭਤਾਂ ਸੱਬਬ ਨਾਲ ਹੋਣੀਆਂ ਹਨ। ਇਕ ਕਾਢ ਦੂਜੀ ਨਵੀਂ ਕਢੀ ਕਾਢ ਦਾ ਮੂਲ ਆਧਾਰ ਹੁੰਦਾ ਹੈ।

100066

ਹਰ ਕਾਢ ਜਦੋਂ ਕੱਢੀ ਜਾਂਦੀ ਹੈ ਤਾਂ ਮਨੁੱਖ ਦਾ ਵਿਰੋਧ ਉਦੋਂ ਤਕ ਹੁੰਦਾ ਹੈ ਜਦੋਂ ਕਾਢਾਂ ਦੀ ਗਤੀ ਧੀਮੀ ਹੁੰਦੀ ਹੈ ਪਰ ਜਦੋਂ ਗਤੀ ਤੇਜ਼ ਹੋ ਜਾਂਦੀ ਹੈ ਤਾਂ ਵਿਰੋਧ ਘਟ ਜਾਂਦਾ ਸੀ। ਜਿਵੇਂ ਪਹਿਲੇ ਵਿਗਿਆਨੀ ਗਲੇਲੀਓ, ਨਿਊਟਨ ਆਦਿ ਦੀਆਂ ਕਾਢਾਂ ਦਾ ਬਹੁਤ ਵਿਰੋਧ ਸੀ ਪਰ ਅਜੋਕੇ ਯੁੱਗ ਵਿਚ ਨਿੱਤ ਨਵੀਆਂ ਕਾਢਾਂ ਕੱਢੀਆਂ ਜਾ ਰਹੀਆਂ ਹਨ ਤਾਂ ਵਿਰੋਧ ਵੀ ਘਟ ਗਿਆ ਹੈ।

ਕਾਢਾਂ ਜਾਂ ਲੱਭਤਾਂ ਦਾ ਪਹਿਲਾ ਪ੍ਰਭਾਵ ਸਭਿਆਚਾਰ ਦੇ ਪਦਾਰਥਕ ਪੱਖ ਉਤੇ ਹੀ ਪੈਂਦਾ ਹੈ। ਪਰ ਹੌਲੀ ਹੌਲੀ ਇਹ ਪ੍ਰਤਿਮਾਨਕ ਅਤੇ ਬੌਧਾਤਮਿਕ ਸਭਿਆਚਾਰਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਵਿਅਕਤੀ ਕੇਵਲ ਆਪਣੇ ਪਦਾਰਥਕ ਜੀਵਨ ਨੂੰ ਹੀ ਵਧੀਆ ਨਹੀਂ ਬਣਾਉਂਦਾ ਸਗੋਂ ਸਮਾਜਕ ਸੰਗਠਨ ਵਿਚ, ਸੰਸਥਾਵਾਂ ਸਿਰਜਣ ਅਤੇ ਬਦਲਣ ਵਿਚ ਨਵੇਂ ਰਸਮ ਰਿਵਾਜ ਘੜਨ ਵਿਚ ਵੀ ਤਜਰਬੇ ਕਰਦਾ ਰਹਿੰਦਾ ਹੈ। ਮਦਰਸੇ, ਪਾਠਸ਼ਾਲਾ, ਤੋਂ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਜਾਂ ਸਾਧਾਰਨ ਲੈਣ ਦੇਣ ਦੀ ਥਾਂ ਸਟਾਕ-ਐਕਸਚੇਂਜ਼ ਆਦਿ ਗੈਰ ਪਦਾਰਥਕ ਪੱਖਾਂ ਦੇ ਨਮੂਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਹਨ। ਸਾਇੰਸ ਦੀਆਂ ਨਵੀਆਂ ਕਾਢਾਂ ਅਤੇ ਤਕਨੀਕੀ ਉਨਤੀ ਨੇ ਅਰਥ ਵਿਵਸਥਾ ਵਿਚ ਵੀ ਤਬਦੀਲੀ ਲਿਆਂਦੀ ਹੈ। ਜਿਸ ਕਾਰਨ ਪੇਂਡੂ ਲੋਕਾਂ ਦਾ ਵਿਕਾਸ ਬਹੁਤ ਜਲਦੀ ਨਾਲ ਹੋਇਆ ਹੈ। ਮਸ਼ੀਨੀਕਰਨ ਨਾਲ ਆਵਾਜਾਈ ਦੇ ਸਾਧਨ ਵਧ ਗਏ। ਵਿਦਿਅਕ ਗਿਆਨ ਨਾਲ ਲੋਕਾਂ ਦੇ ਦਿਲਾਂ ਦਿਮਾਗਾਂ ਤਕ ਅਪੜਨ ਦੇ ਨਵੇਂ ਸਾਧਨ ਉਪਲੱਬਧ ਹੁੰਦੇ ਗਏ। ਡਾਰਵਿਨ, ਕਾਰਲ ਮਾਰਕਸ ਅਤੇ ਫਰਾਇਡ ਦੇ ਵਿਚਾਰਾਂ ਦੀ ਰੌਸ਼ਨੀ ਵਿਚ ਪੁਰਾਣੇ ਵਿਚਾਰ ਬਦਲ ਗਏ ਹਨ। ਨਸਬੰਦੀ, ਨਿਰੋਧ ਦੇ ਢੰਗਾਂ ਦੀ ਕਾਢ ਨੇ ਸਾਡੇ ਯੋਨ ਮੁੱਲ ਬਦਲ ਦਿੱਤੇ ਹਨ। 'ਹਰੀ ਕ੍ਰਾਂਤੀ' ਨੇ ਸਮੁੱਚੇ ਪੰਜਾਬੀ ਸਮਾਜਕ ਢਾਂਚੇ ਵਿਚ ਤਬਦੀਲੀ ਲਿਆਂਦੀ ਹੈ।

(ੲ) ਸਮਾਜ ਦੇ ਬਾਹਰੋਂ ਪ੍ਰਭਾਵ ਪਾਉਣ ਵਾਲੇ ਕਾਰਨ

ਸਮਾਜ ਦੇ ਬਾਹਰੋਂ ਪ੍ਰਭਾਵ ਪਾਉਣ ਵਾਲੇ ਦੋ ਕਾਰਨ ਮਹੱਤਵਪੂਰਨ ਹਨ:

1. ਖਿੰਡਾਅ
2. ਸਭਿਆਚਾਰੀਕਰਣ

1. ਖਿੰਡਾਅ

ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਵਿਚਾਰ ਅਨੁਸਾਰ ਜਦੋਂ ਇਕ ਸਮਾਜ ਵਲੋਂ ਕੀਤੀ ਗਈ ਕਾਢ ਨੂੰ ਦੂਜੇ ਸਮਾਜ ਅਪਨਾ ਲੈਣ ਤਾਂ ਇਸ ਅਮਲ ਨੂੰ ਖਿੰਡਾਅ ਕਹਿੰਦੇ ਹਨ।[22] ਖਿੰਡਾਅ ਦੇ ਅਮਲ ਵਿਚ ਇਕ ਸਮਾਜ ਦੇ ਮੈਂਬਰਾਂ ਵਲੋਂ ਦੂਸਰੇ ਕਿਸੇ ਵੀ ਖੇਤਰ ਦੇ ਸਭਿਆਚਾਰਕ ਅੰਸ਼ਾਂ ਨੂੰ ਨਵੀਂ ਇੱਛਾ ਜਾਂ ਸਮਾਜਕ ਲੋੜ ਅਨੁਸਾਰ ਅਪਣਾ ਲਿਆ ਜਾਂਦਾ ਹੈ। ਬਹੁਤ ਸਾਰੇ ਸਮਾਜ ਵਿਗਿਆਨੀ ਅਤੇ ਮਾਨਵ ਵਿਗਿਆਨੀ ਇਸ ਨੂੰ ਸਭਿਆਚਾਰਕ ਪਰਿਵਰਤਨ ਦਾ ਕਾਰਨ ਸਮਝ ਲੈਂਦੇ ਹਨ। ਇਨ੍ਹਾਂ ਲੋਕਾਂ ਦਾ ਵਿਚਾਰ ਹੈ ਕਿ ਸਾਰੀਆਂ ਮਹੱਤਵਪੂਰਨ ਕਾਢਾਂ (ਲਿੱਪੀ ਧਾਤਸਾਜ਼ੀ, ਇਮਾਰਤੀ ਕਲਾ) ਅਤੇ ਲੱਭਤਾਂ ਇਕੋ ਹੀ ਥਾਂ ਹੋਈਆਂ ਸਨ ਤੇ ਫਿਰ ਇਹ ਦੁਨੀਆਂ ਦੇ ਬਾਕੀ ਭਾਗਾਂ ਵਿਚ ਫੈਲੀਆਂ। ਉਨ੍ਹਾਂ ਦਾ ਮੱਤ ਹੈ ਕਿ ਇਹ ਥਾਂ ਮਿਸਰ ਸੀ। ਵੱਖੋ ਵੱਖ ਸੰਸਾਰ ਦੇ ਸਭਿਆਚਾਰਾਂ ਵਿਚ ਆਦਾਨ ਪ੍ਰਦਾਨ ਕੀਤਾ ਸਪਸ਼ਟ ਦਿੱਸਦਾ ਹੈ। ਹਰ ਸਭਿਆਚਾਰ ਨੇ ਦੂਜੇ ਸਭਿਆਚਾਰਾਂ ਦੇ ਪ੍ਰਭਾਵ ਨੂੰ ਵੱਧ ਜਾਂ ਘੱਟ ਕਬੂਲ ਕੀਤਾ ਹੈ। ਬਹੁਤ ਸਾਰੇ ਅੰਸ਼ ਦੂਜਿਆਂ ਸਭਿਆਚਾਰਾਂ ਵਿਚੋਂ ਲੈ ਕੇ ਆਪਣੇ ਸਭਿਆਚਾਰ ਵਿਚ ਫਿੱਟ ਕੀਤੇ ਹਨ। ਗੁਰਬਖ਼ਸ਼ ਸਿੰਘ ਫ਼ਰੈਂਕ[23] ਰਾਲਫ ਲਿੰਟਨ ਦੇ ਹਵਾਲੇ ਨਾਲ ਲਿਖਦੇ ਹਨ ਕਿ ਇਕ ਔਸਤ ਅਮਰੀਕੀ ਸ਼ਹਿਰੀ ਇਕ ਦਿਨ ਸਵੇਰੇ ਉੱਠਣ ਤੋਂ ਲੈ ਕੇ ਰਾਤ ਸੌਣ ਤੱਕ ਦਾ ਸਾਰਾ ਕਾਰਜ ਜੋ ਕੁੱਝ ਕਰਦਾ ਹੈ, ਜੋ ਪਾਉਂਦਾ ਹੈ, ਖਾਂਦਾ ਜਾਂ ਵਰਤਦਾ ਹੈ, ਉਸ ਉਤੇ ਚਾਨਣ ਪਾਇਆ ਹੈ ਕਿ ਉਸ ਦਾ ਮੁੱਢ ਕਿਥੇ ਹੋਇਆ ਅਤੇ ਕਿਹੜੇ ਰਸਤੇ ਅਮਰੀਕਾ ਤੱਕ ਪੁੱਜਾ। ਉਹ ਅਮਰੀਕੀ ਜੋ ਆਪਣੇ ਆਪ ਨੂੰ ਸੌ ਫ਼ੀਸਦੀ ਅਮਰੀਕੀ ਸਮਝਦਾ ਹੈ ਉਹ ਲਗਭਗ ਸੌ ਫ਼ੀਸਦੀ ਦੂਜੇ ਸਭਿਆਚਾਰਾਂ ਦੇ ਅੰਸ਼ਾਂ ਨੂੰ ਵਰਤ ਰਿਹਾ ਹੈ। ਖਿੰਡਾਅ ਦੀ ਮਹੱਤਾ ਨੂੰ ਦਰਸਾਉਂਦੀ ਦੂਜੀ ਗੱਲ ਇਹ ਹੈ ਕਿ ਇਕੋ ਸਮੇਂ ਇਕੋ ਕਾਢ ਵੱਖ ਵੱਖ ਵਿਅਕਤੀਆਂ ਵਲੋਂ ਕੱਢੀ ਜਾਂਦੀ ਹੈ। ਪਰ ਹਰ ਸਭਿਆਚਾਰ ਦੀ ਇਹ ਵਿਲੱਖਣਤਾ ਹੈ ਕਿ ਜਿਹੜੇ ਅੰਸ਼ ਉਹ ਦੂਜੇ ਸਭਿਆਚਾਰਾਂ ਵਿਚੋਂ ਅਪਨਾਉਂਦਾ ਹੈ ਉਨ੍ਹਾਂ ਨੂੰ ਆਪਣੇ ਵਾਤਾਵਰਣ ਅਨੁਕੂਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਣਾ ਕੇ ਵਰਤਦਾ ਹੈ ਜਿਸ ਕਾਰਨ ਉਹ ਉਸ ਸਭਿਆਚਾਰ ਦਾ ਆਪਣਾ ਅੰਗ ਬਣ ਜਾਂਦੇ ਹਨ।

2. ਸਭਿਆਚਾਰੀਕਰਨ

ਸਭਿਆਚਾਰੀਕਰਨ, ਸਭਿਆਚਾਰਕ ਇਕਾਈਆਂ ਦੀ ਇਕ ਦੂਜੇ ਨਾਲ ਆਦਾਨ-ਪ੍ਰਦਾਨ ਦੀ ਪ੍ਰਕਿਰਿਆ ਹੈ। ਅਸਲ ਵਿਚ ਸਭਿਆਚਾਰੀਕਰਨ ਉਨ੍ਹਾਂ ਪਰੰਪਰਾਵਾਂ ਨੂੰ ਆਪਣੇ ਕਲਾਵੇ ਵਿਚ ਲੈਂਦਾ ਹੈ, ਜਿਨ੍ਹਾਂ ਅਨੁਸਾਰ ਵੱਖ ਵੱਖ ਸਭਿਆਚਾਰਾਂ ਦੇ ਵਿਅਕਤੀ-ਸਮੂਹ ਇਕ ਦੂਜੇ ਦੇ ਸਿੱਧੇ ਸੰਪਰਕ ਵਿਚ ਆਉਂਦੇ ਹਨ ਤੇ ਨਤੀਜੇ ਵਜੋਂ ਇਕ ਜਾਂ ਦੋਵੇਂ ਸਭਿਆਚਾਰਾਂ ਦੀਆਂ ਰੂਪ ਵਿਧੀਆਂ ਵਿਚ ਤਬਦੀਲੀਆਂ ਵਾਪਰਦੀਆਂ ਹਨ।[24]

ਸਭਿਆਚਾਰੀਕਰਨ ਨੂੰ ਉਸ ਪ੍ਰਕਿਰਿਆ ਵਜੋਂ ਪਰਿਭਾਸ਼ਤ ਕੀਤਾ ਜਾਂਦਾ ਹੈ, ਜੋ ਵੱਖ ਵੱਖ ਸਭਿਆਚਾਰਾਂ ਦੇ ਸਿੱਧੇ ਸੰਪਰਕ ਵਿਚ ਆਉਣ ਅਤੇ ਇਕ ਦੂਜੇ ਨੂੰ ਪ੍ਰਭਾਵਿਤ ਕਰਨ ਨਾਲ ਵਾਪਰਦੀ ਹੈ। ਇਸ ਤਰ੍ਹਾਂ ਸਭਿਆਚਾਰੀਕਰਨ ਨੂੰ ਸਭਿਆਚਾਰਕ ਤਬਦੀਲੀ ਦੇ ਇਕ ਵਿਲੱਖਣ ਢੰਗ ਨਾਲ ਜਾਣਿਆ ਜਾਂਦਾ ਹੈ, ਜੋ ਖਿੰਡਾਅ ਤੋਂ ਵੱਖਰਾ ਹੈ। ਇਸ ਵਿਚ ਸਿਧੇ ਸੰਪਰਕ ਤੋਂ ਬਿਨਾਂ ਕੰਮ ਨਹੀਂ ਸਰਦਾ। ਇਸ ਤਰ੍ਹਾਂ ਇਹ ਆਪਸੀ ਸਭਿਆਚਾਰਕ ਵਟਾਂਦਰੇ ਦੀ ਪ੍ਰਕਿਰਿਆ ਹੈ।[24] ਕਰੌਬਰ ਦੇ ਮਤ ਅਨੁਸਾਰ - ਵੱਖ ਵੱਖ ਸਭਿਆਚਾਰਾਂ ਦੇ ਲੋਕ-ਸਮੂਹ ਜਦੋਂ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਹਨ, ਤਾਂ ਉਨ੍ਹਾਂ ਦੇ ਵਾਸਤਵਿਕ ਮੁੱਲਾਂ ਤੇ ਰੂਪ ਵਿਧੀਆਂ ਵਿਚ ਪਰਿਵਰਤਨ ਵਾਪਰਦਾ ਹੈ। ਅੰਤ੍ਰ ਕਰਮ ਦੇ ਸਿੱਟੇ ਵਜੋਂ ਕੋਈ ਨਵਾਂ ਤੱਤ ਜਾਂ ਸਮਾਨਤਾ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਸਭਿਆਚਾਰੀਕਰਨ ਨਾਲ ਉਹ ਪਰਿਵਰਤਨ ਸੰਭਵ ਹਨ ਜਿਨ੍ਹਾਂ ਸਦਕਾ ਕੋਈ ਨਵੀਂ ਸਮਰੂਪਤਾ ਹੋਂਦ ਵਿਚ ਆਉਂਦੀ ਹੈ।[25]

ਸਭਿਆਚਾਰੀਕਰਨ ਦਾ ਆਧਾਰ ਕੁਝ ਨਵਾਂ ਪ੍ਰਾਪਤ ਕਰਨਾ ਜਾਂ ਅਪਨਾਉਣਾ ਹੈ। ਦੂਜੇ ਸਭਿਆਚਾਰ ਤੋਂ ਲਈ ਗਈ ਚੀਜ਼ ਨੂੰ ਆਪਣੀ ਲੋੜ ਅਨੁਸਾਰ ਢਾਲਿਆ ਜਾ ਸਕਦਾ ਹੈ।

ਸਭਿਆਚਾਰੀਕਰਨ ਨਾਲ ਜਿਥੇ ਨਵੀਆਂ ਕੀਮਤਾਂ ਪ੍ਰਵਾਨ ਕੀਤੀਆਂ ਜਾਂਦੀਆਂ ਹਨ ਉਥੇ ਪੁਰਾਣੀਆਂ ਤੇ ਮੌਲਿਕ ਕੀਮਤਾਂ ਨੂੰ ਉਪਰ ਚੁੱਕਣ ਦਾ ਸਵੈਮਾਨ ਤੇ ਅਹਿਸਾਸ ਵੀ ਜਾਗਦਾ ਹੈ। ਜਿਵੇਂ ਇਸਾਈ ਮਿਸ਼ਨਰੀਆਂ ਦੇ ਪ੍ਰਚਾਰ ਨਾਲ ਹਿੰਦੂ, ਸਿਖ ਤੇ ਮੁਸਲਮਾਨ ਧਰਮਾਂ ਦੇ ਅਨੁਆਈਆਂ ਵਿਚ ਪੁਨਰ ਧਾਰਮਿਕ ਲਹਿਰਾਂ ਦਾ ਜਨਮ ਇਸੇ ਕਾਰਨ ਹੋਇਆ ਜਿਸ ਕਰਕੇ ਇਹ ਜ਼ਰੂਰੀ ਨਹੀਂ ਕਿ ਸਭਿਆਚਾਰ ਮੇਲ ਇਕ ਦੂਜੇ ਨੂੰ ਪ੍ਰਭਾਵਿਤ ਕਰੇ ਸਗੋਂ ਮਤਭੇਦ ਵੀ ਉਤਪੰਨ ਹੋ ਸਕਦੇ ਹਨ।

ਬਾਹਰੋਂ ਆਏ ਉਨ੍ਹਾਂ ਲੋਕਾਂ ਦਾ ਪ੍ਰਭਾਵ ਹੀ ਚਿਰ ਸਥਾਈ ਹੁੰਦਾ ਹੈ ਜੋ ਇਥੇ ਆ ਕੇ ਆਪਣਾ ਕਬਜ਼ਾ ਜਮਾਉਂਦੇ ਹਨ। ਜਿਵੇਂ ਆਰੀਆ ਅਤੇ ਮੁਗਲਾਂ ਦਾ ਪ੍ਰਭਾਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਧੇਰੇ ਹੈ ਉਨ੍ਹਾਂ ਲੋਕਾਂ ਨਾਲੋਂ ਜਿਹੜੇ ਆਏ ਤੇ ਚਲੇ ਗਏ। ਸਭਿਆਚਾਰੀਕਰਨ ਕਈ ਕਾਰਨਾਂ ਨਾਲ ਪ੍ਰਭਾਵਿਤ ਹੁੰਦਾ ਹੈ। ਕੋਈ ਗੈਰ-ਸਭਿਆਚਾਰ ਕਾਬਜ਼ ਸ਼ਕਤੀ ਦੇ ਰੂਪ ਵਿਚ ਆਉਂਦਾ ਹੈ ਤੇ. ਆਪਣੇ ਜਬਰ ਡਰ ਤੇ ਕਾਨੂੰਨ ਨਾਲ ਆਪਣਾ ਸਭਿਆਜ਼ਾਰ ਅਧੀਨ ਕੌਮ ਉਤੇ ਠੋਸਦਾ ਹੈ। ਆਰੀਆ ਦਰਾਵੜਾਂ ਨੂੰ ਅਤੇ ਮੁਗਲਾਂ ਤੇ ਹੋਰ ਕੌਮਾਂ ਨੇ ਪੰਜਾਬੀ ਸਭਿਆਚਾਰ ਨੂੰ ਸ਼ਕਤੀ ਤੇ ਜ਼ੁਲਮ ਨਾਲ ਪ੍ਰਭਾਵਿਤ ਕੀਤਾ। ਅੰਗਰੇਜ਼ਾਂ ਨੇ ਥੋੜੇ ਸਮੇਂ ਵਿਚ ਹੀ ਬਹੁਤ ਸਾਰੇ ਪੱਖਾਂ ਤੋਂ ਪ੍ਰਭਾਵਿਤ ਕੀਤਾ। ਪੰਜਾਬੀਆਂ ਦੀ ਬੋਲੀ, ਰਸਮ ਰਿਵਾਜ ਤੇ ਪਹਿਰਾਵਾ ਅੱਜ ਤੱਕ ਵੀ ਅੰਗਰੇਜ਼ਾਂ ਦੇ ਰਹਿਣ ਸਹਿਣ ਤੋਂ ਪ੍ਰਭਾਵਿਤ ਹੈ। ਮੁਗਲਾਂ ਤੇ ਅੰਗਰੇਜ਼ਾਂ ਦੇ ਰਾਜ ਵਿਚ ਨੌਕਰੀਆਂ ਦੀ ਪ੍ਰਾਪਤੀ ਤੇ ਹਾਕਮਾਂ ਦੀ ਖੁਸ਼ਾਮਦ ਲਈ ਬੋਲੀ ਤੇ ਪਹਿਰਾਵੇ ਦੀ ਤਬਦੀਲੀ ਸਭਿਆਚਾਰੀਕਰਨ ਦਾ ਕਾਰਨ ਬਣੀ। ਵੱਖੋ ਵੱਖ ਸਭਿਆਚਾਰ ਇਕ ਦੂਜੇ ਨੂੰ ਵੱਧ ਘੱਟ ਪ੍ਰਭਾਵਿਤ ਕਰ ਸਕਦੇ ਹਨ। ਜੇਕਰ ਇਕ ਪੰਜ ਪ੍ਰਤੀਸ਼ਤ ਪ੍ਰਭਾਵਿਤ ਕਰਦਾ ਹੈ ਤਾਂ ਦੂਜਾ ਵੀਹ ਪ੍ਰਤੀਸ਼ਤ ਵੀ ਕਰ ਸਕਦਾ ਹੈ। ਜਿੰਨਾਂ ਪ੍ਰਭਾਵ ਵਧੇਰੇ ਹੋਵੇਗਾ ਸਭਿਆਚਾਰੀਕਰਨ ਉਨਾ ਹੀ ਪ੍ਰਬਲ ਤੇ ਪ੍ਰਤੱਖ ਹੋਵੇਗਾ।

ਸਭਿਆਚਾਰਕ ਪਰਿਵਰਤਨ ਦੀ ਗਤੀ

ਸਭਿਆਚਾਰਕ ਪਰਿਵਰਤਨ ਦੀ ਗਤੀ ਬੜੀ ਧੀਮੀ ਹੁੰਦੀ ਹੈ। ਪ੍ਰੋ. ਪ੍ਰੀਤਮ ਸਿੰਘ ਦੇ ਵਿਚਾਰ ਅਨੁਸਾਰ, "ਅਸੀਂ ਸਮੇਂ ਸਮੇਂ ਕਿਸੇ ਸਿਆਹੀ ਚੂਸ ਵਾਂਗ ਬੜੀ ਸਹਿਜ ਅਵਸਥਾ ਵਿਚ ਗੈਰ-ਪ੍ਰਭਾਵ ਕਬੂਲਦੇ ਤੇ ਆਪਣੇ ਨਿੱਤ ਦੇ ਵਰਤੋਂ ਵਿਹਾਰ, ਸੋਚ-ਵਿਚਾਰ ਤੇ ਬੋਲ ਚਾਲ ਵਿਚ ਅਪਨਾ ਲੈਂਦੇ ਹਾਂ ਕੁਝ ਚਿਰ ਪਿਛੋਂ ਸਾਨੂੰ ਉਨ੍ਹਾਂ ਦੇ ਗੈਰ ਹੋਣ ਦਾ ਚਿਤ ਚੇਤਾ ਵੀ ਨਹੀਂ ਰਹਿੰਦਾ।"[25] ਸਭਿਆਚਾਰ ਇਕ ਜਟਿਲ ਜੁੱਟ ਹੈ ਜਿਸ ਉਪਰ ਸਹਿਜੇ ਕੋਈ ਬਦੇਸ਼ੀ ਪ੍ਰਭਾਵ ਨਹੀਂ ਪੈ ਸਕਦਾ ਹੈ। ਪਰ ਸਮੇਂ ਦੇ ਗੇੜ ਨਾਲ ਗਤੀ ਤੇਜ਼ ਹੋ ਜਾਂਦੀ ਹੈ। ਇਹ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਸਭਿਆਚਾਰ ਦੇ ਕਿਹੜੇ ਅੰਗ ਤੇ ਪਹਿਲਾਂ ਪ੍ਰਭਾਵ ਪੈਂਦਾ ਹੈ ਅਤੇ ਉਹ ਫਿਰ ਦੂਜੇ ਅੰਗਾਂ ਨੂੰ ਕਿਥੋਂ ਤਕ ਪ੍ਰਭਾਵਿਤ ਕਰਦਾ ਹੈ।

ਸਭਿਆਚਾਰੀਕਰਨ ਦੇ ਤਿੰਨ ਮੁੱਖ ਪ੍ਰਭਾਵ ਇਹ ਪੈਂਦੇ ਹਨ। ਪਹਿਲੇ ਸਭਿਆਚਾਰਕ ਤਬਦੀਲੀ ਹੁੰਦੀ ਹੈ। ਇਸ ਨਾਲ ਕਿਸੇ ਸਭਿਆਚਾਰ ਵਿਸ਼ੇਸ਼ ਦੀਆਂ ਪ੍ਰਤੀਨਿਧ ਰੂਪ-ਵਿਧੀਆਂ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਜੀਵਨ ਢੰਗ ਦੀ ਬਹੁਲਤਾ ਕਾਇਮ ਰਹਿੰਦੀ ਹੈ ਪਰ ਕੁਝ ਉਪ-ਸ਼ਾਖਾਵਾਂ ਕਿਸੇ ਹੋਰ ਤੋਂ ਪ੍ਰੇਰਤ ਹੋ ਕੇ ਬਦਲ ਕੇ ਜਾਂ ਅਸਲੀ ਰੂਪ ਵਿਚ ਸਭਿਆਚਾਰ ਦਾ ਅੰਗ ਬਣ ਜਾਂਦੀਆਂ ਹਨ।

ਸਭਿਆਚਾਰੀਕਰਨ ਦਾ ਦੂਜਾ ਸਿੱਟਾ ਇਕਰੂਪਤਾ ਹੈ। ਇਹ ਇਕ ਤਕੜੇ ਸਭਿਆਚਾਰ ਦੀ ਮਾੜੇ ਸਭਿਆਚਾਰ ਨੂੰ ਮਾਰ ਦੇਣ ਵਾਲੀ ਗਲਵਕੜੀ ਹੈ। ਪਰ ਪੂਰਨ ਤੌਰ ਤੇ ਕੋਈ ਸਭਿਆਚਾਰ ਨਸ਼ਟ ਨਹੀਂ ਹੋ ਸਕਦਾ ਹੈ. ਉਸ ਦੇ ਕੁਝ ਅੰਸ਼ ਕਾਇਮ ਰਹਿੰਦੇ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੀਜਾ ਸਿੱਟਾ ਇਹ ਨਿਕਲਦਾ ਹੈ ਕਿ ਇਹ ਇਕ ਨਵੀਂ ਸਭਿਆਚਾਰਕ ਸੋਚ ਦਾ ਆਧਾਰ ਬਣਦਾ ਹੈ। ਦੋਹਾਂ ਸਭਿਆਚਾਰਾਂ ਦੀ ਆਪਸੀ ਵਿਰੋਧਤਾ ਜਾਂ ਨੇੜਤਾ ਦੇ ਸਿੱਟੇ ਵਜੋਂ ਇਕ ਨਵੀਂ ਸ਼ਾਖ ਫੁੱਟਦੀ ਹੈ। ਨਵੀਂ ਸ਼ਾਖਾ ਵਿਚ ਦੋਹਾਂ ਦੇ ਮਿਸ਼ਰਤ ਅੰਸ਼ ਹੁੰਦੇ ਹਨ ਪਰ ਇਸ ਬੁਨਿਆਦੀ ਸੋਚ ਵਿਧੀ ਵਿਚ ਏਨਾ ਫ਼ਰਕ ਹੋ ਜਾਂਦਾ ਹੈ ਕਿ ਇਕ ਨਵੀਂ ਸ਼ਾਖਾ ਬਣ ਜਾਂਦੀ ਹੈ। ਸੂਫ਼ੀਮਤ ਅਤੇ ਸਿੱਖ ਮਤ ਇਸੇ ਸੰਸਲੇਸ਼ਣ ਦਾ ਸਿੱਟਾ ਸੀ।

ਹਵਾਲੇ ਅਤੇ ਟਿੱਪਣੀਆਂ

1. **ਦੀ ਕੈਲਵਿਨਿਸਟਿਕ ਕੌਨਸੈਪਟ ਆਫ ਕਲਚਰ**, ਪੰਨਾ 29
2. ਕਲੇਨ, ਏ. ਅਰਨੈਸਟ, **ਕੰਮਪੈਰੇਟਿਵ ਏਟਿਮਾਲੱਜਿਕਲ ਡਿਕਸ਼ਨਰੀ ਆਫ ਦੀ ਇੰਗਲਿਸ਼ ਲੈਂਗੁਏਜ਼**, ਭਾਗ -1, ਪੰਨਾ 383
3. **ਸਭਿਆਚਾਰ: ਮੁੱਢਲੀ ਜਾਣ ਪਛਾਣ**, ਪੰਨੇ 16-17
4. ਟਾਈਲਰ, ਐਡਵਰਜ ਬੀ., **ਪਰਿਮੀਟਿਵ ਕਲਚਰ**, ਭਾਗ 1, ਪੰਨਾ 2
5. **ਇਨਸਾਈਕਲੋਪੀਡੀਆ ਅਮੈਰੇਕਾਨਾ**, ਭਾਗ 8, ਪੰਨਾ 375
6. **ਏ ਸੈਂਟੀਫਿਕ ਥਿਓਰੀ ਆਫ ਕਲਚਰ ਐਂਡ ਅਦਰ ਐਸੇਜ਼**, ਪੰਨਾ 13
7. **ਕਲਚਰ : ਏ ਕਰਿਟੀਕਲ ਰਿਵਿਊ ਆਫ ਕਨਸੈਪਟਸ ਐਂਡ ਡੈਫੀਨੇਸ਼ਨਜ਼**, ਪੰਨਾ 181
8. **ਸਭਿਆਚਾਰ: ਮੁੱਢਲੀ ਜਾਣ ਪਛਾਣ**, ਪੰਨਾ 21
9. ਉਹੀ, ਪੰਨਾ 26
10. **ਔਨ ਕਲਚਰ ਐਂਡ ਸ਼ੋਸ਼ਲ ਚੇਂਜ**, ਪੰਨਾ 11
11. **ਕਲਚਰ ਐਜ਼ ਪ੍ਰੈਕਟਿਸ**, ਪੰਨਾ 7
12. **ਪੈਟਰਨ ਆਫ ਕਲਚਰ**, ਪੰਨਾ 219
13. **ਲੈਵੀ ਸਤਰਾਸ**, ਪੰਨਾ 15
14. **ਸਭਿਆਚਾਰ : ਮੁੱਢਲੀ ਜਾਣ ਪਛਾਣ**, ਪੰਨਾ 48
15. ਉਹੀ, ਪੰਨਾ 49
16. ਉਹੀ, 1
17. ਉਹੀ, ਪੰਨਾ 30
18. ਉਹੀ, ਪੰਨਾ 31
19. ਉਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

20. ਉਹੀ, ਪੰਨਾ 36

21. ਉਹੀ, ਪੰਨੇ 68-69

22. ਉਹੀ, ਪੰਨੇ 71-72

23. **ਇਨਟਰਨੈਸ਼ਨਲ ਇਨਸਾਈਕਲੋਪੀਡੀਆ ਆਫ ਸ਼ੋਸ਼ਲ ਸਾਇੰਸਜ਼**, ਪੰਨਾ 22

24. ਪੀਟਰ ਬੀ. ਹੈਮੰਡ, **ਐਨ ਇਨਟਰੋਡਕਸ਼ਨ ਟੂ ਕਲਚਰਲ ਐਡ ਐਥਰੋਪੋਲੋਜੀ**, ਪੰਨੇ 379-81

25. **ਪੰਜਾਬ ਤੇ ਪੰਜਾਬੀ ਉਤੇ ਹੋਰ ਬਦੇਸ਼ੀ ਪ੍ਰਭਾਵ**, ਪੰਨਾ 19

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਅਤੇ ਸੰਬੰਧਿਤ ਅਨੁਸ਼ਾਸ਼ਨ

(ੳ) ਸਭਿਆਚਾਰ ਅਤੇ ਸਾਹਿਤ

ਸਾਹਿਤ ਜੀਵਨ ਦੀ ਅਭਿਵਿਅਕਤੀ ਹੈ। ਮਨੁੱਖੀ ਜੀਵਨ ਦਾ ਸਮਾਜ ਨਾਲ ਸਿੱਧਾ ਸੰਬੰਧ ਹੁੰਦਾ ਹੈ। ਸਾਹਿਤ ਵਿਚ ਵਿਅਕਤੀ ਅਤੇ ਵਿਅਕਤੀਗਤ ਜੀਵਨ ਦੇ ਨਾਲ ਨਾਲ ਸਾਮੂਹਿਕ ਜੀਵਨ ਵੀ ਚਿਤ੍ਰਿਤ ਹੋਇਆ ਮਿਲਦਾ ਹੈ। ਇਸੇ ਲਈ ਸਮਾਜ ਦੀਆਂ ਮੂਲ ਪ੍ਰਵਿਰਤੀਆਂ ਦਾ ਸੰਬੰਧ ਸਾਹਿਤ ਦੀਆਂ ਮੂਲ ਪ੍ਰਵਿਰਤੀਆਂ ਨਾਲ ਜੋੜਿਆ ਜਾਂਦਾ ਹੈ।

ਹਰ ਸਾਹਿਤਕ ਰਚਨਾ ਸਭਿਆਚਾਰਕ ਵੀ ਹੁੰਦੀ ਹੈ। ਹਰ ਰਚਨਾ ਦਾ ਜਿਥੇ ਭਾਸ਼ਾਈ ਅਸਿਤਤੱਵ ਹੁੰਦਾ ਹੈ, ਉਥੇ ਉਸ ਦਾ ਸਭਿਆਚਾਰਕ ਅਸਿਤਤੱਵ ਵੀ ਹੁੰਦਾ ਹੈ। ਸਾਹਿਤ ਰਚਨਾ ਇਕ ਮਾਨਵੀ ਪ੍ਰਕਿਰਿਆ ਹੈ, ਜਿਸ ਕਰਕੇ ਹਰ ਸਾਹਿਤਿਕ ਰਚਨਾ ਨੂੰ ਉਸ਼ ਦੇ ਸਹੀ ਸੰਦਰਭ ਵਿਚ ਰਖ ਕੇ ਦੇਖਿਆ ਜਾਣਾ ਚਾਹੀਦਾ ਹੈ। ਇਹ ਸੰਦਰਭ ਸਾਹਿਤ ਅਤੇ ਸਭਿਆਚਾਰ ਦੇ ਪਰਸਪਰ ਸੰਬੰਧ ਉੱਪਰ ਆਧਾਰਿਤ ਹੈ। ਕਿਸੇ ਵੀ ਸਮੇਂ ਦੇ ਸਾਹਿਤ ਨੂੰ ਉਸ ਦੇ ਸਭਿਆਚਾਰਕ ਪ੍ਰਸੰਗ ਵਿਚ ਰੱਖ ਕੇ ਪਰਖਣ ਨਾਲ ਸਾਹਿਤ ਦੇ ਪ੍ਰਯੋਜਨ ਨੂੰ ਸਹੀ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਭਾਵੇਂ ਸਾਹਿਤ ਨਿਰੋਲ ਸਭਿਆਚਾਰ ਦੀ ਪ੍ਰਗਤੀ ਦਾ ਪਰਛਾਵਾਂ ਤਾਂ ਨਹੀਂ ਹੁੰਦਾ, ਪਰ ਇਸ ਦੇ ਇਤਿਹਾਸ ਦਾ ਮੂਲ ਵਸਤੂ ਨਾਲ ਬਹੁਤ ਨੇੜੇ ਦਾ ਸੰਬੰਧ ਹੁੰਦਾ ਹੈ।

ਸਾਹਿਤ ਤੇ ਸਭਿਆਚਾਰ ਦਾ ਸੰਬੰਧ ਬੜਾ ਡੂੰਘਾ ਤੇ ਅਨਿੱਖੜ ਹੈ। ਸਾਹਿਤ ਜਿਥੇ ਸਭਿਆਚਾਰਕ ਕਾਰਨਾਂ ਤੋਂ ਪ੍ਰਭਾਵਿਤ ਹੁੰਦਾ ਹੈ, ਉਥੇ ਸਭਿਆਚਾਰ ਨੂੰ ਪ੍ਰਭਾਵਿਤ ਵੀ ਕਰਦਾ ਹੈ। ਸਾਹਿਤ ਤੋਂ ਕਿਸੇ ਜਾਤੀ ਦੇ ਅੰਦਰਲੇ ਘੋਲਾਂ, ਲੋੜਾਂ ਤੇ ਪ੍ਰਾਪਤੀਆਂ ਦਾ ਪ੍ਰਤਿਬਿੰਬ ਉਘੱੜਦਾ ਹੈ। ਸਾਹਿਤ ਤੇ ਕਲਾ ਦਾ ਜਾਤੀ ਦੇ ਸੁਭਾਵ ਨਾਲ ਇਕ ਸਜੀਵ ਸੰਬੰਧ ਹੈ, ਅਰਥਾਤ ਕਲਾ ਤੇ ਸਾਹਿਤ ਆਪਣੇ ਸਮੇਂ ਦੇ ਸਮਾਜ ਤੇ ਰਾਸ਼ਟਰੀ ਭਾਵਨਾਂ ਦੀ ਅਭਿਵਿਅਕਤੀ ਹੁੰਦੇ ਹਨ। .... ਹਰ ਸਮੇਂ ਦਾ ਪ੍ਰਧਾਨ ਦਰਸ਼ਨ, ਕਲਾ ਤੇ ਸਾਹਿਤ ਉਸ ਸਮੇਂ ਦੀ ਪ੍ਰਧਾਨ ਸ਼੍ਰੇਣੀ ਦੇ ਅਨੁਕੂਲ ਹੋਣਗੇ ਤੇ ਉਸ ਦੇ ਹਿਤਾਂ ਅਨੁਸਾਰ ਉਨ੍ਹਾਂ ਦੇ ਰੂਪ ਨਿਸਚਿਤ ਹੋਣਗੇ।''[1]

ਉਪਰੋਕਤ ਵਿਚਾਰ ਤੋਂ ਇਹ ਸਪਸ਼ਟ ਹੈ ਕਿ ਸਾਹਿਤ ਅਤੇ ਸਭਿਆਚਾਰ ਦਾ ਅਨਿੱਖੜ ਸੰਬੰਧ ਹੈ। ਸਾਹਿਤ ਅਤੇ ਸਭਿਆਚਾਰ ਦੇ ਆਪਸੀ ਸੰਬੰਧ ਦਾ ਵਿਸ਼ਲੇਸ਼ਣ ਦੋ ਢੰਗਾਂ ਨਾਲ ਹੋ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਇਤਿਹਾਸਕ ਕ੍ਰਮ : (ਸਾਹਿਤ ਤੇ ਸਭਿਆਚਾਰ)

ਸਭਿਆਚਾਰਕ ਤਬਦੀਲੀ ਆਉਣ ਨਾਲ ਸਾਹਿਤ ਦੇ ਰੂਪਾਂ ਵਿਚ ਵੀ ਪਰਿਵਰਤਨ ਆਉਂਦਾ ਹੈ। ਬਦੇਸ਼ੀ ਹਕੂਮਤ ਜਦੋਂ ਕਿਸੇ ਮੁਲਕ ਉਤੇ ਕਬਜ਼ਾ ਹਾਸਲ ਕਰਦੀ ਹੈ ਤਾਂ ਉਹ ਤੰਦੂਏ ਵਾਂਗ ਉਸ ਮੁਲਕ ਦੀ ਲਗਭਗ ਹਰ ਸੰਸਥਾ, ਆਰਥਿਕ, ਵਿਦਿਅਕ ਜਾਂ ਧਾਰਮਿਕ ਨੂੰ ਆਪਣੀ ਜਕੜ ਵਿਚ ਲੈ ਆਉਂਦੀ ਹੈ। ਸਭਿਆਚਾਰਕ ਸਥਿਤੀ ਦੇ ਪਰਿਵਰਤਨ ਨਾਲ ਉਸ ਸਮਾਜ ਦੇ ਸਾਹਿਤਿਕ ਸੁਹਜ ਸੁਆਦ ਅਤੇ ਰੁਪਾਕਾਰਾਂ ਵਿਚ ਵੀ ਪਰਿਵਰਤਨ ਆਉਂਦਾ ਹੈ। ਸਭਿਆਚਾਰਕ ਰੂਪਾਂਤਰਣ ਦੇ ਅਨੇਕਾਂ ਪੱਖ ਸਾਹਿਤ ਦੇ ਅਧਿਐਨ ਦੁਆਰਾ ਨਿਰਧਾਰਿਤ ਕੀਤੇ ਜਾ ਸਕਦੇ ਹਨ। ਏਥਨਜ਼ ਸਭਿਆਚਾਰ ਨੇ ਰੋਮਨ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ ਅਤੇ ਰੋਮਨ ਸਭਿਆਚਾਰ ਨੇ ਬਰਤਾਨੀਆਂ ਦੇ ਸਭਿਆਚਾਰ ਨੂੰ ਪ੍ਰਭਾਵਿਤ ਕੀਤਾ।

ਰਾਜਾ ਕਲਾਉਡਿਸ ਦੇ ਸਮੇਂ ਪਹਿਲੀ ਸ਼ਤਾਬਦੀ ਦੇ ਮੱਧ ਵਿਚ ਰੋਮ ਨੇ ਬਰਤਾਨੀਆਂ ਤੇ ਹਮਲਾ ਕੀਤਾ ਅਤੇ ਇਸ ਭਾਗ ਤੇ ਕਬਜ਼ਾ ਕਰ ਲਿਆ। ਬਰਤਾਨੀਆਂ ਰੋਮ ਦਾ ਇਕ ਸੂਬਾ ਬਣ ਗਿਆ। ਰੋਮ ਦੇ ਸ਼ਾਸ਼ਨ ਪ੍ਰਬੰਧ ਨਾਲ ਰੋਮ ਦਾ ਸਭਿਆਚਾਰ ਬਰਤਾਨੀਆਂ ਵਿਚ ਆ ਗਿਆ। ਰੋਮ ਆਪਣੀਆਂ ਫ਼ੌਜਾਂ ਦੇ ਨਾਲ ਆਪਣੇ ਕਾਨੂੰਨ, ਆਪਣੀ ਭਾਸ਼ਾ, ਆਪਣਾ ਸਾਹਿਤ ਅਤੇ ਆਪਣੀ ਵਿਦਿਅਕ ਪ੍ਰਣਾਲੀ ਲੈ ਕੇ ਆਇਆ। ਇਸ ਵਿਦਿਅਕ ਪ੍ਰਣਾਲੀ ਨੂੰ ਰੋਮ ਨੇ ਬਰਤਾਨੀਆਂ ਤੇ ਲਾਗੂ ਕੀਤਾ।[2]

ਇਸੇ ਤਰ੍ਹਾਂ ਪੰਜਾਬ ਅਤੇ ਪੰਜਾਬੀ ਸਾਹਿਤ ਤੇ ਵੀ ਸਮੇਂ ਸਮੇਂ ਸਭਿਆਚਾਰਕ ਪਰਿਵਰਤਨ ਪ੍ਰਭਾਵ ਪਾਉਂਦੇ ਰਹੇ ਹਨ। ਇਥੇ ਸਭ ਤੋਂ ਪਹਿਲਾ ਪ੍ਰਭਾਵ ਇਸਲਾਮੀ ਸਭਿਆਚਾਰ ਅਤੇ ਭਾਰਤੀ ਸਾਹਿਤ ਦਾ ਪਿਆ। ਪੰਜਾਬੀ ਭਾਸ਼ਾ ਵਿਚ ਫ਼ਾਰਸੀ ਅਤੇ ਅਰਬੀ ਸ਼ਬਦ ਲੱਭੇ ਜਾ ਸਕਦੇ ਹਨ। ਪੰਜਾਬੀ ਸਾਹਿਤ ਵਿਚ ਅਰਬੀ ਈਰਾਨੀ ਨਾਇਕ, ਨਵੇਂ ਰੂਪਕ, ਅਲੰਕਾਰ ਅਤੇ ਨਵਾਂ ਕਿੱਸਾ ਰੂਪ, ਮੁਸਲਿਮ ਸਭਿਆਚਾਰ ਕਾਰਨ ਆਏ।[3]

ਭਾਰਤ ਵਿਚ ਅੰਗਰੇਜ਼ੀ ਰਾਜ ਦੀ ਸਥਾਪਤੀ ਨੇ ਸਾਡੇ ਸਭਿਆਚਾਰ ਅਤੇ ਸਾਹਿਤ ਨੂੰ ਪ੍ਰਭਾਵਿਤ ਕੀਤਾ। ਪੱਛਮੀ ਪ੍ਰਭਾਵ ਅਧੀਨ ਨਿਸ਼ਚੇ ਹੀ ਭਾਰਤੀ ਭਾਸ਼ਾਵਾਂ ਅਤੇ ਉਨ੍ਹਾਂ ਦੇ ਸਾਹਿਤ ਦਾ ਕਾਇਆ ਕਲਪ ਹੋਇਆ। ਇਹ ਇਕ ਅਜੇਹੀ ਤਬਦੀਲੀ ਸੀ ਜੋ ਸਾਡੇ ਸਾਰੇ ਪੁਰਾਤਨ ਇਤਿਹਾਸ ਵਿਚ ਪਹਿਲੇ ਕਦੀ ਨਹੀਂ ਸੀ ਹੋਈ। ਇਸ ਪ੍ਰਭਾਵ ਅਧੀਨ ਨਵੇਂ ਸਾਹਿਤਿਕ ਰੂਪ ਆਏ। ਇਸ ਸਮੁੱਚੀ ਚਰਚਾ ਦਾ ਇਹ ਸਿੱਟਾ ਨਿਕਲਦਾ ਹੈ ਕਿ ਸਭਿਆਚਾਰਕ ਪਰਿਵਰਤਨ ਨਾਲ ਸਾਹਿਤ ਦੇ ਰੂਪ ਵਿਚ ਵੀ ਤਬਦੀਲੀ ਆਉਂਦੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਾਹਿਤ ਅਤੇ ਸਭਿਆਚਾਰ

ਸਾਹਿਤ ਆਪਣੇ ਸਮੇਂ ਦੀਆਂ ਸਭਿਆਚਾਰਕ ਗਤੀ ਵਿਧੀਆਂ ਨਾਲ ਅਨਿੱਖੜ ਤੌਰ ਤੇ ਜੁੜਿਆ ਹੁੰਦਾ ਹੈ। ਚੰਗਾ ਸਾਹਿਤ ਆਪਣੇ ਪਾਤਰਾਂ ਨੂੰ ਸਮੇਂ ਦੀਆਂ ਸਮਾਜਕ ਤੇ ਸਭਿਆਚਾਰਕ ਕੀਮਤਾਂ ਵਿਚੋਂ ਉਸਾਰ ਕੇ ਪੇਸ਼ ਕਰਦਾ ਹੈ। ਇਸ ਲਈ ਉਹ ਜ਼ਿੰਦਗੀ ਦੀਆਂ ਢਹਿੰਦੀਆਂ ਜਾਂ ਉੱਸਰਦੀਆਂ ਕੀਮਤਾਂ ਦੇ ਪ੍ਰਤੀਨਿਧ ਬਣਦੇ ਹਨ। ਇਸ ਪ੍ਰਕਾਰ ਸਾਹਿਤ ਮਨੁੱਖ ਦੀ ਇਸ ਆਪਣੀ ਹੋਣੀ ਨਾਲ ਹਾੜਾ ਲੈਣ ਦੀ ਕਹਾਣੀ ਹੈ।[4]

ਆਦਿ ਮਨੁੱਖ ਦਾ ਕੁਦਰਤ ਬਾਰੇ ਦ੍ਰਿਸ਼ਟੀਕੋਣ ਸ਼ਰਧਾਮਈ ਸੀ। ਉਹ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਦਾ ਸੀ। ਉਹ ਕੁਦਰਤੀ ਸ਼ਕਤੀਆਂ ਨੂੰ ਆਪਣੇ ਸੁਖ ਲਈ ਵਰਤਨ ਲਈ, ਉਨ੍ਹਾਂ ਨੂੰ ਖੁਸ਼ ਕਰਨ ਲਈ, ਨੱਚਦਾ ਅਤੇ ਗਾਉਂਦਾ ਸੀ। ਸੋ ਇਹ ਸਮਾਂ ਭਾਵਕ ਕਵਿਤਾ ਲਈ ਅਨੁਕੂਲ ਸੀ। ਇਨ੍ਹਾਂ ਕਾਵਿ ਰਚਨਾਵਾਂ ਵਿਚ ਪਰਾਸਰੀਰਕ ਸ਼ਕਤੀਆਂ ਵਿਚ ਵਿਸ਼ਵਾਸ ਪ੍ਰਗਟ ਕੀਤਾ ਜਾਂਦਾ ਸੀ। ਜਿਉਂ ਜਿਉਂ ਵਿਅਕਤੀ ਬੌਧਿਕ ਬਣਦਾ ਗਿਆ ਅਤੇ ਉਹ ਗੱਲ ਦਲੀਲ ਨਾਲ ਕਰਨ ਲੱਗਾ ਤਾਂ ਕਵਿਤਾ ਦੀ ਥਾਂ ਵਾਰਤਕ ਆਉਣ ਲੱਗੀ। ਪਰ ਮੁੱਢਲਾ ਸੰਸਾਰ ਸਾਹਿਤ ਕਵਿਤਾ ਵਿਚ ਹੀ ਹੈ।

ਕਿੱਸਾ ਕਾਵਿ ਜਾਗੀਰਦਾਰੀ ਸਮਾਜ ਦੀ ਦੇਣ ਹੈ। ਅਜੇਹੇ ਸਮਾਜਕ ਪ੍ਰਬੰਧ ਵਿਚ ਉਪੱਜ ਦਾ ਇਕੋ ਇਕ ਸਾਧਨ ਜ਼ਮੀਨ ਅਤੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੁੰਦਾ ਸੀ। ਲੋਕਾਂ ਪਾਸ ਵਿਹਲ ਦੀ ਘਾਟ ਨਹੀਂ ਹੁੰਦੀ ਸੀ। ਲੋਕ ਸਿੱਧੀਆਂ ਸਾਦੀਆਂ ਕਹਾਣੀਆਂ ਸੁਣ ਕੇ ਖੁਸ਼ ਹੁੰਦੇ ਸਨ। ਇਸ ਸਮੇਂ ਉਦਯੋਗਿਕ ਸਮਾਜ ਵੇਲੇ ਦੀਆਂ ਸਮਾਜਕ ਗੁੰਝਲਾਂ ਅਤੇ ਮਾਨਸਿਕ ਵਿਰੋਧਤਾਵਾਂ ਨੇ ਅਜੇ ਜਨਮ ਨਹੀਂ ਲਿਆ ਸੀ। ਜਦੋਂ ਜਾਗੀਰਦਾਰੀ ਪ੍ਰਥਾ ਚਾਲੂ ਸੀ, ਕਿੱਸਾਕਾਰਾਂ ਨੇ ਕਿੱਸਾ ਕਾਵਿ ਨੂੰ ਆਪਣਾ ਵਿਸ਼ੇਸ਼ ਮਾਧਿਅਮ ਬਣਾਇਆ ਕਿੱਸਾਕਾਰਾਂ ਨੇ ਸਮੁੱਚੇ ਪੰਜਾਬੀ ਜੀਵਨ ਅਤੇ ਸਭਿਆਚਾਰ ਦਾ ਚਿਤ੍ਰਣ ਕੀਤਾ ਹੈ। ਦਮੋਦਰ, ਮੁਕਬਲ, ਹਾਸ਼ਿਮ ਆਦਿ ਦੇ ਕਿੱਸਿਆਂ ਵਿਚ ਸਭਿਆਚਾਰਕ ਪਕੜ ਬੜੀ ਗਹਿਰੀ ਹੈ। ਉਨ੍ਹਾਂ ਨੇ ਲੋਕਾਂ ਦੇ ਜੀਵਨ ਨਾਲ ਇਕਮਿਕਤਾ ਬਣਾਈ ਰੱਖੀ। ਉਨ੍ਹਾਂ ਦੇ ਵਿਸ਼ਵਾਸ, ਧਾਰਮਿਕ ਭਾਵਨਾਵਾਂ, ਪ੍ਰਚਲਿਤ ਰਸਮ ਰਿਵਾਜਾਂ ਦਾ ਵਰਣਨ ਕਰਕੇ ਉਨ੍ਹਾਂ ਨਾਲ ਆਪਣੀ ਸਾਂਝ ਕਾਇਮ ਰੱਖੀ।

ਅੰਗਰੇਜ਼ੀ ਸਾਮਰਾਜ ਦੇ ਸਥਾਪਿਤ ਹੋਣ ਨਾਲ ਜਾਗੀਰਦਾਰੀ ਪ੍ਰਬੰਧ ਦੀ ਥਾਂ ਪੂੰਜੀਵਾਦੀ ਅਤੇ ਸਾਮਰਾਜੀ ਪ੍ਰਬੰਧ ਦੀ ਸਥਾਪਤੀ ਹੋ ਗਈ। ਪੂੰਜੀਵਾਦੀ ਪ੍ਰਬੰਧ ਦੀ ਆਰਥਿਕ ਤੇ ਪਦਾਰਥਕ ਹਾਲਤ ਜਾਗੀਰਦਾਰੀ ਪ੍ਰਬੰਧ ਨਾਲੋਂ ਵੱਖਰੀ ਹੁੰਦੀ ਹੈ। ਪੂੰਜੀਵਾਦੀ ਸਮਾਜ ਦੀ ਮਰਯਾਦਾ ਅਤੇ ਜਾਗੀਰਦਾਰੀ ਸਮਾਜ ਦੀ ਮਰਯਾਦਾ ਵਿਚ ਫ਼ੇਰ ਅੰਤਰ ਸੀ। ਇਨ੍ਹਾਂ ਦੋਹਾਂ ਦੀ ਸਭਿਆਚਾਰਕ ਤੇ ਸਾਹਿਤਿਕ ਪਿੱਠ-ਭੂਮੀ ਵੀ ਵੱਖ ਵੱਖ ਸੀ। ਜ਼ਰੂਰੀ ਨਹੀਂ ਸੀ ਕਿ ਇਕ ਸਮੇਂ ਦੀ ਕਵਿਤਾ ਬਦਲੇ ਹੋਏ ਦੂਜੇ ਸਮੇਂ ਦੇ ਪਾਠਕਾਂ ਸਰੋਤਿਆਂ ਨੂੰ ਤ੍ਰਿਪਤ ਕਰ ਸਕਦੀ ਹੈ। ਵਿਗਿਆਨ ਤੇ ਪੱਛਮੀ ਵਿਦਿਆ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੇ ਸਮਾਜਕ ਕਰਦਾਂ-ਕੀਮਤਾਂ ਵਿਚ ਵੱਡੀ ਤਬਦੀਲੀ ਲੈ ਆਂਦੀ ਸੀ। ਯੁੱਗ ਦੇ ਬਦਲਦੇ ਚਿੰਤਨ ਨੂੰ ਅਭਿਵਿਅਕਤ ਕਰਨ ਲਈ ਚਿੰਤਕ ਨੂੰ ਨਵੇਂ ਮਾਧਿਅਮ ਤੇ ਨਵੇਂ ਰੂਪਾਕਾਰਾਂ ਦੀ ਜ਼ਰੂਰਤ ਪੈਂਦੀ ਹੈ। ਸਮਾਜਿਕ ਸਥਿਤੀ ਦੇ ਪਰਿਵਰਤਨ ਨਾਲ ਨਵੀਂ ਪੀੜ੍ਹੀ ਦੀਆਂ ਭਾਵਨਾਵਾਂ ਤੇ ਰੁਚੀਆਂ ਨੂੰ ਪੇਸ਼ ਕਰਨ ਲਈ ਢੁਕਵੇਂ ਤੇ ਅਨੁਕੂਲ ਸਾਹਿਤ ਰੂਪਾਂ ਦੀ ਲੋੜ ਸੀ। ਸਾਹਿਤ ਆਪਣੇ ਸਮੇਂ ਦੀਆਂ ਸਭਿਆਚਾਰਕ ਗਤੀ-ਵਿਧੀਆਂ ਨਾਲ ਅਨਿੱਖੜ ਤੌਰ ਤੇ ਜੁੜਿਆ ਹੁੰਦਾ ਹੈ। ਸਾਹਿਤ ਆਪਣੇ ਪਾਤਰਾਂ ਨੂੰ ਸਮੇਂ ਦੀਆਂ ਸਮਾਜਕ ਤੇ ਸਭਿਆਚਾਰਕ ਕੀਮਤਾਂ ਵਿਚ ਉਸਰਦੇ ਪੇਸ਼ ਕਰਦਾ ਹੈ। ਪੱਛਮੀ ਪ੍ਰਭਾਵ ਅਧੀਨ ਨਵੀਂ ਸਭਿਆਚਾਰਕ ਚੇਤਨਾ ਨੇ ਭਾਰਤੀ ਜੀਵਨ ਅਤੇ ਸਭਿਆਚਾਰ ਦੇ ਯੁੱਗਾਂ ਪੁਰਾਣੇ ਆਧਾਰ ਅਤੇ ਸੰਸਥਾਵਾਂ ਨੂੰ ਝੰਜੋੜ ਕੇ ਭਾਰਤ ਦੀ ਆਰਥਿਕ, ਰਾਜਨੀਤਕ ਸਮਾਜਕ ਵਿਵਸਤਾ ਅਤੇ ਸਭਿਆਚਾਰਕ ਚੇਤਨਾ ਵਿਚ ਉਹ ਸਥਿਤੀ ਪੈਦਾ ਕਰ ਦਿੱਤੀ ਜਿਸ ਨੂੰ ਆਧੁਨਿਕਤਾ ਦਾ ਖ਼ਮੀਰ ਆਖਿਆ ਜਾ ਸਕਦਾ ਹੈ। ਪੁਰਾਣੀਆਂ ਕੀਮਤਾਂ, ਵਿਸ਼ਵਾਸਾਂ, ਸਮਾਜਕ ਰਵਾਇਤਾਂ ਅਤੇ ਪ੍ਰਤਿਮਾਨਾਂ ਨੂੰ ਨਵੀਂ ਜੇਤੂ ਪੱਛਮੀ ਸਭਿਅਤਾ ਅਤੇ ਸਭਿਆਚਾਰ ਨੇ ਪ੍ਰਭਾਵਿਤ ਕੀਤਾ। ਇਸ ਲਈ ਨਵੇਂ ਸਾਹਿਤ ਰੂਪ ਨਿੱਕੀ ਕਵਿਤਾ, ਨਾਟਕ, ਨਿੱਕੀ ਕਹਾਣੀ ਅਤੇ ਨਾਵਲ ਹੋਂਦ ਵਿਚ ਆਏ। ਨਵੇਂ ਸਾਹਿਤ ਰੂਪਾਂ ਵਿਚ ਨਵੇਂ ਸਭਿਆਚਾਰ ਦਾ ਚਿਤ੍ਰਣ ਕੀਤਾ ਜਾਂਦਾ ਸੀ ਜਿਸ ਕਰਕੇ ਲੋਕਾਂ ਨੇ ਇਨ੍ਹਾਂ ਨਵੇਂ ਸਾਹਿਤਕ ਰੂਪਾਂ ਨੂੰ ਪਸੰਦ ਕੀਤਾ।

ਦੂਸਰਾ ਸਾਹਿਤ ਅਤੇ ਸਭਿਆਚਾਰ ਦਾ ਸੰਬੰਧ ਸਾਹਿਤ ਦੀ ਸਿਰਜਨਾ ਨੂੰ ਪ੍ਰਕਿਰਿਆ ਅਤੇ ਸਿਰਜਣ ਸੰਬੰਧ ਨਾਲ ਹੈ। ਸਾਹਿਤ ਦੇ ਮੁਖ ਤੱਤ ਵਿਸ਼ਾ ਵਸਤੂ, ਵਿਚਾਰ, ਭਾਵ, ਸ਼ੈਲੀ, ਸੁਹਜ ਅਤੇ ਸੱਚ ਹਨ। ਸਾਹਿਤ ਦੇ ਇਨ੍ਹਾਂ ਤੱਤਾਂ ਦਾ ਸਭਿਆਚਾਰ ਨਾਲ ਅਨਿੱਖੜ ਸੰਬੰਧ ਹੈ।

ਸਾਹਿਤ ਨੂੰ ਸਮਾਜ ਦਾ ਦਰਪਣ ਕਿਹਾ ਗਿਆ ਹੈ। ਇਸ ਲਈ ਹਰ ਸਾਹਿਤਕਾਰ ਆਪਣੀਆਂ ਰਚਨਾਵਾਂ ਦੇ ਵਿਸ਼ੈ ਸਮਾਜ ਵਿਚ ਵਾਪਰ ਰਹੀਆਂ ਘਟਨਾਵਾਂ ਅਤੇ ਸਮੱਸਿਆਵਾਂ ਵਿਚੋਂ ਲੈਂਦਾ ਹੈ। ਲੋਕਾਂ ਵਿਚ ਵਧੇਰੇ ਉਹੀ ਰਚਨਾਵਾਂ ਮਕਬੂਲ ਹੋਈਆਂ ਹਨ ਜੋ ਲੋਕ ਜੀਵਨ ਨੂੰ ਚਿਤ੍ਰਿਤ ਕਰਦੀਆਂ ਹਨ। ਉੱਤਮ ਸਾਹਿਤ ਦੀ ਸਿਰਜਨਾ ਕਰਨ ਵਾਸਤੇ ਸਾਹਿਤ, ਸਮਾਜ ਅਤੇ ਸਭਿਆਚਾਰ ਦੀ ਇਕਸੁਰਤਾ ਜ਼ਰੂਰੀ ਹੈ। ਮੱਧਕਾਲੀ ਕਿੱਸਾ ਕਾਵਿ ਮੱਧਕਾਲੀ ਸਮਾਜ ਤੇ ਸਭਿਆਚਾਰ ਦਾ ਚਿਤ੍ਰਣ ਕਰਦਾ ਹੈ। ਇਸ ਲਈ ਇਹ ਸਾਹਿਤ ਰੂਪ ਉਸ ਸਮੇਂ ਲੋਕਾਂ ਵਿਚ ਬੜਾ ਮਕਬੂਲ ਹੋਇਆ ਹੈ। ਪਰ ਵੀਹਵੀਂ ਸਦੀ ਦੇ ਕਿੱਸਾਕਾਰ ਵੀ ਮੱਧਕਾਲੀ ਕਦਰਾਂ ਕੀਮਤਾਂ ਦਾ ਵਰਣਨ ਕਰਦੇ ਹਨ ਨਾ ਕਿ ਨਵੇਂ ਪੱਛਮੀ ਸਭਿਆਚਾਰ ਦਾ। ਜਿਸ ਕਾਰਨ ਵੀਹਵੀਂ ਸਦੀ ਵਿਚ ਕਿੱਸਾ ਕਾਵਿ ਦੀ ਅਨਵਤੀ ਹੋ ਗਈ।

ਸਾਹਿਤ ਸਭਿਆਚਾਰ ਦਾ ਇਕ ਅੰਗ ਹੈ। ਹਰ ਸਾਹਿਤ ਰੂਪ ਦਾ ਸਭਿਆਚਾਰ ਵਿਚਲੇ ਲੋਕਾਂ ਦੀ ਨਿੱਤ ਦੀ ਜ਼ਿੰਦਗੀ , ਉਨ੍ਹਾਂ ਦੀਆਂ ਹਾਰਾਂ ਜਿੱਤਾਂ, ਰੋਣ ਧੋਣ, ਵਹਿਮ ਭਰਮ ਤੇ ਉਨ੍ਹਾਂ ਦੀਆਂ ਸੱਧਰਾਂ ਨਾਲ ਬੜਾ ਨੇੜਲਾ ਸੰਬੰਧ ਹੁੰਦਾ ਹੈ। ਲੋਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਹਿਤ ਆਪਣੇ ਸਭਿਆਚਾਰ ਵਿਚੋਂ ਉਸਰੇ ਬਿੰਬਾਂ ਤੇ ਪ੍ਰਤੀਕਾਂ ਰਾਹੀਂ ਲੋਕ ਬੋਲੀ ਵਿਚ ਲੋਕ ਕਿਰਤ ਹੈ। ਇਸੇ ਲਈ ਲੋਕ ਸਾਹਿਤ ਲੋਕ ਸੰਸਕ੍ਰਿਤੀ ਦੀ ਮੂੰਹ ਬੋਲਦੀ ਤਸਵੀਰ ਹੁੰਦਾ ਹੈ। ਪੰਜਾਬ ਦਾ ਲੋਕ ਸਾਹਿਤ ਪੰਜਾਬੀ ਸਭਿਆਚਾਰ ਨਾਲ ਜੁੜਿਆ ਹੋਣ ਕਰਕੇ ਹੀ ਪੰਜਾਬੀ ਸਮਾਜ, ਲੋਕ ਧਰਮ, ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੀ ਮਨੁੱਖ ਤੇ ਪ੍ਰਕਿਰਤੀ ਬਾਰੇ ਸਮਝ ਦਾ ਸ਼ੀਸ਼ਾ ਹੈ। ਸਾਹਿਤ ਦਾ ਵਿਸ਼ੈ ਸਭਿਆਚਾਰ ਦਾ ਕੋਈ ਵੀ ਅੰਗ ਹੋ ਸਕਦਾ ਹੈ। ਪਰ ਜ਼ਰੂਰੀ ਸ਼ਰਤ ਕੇਵਲ ਇਹੀ ਹੈ ਕਿ ਸਾਹਿਤ ਵਿਚ ਉਹ ਅੰਗ ਕੇਵਲ ਮਨੁੱਖੀ ਸੁਭਾਅ ਦੇ ਬਿੰਬ ਜਾਂ ਪ੍ਰਤੀਕ ਰੂਪ ਵਿਚ ਹੀ ਪ੍ਰਗਟ ਹੋਵੇ। ਇਸ ਤਰ੍ਹਾਂ ਸਾਹਿਤ ਮਨੁੱਖੀ ਰਿਸ਼ਤਿਆਂ ਵਿਚ ਵਾਪਰ ਰਹੇ ਦਵੰਦਾਂ ਨੂੰ ਉਸਾਰ ਦੀ ਪੱਧਰ ਤੇ ਪੇਸ਼ ਕਰਕੇ ਸੱਚ ਨੂੰ ਪਕੜਣ ਦਾ ਯਤਨ ਕਰਦਾ ਹੈ। ਸਾਹਿਤ ਵਿਚ ਮਨੁੱਖੀ ਸੁਭਾਅ ਵਿਸ਼ੇਸ਼ ਪ੍ਰਕਾਰ ਦੇ ਰਿਸ਼ਤਿਆਂ ਵਿਚ ਬੱਝੇ ਵਿਅਕਤੀ ਤੇ ਮਨੁੱਖਾਂ ਦੇ ਕਾਰਜਾਂ ਤੇ ਵਰਤੋਂ ਵਿਹਾਰ ਦੇ ਰੂਪ ਵਿਚ ਪ੍ਰਸਤੁਤ ਹੁੰਦਾ ਹੈ।

ਸਾਹਿਤਕਾਰ ਇਕ ਤਰ੍ਹਾਂ ਦਾ ਸੱਚ ਪੇਸ਼ ਕਰਦਾ ਹੈ ਤੇ ਲਾਜ਼ਮੀ ਤੌਰ ਤੇ ਇਹ ਸੱਚ ਹੀ ਇਤਿਹਾਸਕ ਅਤੇ ਸਮਾਜਕ ਸੱਚ ਹੁੰਦਾ ਹੈ, ਪਰ ਇਹ ਸਿਰਜਿੱਤ ਸੱਚ ਹੈ, ਸਥਾਪਤ ਸੱਚ ਦਾ ਪ੍ਰਤਿਨਿਧ ਨਹੀਂ। ਸਾਹਿਤਕਾਰ ਦੀ ਸਿਰਜਨਾਤਮਕ ਦ੍ਰਿਸ਼ਟੀ ਲਾਜ਼ਮੀ ਤੌਰ ਤੇ ਕਿਸੇ ਵੀ ਸਮਾਜ ਦ੍ਰਿਸ਼ਟੀ ਦੀ ਵੈਰੀ ਨਹੀਂ, ਪਰ ਉਹ ਨਿਸ਼ਚੇ ਹੀ ਪਿਛਲੱਗ ਵੀ ਨਹੀਂ।

ਉਪਰੋਕਤ ਵਿਸ਼ਲੇਸ਼ਣ ਤੋਂ ਇਹ ਸਪੱਸ਼ਟ ਹੈ ਕਿ ਸਾਹਿਤ ਅਤੇ ਸਭਿਆਚਾਰ ਦਾ ਅਨਿੱਖੜ ਸੰਬੰਧ ਹੈ। ਦੋਵੇਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਵੀ ਹਨ ਅਤੇ ਪ੍ਰਭਾਵਿਤ ਹੁੰਦੇ ਵੀ ਹਨ।

(ਅ) ਸਭਿਆਚਾਰ ਅਤੇ ਭਾਸ਼ਾ

ਸਭਿਆਚਾਰ ਅਤੇ ਭਾਸ਼ਾ ਦਾ ਗਹਿਰਾ ਸੰਬੰਧ ਹੈ। ਭਾਸ਼ਾ ਤੋਂ ਬਿਨਾਂ ਸਭਿਆਚਾਰ ਦੀ ਹੋਂਦ ਨੂੰ ਮੰਨਿਆਂ ਹੀ ਨਹੀਂ ਜਾ ਸਕਦਾ ਹੈ। ਭਾਸ਼ਾ ਦੀ ਲੋੜ ਉਦੋਂ ਪੈਂਦੀ ਹੈ, ਜਦੋਂ ਮਨੁੱਖ ਨੇ ਕਿਸੇ ਦੂਜੇ ਮਨੁੱਖ ਨਾਲ ਗੱਲ ਕਰਨੀ ਹੋਵੇ। ਇਕੱਲੇ ਵਿਅਕਤੀ ਨੂੰ ਭਾਸ਼ਾ ਦੀ ਲੋੜ ਨਹੀਂ ਹੈ ਅਤੇ ਨਾ ਹੀ ਇਕੱਲੇ ਵਿਅਕਤੀ ਦੀ ਕੋਈ ਭਾਸ਼ਾ ਹੋ ਸਕਦੀ ਹੈ। ਉਹੋ ਭਾਸ਼ਾ ਠੀਕ ਅਤੇ ਮੁਖ ਮੰਨੀ ਜਾਂਦੀ ਹੈ ਜਿਸਨੂੰ ਸਮਾਜ ਦੀ ਪ੍ਰਵਾਨਗੀ ਪ੍ਰਾਪਤ ਹੋਵੇ। ਕਿਸੇ ਮਨੁੱਖ ਦੀ ਭਾਸ਼ਾ ਵਿਚ ਜੇ ਸਮਾਜ ਦੀ ਭਾਸ਼ਾ ਨਾਲੋਂ ਕੋਈ ਵੱਖਰਾ ਲੱਛਣ ਹੋਵੇ ਤਾਂ ਉਹ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ।

ਕਿਸੇ ਇਕ ਸਭਿਆਚਾਰ ਨੂੰ ਕਿਸੇ ਹੋਰ ਸਭਿਆਚਾਰ ਦੀ ਭਾਸ਼ਾ ਵਿਚ ਪ੍ਰਸਤੁਤ ਨਹੀਂ ਕੀਤਾ ਜਾ ਸਕਦਾ। ਵੱਖੋ ਵੱਖ ਸਭਿਆਚਾਰਾਂ ਦੀ ਵੱਖੋ ਵੱਖਰੀ ਭਾਸ਼ਾ ਹੁੰਦੀ ਹੈ। ਉਸ ਸਭਿਆਚਾਰ ਦੀ ਭਾਸ਼ਾ ਹੀ ਉਸ ਸਭਿਆਚਾਰ ਨੂੰ ਪੇਸ਼ ਕਰ ਸਕਦੀ ਹੈ ਹੋਰ ਕੋਈ ਨਹੀਂ। ਪੰਜਾਬੀ ਸਭਿਆਚਾਰ ਦੀ ਭਾਸ਼ਾ ਪੰਜਾਬੀ ਹੈ। ਪੰਜਾਬੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭਿਆਚਾਰ ਪੰਜਾਬੀ ਭਾਸ਼ਾ ਵਿਚ ਵਧੇਰੇ ਵਧੀਆ ਢੰਗ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਜੇਕਰ ਕੋਈ ਵਿਅਕਤੀ ਅੰਗਰੇਜ਼ੀ ਭਾਸ਼ਾ ਰਾਹੀਂ ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਨ ਦੀ ਗੱਲ ਕਰੇਗਾ ਤਾਂ ਉਹ ਉਸ ਵਿਚ ਅਸਫਲ ਰਹੇਗਾ। ਹਰ ਕਿਸੇ ਸਭਿਆਚਾਰ ਵਿਚ ਪ੍ਰਚਲਿਤ ਰੀਤੀ ਰਿਵਾਜ਼ ਖਾਣ ਪੀਣ ਦੇ ਢੰਗ ਵੱਖੋ ਵੱਖਰੇ ਹੁੰਦੇ ਹਨ। ਅਜਿਹੀ ਸਾਮਗਰੀ ਨੂੰ ਪੇਸ਼ ਕਰਨ ਲਈ ਉਸ ਦੀ ਆਪਣੀ ਭਾਸ਼ਾ ਹੀ ਵਧੇਰੇ ਠੀਕ ਰਹਿੰਦੀ ਹੈ। ਮਿਸਾਲ ਦੇ ਤੌਰ ਪੰਜਾਬੀ ਰਿਸ਼ਤੇ ਨਾਤੇ ਵਿਚ ਵੱਖੋ ਵੱਖਰੇ ਰਿਸ਼ਤੇ ਲਈ ਵੱਖੋ ਵੱਖ ਸ਼ਬਦ ਹਨ। ਜਿਵੇਂ ਪੰਜਾਬੀ ਸਭਿਆਚਾਰ ਵਿਚ ਚਾਚਾ, ਤਾਇਆ, ਮਾਸੜ, ਮਾਮਾ ਆਦਿ ਵਿਅਕਤੀ ਦੇ ਵੱਖੋ ਵੱਖ ਰਿਸ਼ਤਿਆਂ ਲਈ ਵਰਤੇ ਗਏ ਸ਼ਬਦ ਹਨ ਜਿਨ੍ਹਾਂ ਦੇ ਅਰਥ ਸਪਸ਼ਟ ਹਨ ਭਾਵ ਪਿਉ ਦੇ ਛੋਟੇ ਭਰਾ ਲਈ ਚਾਚਾ, ਵੱਡੇ ਭਰਾ ਲਈ ਤਾਇਆ, ਮਾਂ ਦੇ ਭਰਾ ਲਈ ਮਾਮਾ, ਮਾਂ ਦੇ ਜੀਜੇ ਲਈ ਮਾਸੜ ਸ਼ਬਦ ਹਨ। ਪਰ ਜੇਕਰ ਪੰਜਾਬੀ ਰਿਸ਼ਤੇ ਨਾਤੇ ਦਾ ਵਰਣਨ ਕੋਈ ਵਿਅਕਤੀ ਅੰਗਰੇਜ਼ੀ ਵਿਚ ਕਰੇਗਾ ਤਾਂ ਉਹ ਇਕੋ ਸ਼ਬਦ Uncle (ਅੰਕਲ) ਦੀ ਵਰਤੋਂ ਕਰੇਗਾ। ਪੰਜਾਬੀ ਸਭਿਆਚਾਰ ਦੇ ਪਿਛੋਕੜ ਵਾਲਾ ਵਿਅਕਤੀ ਜਦੋਂ ਇਸ ਨੂੰ ਅੰਗਰੇਜ਼ੀ ਵਿਚ ਪੜ੍ਹੇਗਾ ਤਾਂ ਉਹ (ਅੰਕਲ) ਸ਼ਬਦ ਨੂੰ ਪੜ੍ਹਕੇ ਦੁਬਿਧਾ ਵਿਚ ਫਸ ਜਾਵੇਗਾ ਉਸ ਲਈ ਇਹ ਨਿਰਣਾ ਕਰਨਾ ਮੁਸ਼ਕਲ ਹੋਵੇਗਾ ਕਿ ਅਜੋਕਾ ਸ਼ਬਦ ਕਿਸ ਰਿਸ਼ਤੇ ਲਈ ਵਰਤਿਆ ਹੈ। ਇਸੇ ਤਰ੍ਹਾਂ ਪੰਜਾਬੀ ਦੇ ਹੋਰ ਸ਼ਬਦ ਹਨ ਗੜ੍ਹਵੀ, ਪਕੌੜੇ ਆਦਿ ਜਿਨ੍ਹਾਂ ਦਾ ਸਾਮਾਨਾਰਥਕ ਸ਼ਬਦ ਅੰਗਰੇਜ਼ੀ ਵਿੱਚ ਕੋਈ ਨਹੀਂ ਹੈ।

ਭਾਸ਼ਾ ਅਤੇ ਸਭਿਆਚਾਰ ਦੋਵੇਂ ਹੀ ਪਰਿਵਰਤਨਸ਼ੀਲ ਅਤੇ ਵਿਕਾਸ ਕਰਦੇ ਹਨ। ਸਭਿਆਚਾਰ ਵਿਕਾਸ ਕਰਦਾ ਹੈ ਉਸਦੇ ਨਾਲ ਹੀ ਭਾਸ਼ਾ ਵੀ ਉਸ ਤੋਂ ਪਿਛੇ ਨਹੀਂ ਰਹਿੰਦੀ ਹੈ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਜੇਕਰ ਅਸੀਂ ਇਤਿਹਾਸਕ ਕਾਲ ਕ੍ਰਮ ਨਾਲ ਵੇਖੀਏ ਤਾਂ ਦੋਹਾਂ ਵਿਚ ਪਰਿਵਰਤਨ ਅਤੇ ਵਿਕਾਸ ਹੁੰਦਾ ਰਿਹਾ ਹੈ। ਹਰਸ਼ ਵਰਧਨ ਤੋਂ ਪਿਛੋਂ ਭਾਰਤ ਨਿੱਕੇ ਨਿੱਕੇ ਰਾਜਾਂ ਵਿਚ ਵੰਡਿਆ ਗਿਆ। ਪੰਜਾਬ ਵਿਚ ਵੀ ਕਬੀਲੇ ਇਕੱਤਰ ਹੋ ਕੇ ਇਕ ਸਾਂਝੇ ਸਭਿਆਚਾਰ ਦੀ ਸਿਰਜਨਾ ਵਲ ਵੱਧ ਰਹੇ ਸਨ। ਖੇਤੀ ਬਾੜੀ ਉੱਨਤ ਹੋ ਰਹੀ ਸੀ। ਜਾਤ ਪਾਤ ਦੇ ਬੰਧਨ ਟੁੱਟ ਰਹੇ ਸਨ। ਕੰਮ ਦੇ ਆਧਾਰ ਤੇ ਨਵਾਂ ਜਾਤੀ ਪ੍ਰਬੰਧ ਚਾਲੂ ਹੋਇਆ। ਇਸ ਦੇ ਨਾਲ ਸੰਸਕ੍ਰਿਤ ਭਾਸ਼ਾ, ਪ੍ਰਾਕਿਰਤਾਂ ਅਤੇ ਅਪਭ੍ਰੰਸ਼ਾਂ ਪ੍ਰਚਲਿਤ ਹੋਈਆਂ ਜੋ ਪਿਛੋਂ ਨਵੀਨ ਭਾਰਤੀ ਭਾਸ਼ਾਵਾਂ ਦਾ ਸੋਮਾ ਬਣੀਆਂ। ਫਿਰ ਜਾਤ ਪਾਤ ਪਿਤਾ ਪੁਰਖੀ ਬਣ ਗਈ। ਇਸ ਨਵੀਂ ਸਮਾਜਿਕ ਅਤੇ ਸਭਿਆਚਾਰਕ ਤਬਦੀਲੀ ਨਾਲ ਬ੍ਰਾਹਮਣਵਾਦ ਦੀ ਪੁੱਛ ਗਿੱਛ ਘਟ ਗਈ। ਸਤਵੀਂ ਸਦੀ ਵਿਚ ਨਵੀਨ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਸੁਰਜੀਤ ਹੋਣਾ ਸ਼ੁਰੂ ਹੋਇਆ।

ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦਾ ਪਹਿਲੀ ਵਾਰ ਪ੍ਰਗਟਾ ਨਾਥਾਂ ਜੋਗੀਆਂ ਦੀ ਕਵਿਤਾ ਵਿਚ ਹੋਇਆ ਜੋ ਬ੍ਰਾਹਮਣਵਾਦ ਦੀ ਵਿਰੋਧੀ ਸੀ ਅਤੇ ਜਾਗੀਰਦਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸਮਾਜ ਦੀ ਸੋਚ ਦੀ ਪ੍ਰਤੀਨਿਧਤਾ ਕਰਦੀ ਸੀ। ਬ੍ਰਾਹਮਣੀ ਸਮਾਜ ਦੀ ਬੋਲੀ ਸੰਸਕ੍ਰਿਤ ਸੀ ਪਰ ਹੁਣ ਇਸ ਦਾ ਵਿਰੋਧ ਕਰਨ ਵਾਸਤੇ ਲੋਕ ਬੋਲੀ ਦੀ ਲੋੜ ਸੀ। ਨਾਥਾਂ ਜੋਗੀਆਂ ਨੇ ਪੰਜਾਬੀ ਭਾਸ਼ਾ ਨੂੰ ਆਪਣੇ ਪ੍ਰਗਟਾ ਦਾ ਮਾਧਿਅਮ ਬਣਾਇਆ।

ਇਸ ਪਿਛੋਂ ਮੁਸਲਿਮ ਰਾਜ ਸਥਾਪਿਤ ਹੋਣ ਨਾਲ ਮੁਸਲਮਾਨੀ ਸਭਿਆਚਾਰ ਦਾ ਪ੍ਰਭਾਵ ਪੰਜਾਬੀ ਸਭਿਆਚਾਰ ਤੇ ਪੈਣ ਲੱਗਾ। ਸੂਫ਼ੀਮੱਤ ਨੇ ਮੁਸਲਿਮ ਪਰੰਪਰਾ ਨੂੰ ਪ੍ਰਗਟਾਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਮੁਸਲਿਮ ਸਭਿਆਚਾਰ ਨੂੰ ਅਭਿਵਿਅਕਤ ਕਰਨ ਲਈ ਮੁਸਲਮਾਨੀ ਸ਼ਬਦਾਵਲੀ ਦੀ ਵਰਤੋਂ ਕੀਤੀ ਜਿਸ ਨਾਲ ਅਰਬੀ ਫ਼ਾਰਸੀ ਦੇ ਅਨੇਕਾਂ ਸ਼ਬਦ ਪੰਜਾਬੀ ਵਿਚ ਸੰਮਿਲਤ ਹੋ ਗਏ। ਇਸ ਤਰ੍ਹਾਂ ਜਿਉਂ ਜਿਉਂ ਪੰਜਾਬੀ ਸਭਿਆਚਾਰ ਵਿਕਾਸ ਕਰਦਾ ਗਿਆ ਤਿਵੇਂ ਤਿਵੇਂ ਭਾਸ਼ਾ ਵੀ ਵਿਕਾਸ ਕਰਦੀ ਗਈ। ਅੰਗਰੇਜ਼ੀ ਰਾਜ ਸਮੇਂ ਅਨੇਕਾਂ ਅੰਗਰੇਜ਼ੀ ਦੇ ਸ਼ਬਦ ਪੰਜਾਬੀ ਭਾਸ਼ਾ ਵਿਚ ਸੰਮਿਲਤ ਹੋ ਗਏ। ਆਜ਼ਾਦ ਭਾਰਤ ਸਮੇਂ ਅਰਬੀ, ਫ਼ਾਰਸੀ ਤੇ ਅੰਗਰੇਜ਼ੀ ਦਾ ਪ੍ਰਭਾਵ ਘਟਨ ਨਾਲ ਪੰਜਾਬੀ ਭਾਸ਼ਾ ਦਾ ਝੁਕਾਅ ਹਿੰਦੀ ਸੰਸਕ੍ਰਿਤ ਵੱਲ ਹੋਇਆ। ਸਭਿਆਚਾਰਕ ਪਰਿਵਰਤਨ ਨਾਲ ਭਾਸ਼ਾ ਵਿਚ ਵੀ ਪਰਿਵਰਤਨ ਹੁੰਦਾ ਰਿਹਾ ਹੈ। ਗੁਰੂ ਨਾਨਕ ਕਾਲ ਅਤੇ ਅਜੋਕੇ ਯੁਗ ਦੀ ਪੰਜਾਬੀ ਵਾਰਤਕ ਵਿਚ ਕਿੰਨਾ ਫ਼ਰਕ ਹੈ। ਜਿਸ ਤਰ੍ਹਾਂ ਸਭਿਆਚਾਰਕ ਵਿਕਾਸ ਨਾਲ ਅਸੀਂ ਕੁਝ ਪਰੰਪਰਾਗਤ ਗੱਲਾਂ ਨੂੰ ਛੱਡਦੇ ਹੋਏ ਨਵੀਆਂ ਨੂੰ ਗ੍ਰਹਿਣ ਕਰਦੇ ਜਾਂਦੇ ਹਾਂ ਇਸ ਤਰ੍ਹਾਂ ਭਾਸ਼ਾ ਵਿਚ ਅਜਿਹਾ ਪਰਿਵਰਤਨ ਤੇ ਵਿਕਾਸ ਨਿਰੰਤਰ ਚਾਲੂ ਰਹਿੰਦਾ ਹੈ।

ਹਰ ਸਭਿਆਚਾਰ ਦਿਸਦੇ ਤੇ ਅਣ-ਦਿਸਦੇ ਸੰਸਾਰ ਦੇ ਸਥੂਲ ਅਤੇ ਸੂਖਮ ਪਦਾਰਥਾਂ, ਸੰਕਲਪਾਂ ਨੂੰ ਆਪਣੀ ਰੁੱਚੀ ਅਨੁਸਾਰ ਸ਼ਰੇਣੀ-ਬੱਧ ਕਰਦਾ ਹੈ, ਅਤੇ ਇੰਨ੍ਹਾਂ ਸ਼ਰੇਣੀਆਂ ਤੇ ਉੱਪ ਸ਼ਰੇਣੀਆਂ ਨੂੰ ਕਿਸੇ ਧੁਨੀ ਚਿੰਨ੍ਹ (ਸ਼ਬਦ) ਨਾਲ ਅੰਕਿਤ ਕਰਦਾ ਹੈ। ਸ਼ਰੇਣੀਆਂ ਤੇ ਉੱਪ ਸ਼ਰੇਣੀਆਂ ਦੀਆਂ ਹੱਦਾਂ ਹਰ ਸਭਿਆਚਾਰ ਵਿਚ ਵੱਖੋ-ਵੱਖਰੀਆਂ ਹੁੰਦੀਆਂ ਹਨ। ਕਿਸੇ ਦੋ ਸਭਿਆਚਾਰਾਂ ਵਿਚ ਸ਼ਰੇਣੀਆਂ ਦੇ ਰੂਪ ਤੇ ਹੱਦਾਂ ਠੀਕ ਠੀਕ ਸਾਂਵੀਆਂ ਨਹੀਂ ਹੁੰਦੀਆਂ। ਏਸੇ ਲਈ ਵੱਖੋ ਵੱਖ ਸਭਿਆਚਾਰਾਂ ਦੇ ਲੋਕਾਂ ਦੀ ਸੋਚ ਵੀ ਵੱਖੋ ਵੱਖਰੀ ਹੁੰਦੀ ਹੈ। ਸਮਾਜ ਦੀ ਭਾਸ਼ਾ ਸਮਾਜ ਦੀ ਵਿਚਾਰਧਾਰਾ ਨੂੰ ਜ਼ਰੂਰ[3] ਪ੍ਰਭਾਵਿਤ ਕਰਦੀ ਹੈ।

ਹਰ ਭਾਸ਼ਾ ਦੀ ਆਪਣੀ ਲਿੱਪੀ ਹੁੰਦੀ ਹੈ ਅਤੇ ਉਹ ਲਿੱਪੀ ਸਭਿਆਚਾਰ ਦੀਆਂ ਲੋੜਾਂ ਅਨੁਸਾਰ ਹੁੰਦੀ ਹੈ। ਇਸ ਕਰਕੇ ਹਰ ਭਾਸ਼ਾ ਨੂੰ ਉਸੇ ਲਿਪੀ ਵਿਚ ਲਿਖਣ ਨਾਲ ਹੀ ਸਭਿਆਚਾਰ ਨੂੰ ਠੀਕ ਢੰਗ ਨਾਲ ਪੇਸ ਕੀਤਾ ਜਾ ਸਕਦਾ ਹੈ। ਭਾਸ਼ਾ ਅਤੇ ਸਭਿਆਚਾਰ ਵਿਚ ਭਾਵੇਂ ਕੁਝ ਗੱਲਾਂ ਵਿਚ ਵਖਰੇਵਾਂ ਹੈ ਪਰ ਫਿਰ ਵੀ ਦੋਹਾਂ ਦਾ ਅਨਿੱਖੜ ਸੰਬੰਧ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੲ) ਸਭਿਆਚਾਰ ਅਤੇ ਭੂਗੋਲ

ਮਨੁੱਖ ਅਤੇ ਪ੍ਰਕਿਰਤੀ ਵਿਚਕਾਰ ਬਹੁਤ ਨੇੜਲਾ ਸੰਬੰਧ ਹੈ। ਭਿੰਨ ਭਿੰਨ ਤਰ੍ਹਾਂ ਦੀਆਂ ਕੁਦਰਤੀ ਹਾਲਤਾਂ ਕਾਰਨ ਭਿੰਨ ਭਿੰਨ ਤਰ੍ਹਾਂ ਦੇ ਸਭਿਆਚਾਰਕ ਇਲਾਕੇ ਹੋਂਦ ਵਿਚ ਆਉਂਦੇ ਹਨ। ਹਰ ਇਲਾਕੇ ਦੀਆਂ ਭੂਗੋਲਿਕ ਹਾਲਤਾਂ ਉਥੋਂ ਦੇ ਲੋਕਾਂ ਦੇ ਸਭਿਆਚਾਰ ਨੂੰ ਪ੍ਰਭਾਵਿਤ ਕਰਦੀਆਂ ਹਨ। ਕਿਸੇ ਸਭਿਆਚਾਰਕ ਇਲਾਕੇ ਦੀ ਇਲਾਕਾਈ ਸਥਿਤੀ ਆਪਣੇ ਆਪ ਵਿਚ ਇਕ ਮਹੱਤਵਪੂਰਨ ਅੰਸ਼ ਹੈ। ਹਰ ਸਭਿਆਚਾਰ ਆਪਣਾ ਨਾਂ ਉਸ ਭੂਗੋਲਿਕ ਇਲਾਕੇ ਤੋਂ ਪ੍ਰਾਪਤ ਕਰਦਾ ਹੈ। ਪੰਜਾਬ ਦਾ ਨਾਂ ਵੀ ਇਥੋਂ ਦੀ ਭੂਗੋਲਿਕ ਵਿਸ਼ੇਸ਼ਤਾ ਕਾਰਨ ਹੀ ਪਿਆ ਹੈ। ਪੰਜ+ਆਬ ਪੰਜ ਪਾਣੀਆ/ਦਰਿਆਵਾਂ ਦੀ ਧਰਤੀ। ਪੰਜਾਬ ਦੀ ਭੂਗੋਲਿਕ ਸਥਿਤੀ ਕਾਰਨ ਹੀ ਇਥੋਂ ਦੇ ਸਭਿਆਚਾਰ ਦੇ ਕੁਝ ਨਿੱਖਵੇਂ ਲੱਛਣ ਹਨ। ਪੰਜਾਬ ਇਕ ਸਰਹੱਦੀ ਇਲਾਕਾ ਹੈ। ਇਸ ਲਈ ਸ਼ੁਰੂ ਤੋਂ ਬਾਹਰਲੇ ਹਮਲਾਆਵਰਾਂ ਦੀ ਖੜਕ ਭੂਮੀ ਪੰਜਾਬ ਹੀ ਰਿਹਾ ਹੈ। ਬਾਹਰਲੇ ਸਭਿਆਚਾਰ ਦਾ ਪੰਜਾਬੀ ਸਭਿਆਚਾਰ ਤੇ ਪ੍ਰਭਾਵ ਪੈਣਾ ਕੁਦਰਤੀ ਹੀ ਸੀ। ਪੰਜਾਬੀ ਸਭਿਆਚਾਰ ਇਕ ਮਿਸ਼ਰਤ ਸਭਿਆਚਾਰ ਹੈ। ਨਿੱਤ ਦੀਆਂ ਜੰਗਾਂ ਕਾਰਨ ਪੰਜਾਬੀ ਸਰੀਰਕ ਤੌਰ ਤੇ ਰਿਸ਼ਟ ਪੁਸ਼ਟ ਹਨ। ਇਨ੍ਹਾਂ ਦੀ ਚੰਗੀ ਸਿਹਤ ਦਾ ਦੂਜਾ ਕਾਰਨ ਇਨ੍ਹਾਂ ਦੀ ਚੰਗੀ ਖੁਰਾਕ ਹੈ। ਪੰਜਾਬ ਦੀ ਧਰਤੀ ਉਪਜਾਊ ਅਤੇ ਇਥੋਂ ਦੀਆਂ ਭੂਗੋਲਿਕ ਹਾਲਤਾਂ ਖੇਤੀਬਾੜੀ ਦੇ ਧੰਦੇ ਲਈ ਵਧੇਰੇ ਅਨੁਕੂਲ ਹਨ। ਇਸੇ ਲਈ ਪੰਜਾਬੀ ਰੱਜ ਕੇ ਵਾਹੁੰਦੇ ਅਤੇ ਰੱਜ ਕੇ ਖਾਂਦੇ ਹਨ। ਇਨ੍ਹਾਂ ਨੇ ਦਰਿਆਵਾਂ ਦੇ ਵਹਿਣਾਂ ਨੂੰ ਮੋੜ ਕੇ ਅਤੇ ਜੰਗਲਾਂ ਨੂੰ ਕੱਟ ਕੇ ਇਥੋਂ ਦੀ ਧਰਤੀ ਨੂੰ ਵਾਹੀ ਯੋਗ ਬਣਾ ਲਿਆ ਹੈ।

ਸਭਿਆਚਾਰ ਅਤੇ ਭੂਗੋਲ ਦਾ ਅੰਤਰ ਸੰਬੰਧ ਹੈ। ਭੂਗੋਲ ਤੋਂ ਭਾਵ ਉਹ ਕੁਦਰਤੀ ਹਾਲਤਾਂ ਹਨ ਜਿਹੜੀਆਂ ਸਭਿਆਚਾਰ-ਵਿਸ਼ੇਸ਼ ਦੇ ਇਲਾਕੇ ਵਿਚ ਮਿਲਦੀਆਂ ਹਨ। ਇਸ ਵਿਚ ਜ਼ਮੀਨ ਦੀ ਕਿਸਮ (ਪੱਧਰੀ, ਕਲਰੀ, ਉਪਜਾਊ) ਜਲ ਸਾਧਨਾਂ ਦੀ ਹੋਂਦ ਜਾਂ ਅਣਹੋਂਦ, ਵਾਯੂ ਮੰਡਲ ਦਾ ਤਾਪਮਾਨ, ਵਰਖਾ ਦੀ ਮਾਤਰਾ, ਪਹਾੜਾਂ, ਜੰਗਲਾਂ, ਰੇਗਿਸਤਾਨਾਂ ਦੀ ਹੋਂਦ-ਅਣਹੋਂਦ, ਕੁਦਰਤੀ ਖਣਿਜ ਪਦਾਰਥ ਆਦਿ ਸ਼ਾਮਲ ਹਨ। ਪੰਜਾਬ ਦੇ ਭੂਗੋਲ ਵਿਚ ਉਪਰੋਕਤ ਕੁਦਰਤੀ ਸਾਧਨ ਸਨ। ਜਿਨ੍ਹਾਂ ਨੇ ਇਥੋਂ ਦੀ ਆਰਥਿਕ ਸਥਿਤੀ ਨੂੰ ਵਧੇਰੇ ਤਕੜਾ ਕੀਤਾ ਹੈ। ਇਸ ਕਾਰਨ ਪੰਜਾਬੀ ਖੁਲ੍ਹ ਦਿਲੇ, ਪ੍ਰਾਹੁਣਚਾਰੀ ਵਿਚ ਸਭ ਤੋਂ ਅੱਗੇ ਹਨ। ਇਸੇ ਕਾਰਨ ਮੇਲੇ ਤੇ ਤਿਉਹਾਰਾਂ ਦਾ ਹੜ੍ਹ ਵਗਿਆ ਹੋਇਆ ਹੈ। ਇਸੇ ਲਈ ਸਮਾਜ ਵਿਗਿਆਨੀਆਂ ਦਾ ਵਿਚਾਰ ਹੈ ਕਿਸ਼ੇ ਸਭਿਆਚਾਰ ਦੀ ਆਧਾਰ ਸ਼ਿਲਾ ਉਥੋਂ ਦਾ ਭੂਗੋਲ ਹੈ। ਬਹੁਤ ਸਾਰੇ ਮਾਨਵ ਵਿਗਿਆਨੀਆਂ ਦਾ ਵਿਚਾਰ ਹੈ ਕਿ ਚੌਗਿਰਦਾ ਮਨੁੱਖੀ ਜੀਵਨ ਉਤੇ ਸਭ ਤੋਂ ਵੱਧ ਪ੍ਰਭਾਵ ਪਾਉਂਦਾ ਹੈ। ਮਨੁੱਖ ਦੀ ਦਿੱਖ, ਉਸਦਾ ਕੰਮ ਕਾਰ, ਉਸਦੀ ਮਾਨਸਿਕ ਬਣਤਰ, ਭੂਗੋਲਿਕ ਪ੍ਰਭਾਵਾਂ ਉੱਤੇ ਨਿਰਭਰ ਕਰਦੀ ਹੈ। ਮਨੁੱਖ ਅਤੇ ਪ੍ਰਕਿਰਤੀ ਦੀ ਸਾਂਝੀ ਸ਼ਕਤੀ ਨਾ ਕੇਵਲ ਸਭਿਆਚਾਰ ਨੂੰ ਜਨਮ ਦਿੰਦੀ ਹੈ ਸਗੋਂ ਉਸ ਦੀ ਹੋਂਦ ਨੂੰ ਕਾਇਮ ਰੱਖਦੀ ਹੈ। ਵਿਅਕਤੀ ਦੀ ਸ਼ਕਤੀ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਯੋਗਤਾ, ਉਸਦੇ ਕੰਮ ਦਾ ਸੁਭਾਅ, ਉਸ ਦੇ ਪਹਿਰਾਵੇ ਦਾ ਰੂਪ ਅਤੇ ਉਸ ਦਾ ਆਚਰਣ ਆਦਿ ਜੀਵਨ ਦੇ ਮਹੱਤਵਪੂਰਨ ਪੱਖ ਭੂਗੋਲਿਕ ਹਾਲਤਾਂ ਉਤੇ ਨਿਰਭਰ ਕਰਦੇ ਹਨ।[5]

ਭੂਗੋਲਿਕ ਹਾਲਤਾਂ ਸਭਿਆਚਾਰ ਨੂੰ ਕਿਥੋਂ ਤੱਕ ਪ੍ਰਭਾਵਿਤ ਕਰਦੀਆਂ ਹਨ ਇਸ ਸੰਬੰਧੀ ਮਾਨਵ ਤੇ ਸਮਾਜ ਵਿਗਿਆਨੀਆਂ ਵਿਚ ਵੱਖੋ ਵੱਖ ਵਿਚਾਰ ਹਨ। ਇਸ ਸੰਬੰਧ ਵਿਚ ਤਿੰਨ ਤਰ੍ਹਾਂ ਦੇ ਵਿਚਾਰ ਪਾਏ ਜਾਂਦੇ ਹਨ।

ਪਹਿਲੀ ਧਾਰਨਾ ਦੇ ਸਮਰਥਕਾਂ ਦਾ ਵਿਚਾਰ ਹੈ ਕਿ ਭੂਗੋਲਿਕ ਹਾਲਤਾਂ ਸਭਿਆਚਾਰ ਨੂੰ ਪ੍ਰਭਾਵਿਤ ਕਰਨ ਵਿਚ ਬਹੁਤ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਭੂਗੋਲਿਕ ਹਾਲਾਤ ਸਭਿਆਚਾਰ ਦੀ ਰੂਪ ਰੇਖਾ ਨਿਸਚਿਤ ਕਰਨ ਵਿਚ ਨਿੱਗਰ ਹਿੱਸਾ ਪਾਉਂਦੇ ਹਨ। ਉਨ੍ਹਾਂ ਦੇ ਵਿਚਾਰ ਮੁਤਾਬਕ ਚੰਦ, ਸੂਰਜ, ਜ਼ਮੀਨ ਦੀ ਕਿਸਮ, ਜਲ ਸਾਧਨ ਆਦਿ ਸਭਿਆਚਾਰ ਨੂੰ ਪ੍ਰਭਾਵਿਤ ਕਰਦੇ ਹਨ। ਇਨ੍ਹਾਂ ਕੁਦਰਤੀ ਸ਼ਕਤੀਆਂ ਅਤੇ ਸੋਮਿਆਂ ਵਿਚ ਤਬਦੀਲੀ ਲਿਆਉਣੀ ਕਠਿਨ ਹੈ। ਸੋ ਉਪਰੋਕਤ ਅੰਸ਼ ਸਭਿਆਚਾਰ ਨੂੰ ਪ੍ਰਭਾਵਿਤ ਕਰਦੇ ਰਹਿੰਦੇ ਹਨ।

ਦੂਜੀ ਵਿਚਾਰਧਾਰਾ ਦੇ ਵਿਅਕਤੀ ਭੂਗੋਲ ਅਤੇ ਸਭਿਆਚਾਰ ਵਿਚ ਕਿਸੇ ਤਰ੍ਹਾਂ ਦੇ ਸੰਬੰਧ ਨੂੰ ਮੰਨਣ ਤੋਂ ਇਨਕਾਰੀ ਹਨ। ਉਨ੍ਹਾਂ ਦੇ ਵਿਚਾਰ ਅਨੁਸਾਰ ਸਭਿਆਚਾਰ ਪ੍ਰਕਿਰਤੀ ਦੇ ਵਿਰੁਧ ਵਿਅਕਤੀ ਦੇ ਘੋਲ ਦੀ ਉਪਜ ਹੈ। ਪਹਿਲੀ ਹਾਲਤ ਵਿਚ ਉਸਨੇ ਭੂਗੋਲਿਕ ਹਾਲਤਾਂ ਅਨੁਸਾਰ ਆਪਣੇ ਆਪ ਨੂੰ ਢਾਲ ਲਿਆ ਪਰ ਜਿਉਂ ਜਿਉਂ ਸਮਾਂ ਅਤੇ ਸਥਿਤੀ ਬਦਲਦੀ ਗਈ ਮਨੁੱਖ ਕੁਦਰਤ ਨੂੰ ਆਪਣੀਆਂ ਲੋੜਾਂ ਅਨੁਕੂਲ ਢਾਲਣ ਲਗ ਪਿਆ। ਅੱਜ ਵਿਅਕਤੀ ਨੇ ਮਾਰੂਥਲਾਂ ਨੂੰ ਹਰਿਆ ਭਰਿਆ ਕਰ ਦਿੱਤਾ ਹੈ। ਉਹ ਆਪਣੀ ਮਰਜ਼ੀ ਨਾਲ ਮੀਂਹ ਪੁਆ ਸਕਦਾ ਹੈ। ਬਨਾਵਟੀ ਢੰਗ ਨਾਲ ਸੂਰਜੀ ਤਪਸ਼ ਪੈਦਾ ਕਰ ਸਕਦਾ ਹੈ। ਦਰਿਆਵਾਂ ਦੇ ਵਹਿਣ ਮੋੜ ਸਕਦਾ ਹੈ। ਆਧੁਨਿਕ ਯੁੱਗ ਵਿਚ ਸੰਸਾਰ ਪੱਧਰ ਤੇ ਹੋ ਰਹੇ ਸਭਿਆਚਾਰਕ ਸੁਮੇਲ ਦੇ ਜਤਨਾਂ ਕਾਰਨ ਭੂਗੋਲਿਕ ਸਥਿਤੀ ਦਾ ਪ੍ਰਭਾਵ ਹੋਰ ਵੀ ਘਟ ਰਿਹਾ ਹੈ। ਸਭਿਆਚਾਰ ਇਕ ਨਿਰੰਤਰ ਗਤੀਸ਼ੀਲ ਪ੍ਰਕਿਰਿਆ ਹੈ ਪਰ ਭੂਗੋਲਿਕ ਹਾਲਤਾਂ ਵਿਚ ਪਰਿਵਰਤਨ ਬਹੁਤ ਹੀ ਘੱਟ ਹੁੰਦਾ ਹੈ। ਜਲਵਾਯੂ ਦੀ ਦ੍ਰਿਸ਼ਟੀ ਤੋਂ ਯੂਰਪ ਵਿਚ ਪਿਛਲੇ ਪੰਜ ਸੌ ਸਾਲਾਂ ਵਿਚ ਕੋਈ ਤਬਦੀਲੀ ਨਹੀਂ ਆਈ, ਜਦੋਂ ਕਿ ਉਦਯੋਗਿਕ ਇਨਕਲਾਬ ਨੇ ਸਮਾਜਕ ਪ੍ਰਣਾਲੀ ਦੀ ਰੂਪ ਰੇਖਾ ਹੀ ਬਦਲ ਦਿੱਤੀ।

ਭੂਗੋਲ ਵਿਅਕਤੀ ਲਈ ਕੱਚਾ ਪਦਾਰਥ ਪੈਦਾ ਕਰਦਾ ਹੈ ਪਰ ਇਸ ਪਦਾਰਥ ਦੀ ਕਿਵੇਂ ਵਰਤੋਂ ਕਰਨੀ ਹੈ। ਇਹ ਵੱਖੋ ਵੱਖ ਸਭਿਆਚਾਰਾਂ ਵਿਚ ਵੱਖ ਵੱਖ ਢੰਗ ਨਾਲ ਕੀਤੀ ਜਾਂਦੀ ਹੈ। ਇਕੋ ਚੀਜ਼ ਵੱਖ ਵੱਖ ਸਭਿਆਚਾਰਾਂ ਵਿਚ ਵੱਖੋ ਵੱਖ ਉਦੇਸ਼ਾਂ ਨੂੰ ਪੂਰਾ ਕਰਦੀ ਹੈ। ਗੁਰਬਖ਼ਸ਼ ਸਿੰਘ ਫ਼ਰੈਂਕ ਗਊ ਦੀ ਉਦਾਹਰਣ ਦੇਂਦੇ ਲਿਖਦੇ ਹਨ ਕਿ ਗਊ, ਕਿਤੇ ਗਊ ਦਾ ਮਾਸ, ਕਿਤੇ ਦੁੱਧ ਅਤੇ ਪੂਜਣ ਲਈ ਪਾਲੀਂ ਜਾਂਦੀ ਹੈ।[6]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਕੋ ਹੀ ਭੂਗੋਲਿਕ ਵਾਤਾਵਰਣ ਵਿਚ ਵੱਖ ਵੱਖ ਕਿਸਮ ਦੇ ਸਭਿਆਚਾਰ ਹੋਂਦ ਵਿਚ ਆ ਸਕਦੇ ਹਨ। ਅਮਰੀਕਾ ਤੇ ਭਾਰਤੀ ਸਭਿਆਚਾਰਾਂ ਵਿਚ ਇਹ ਉਦਾਹਰਣਾਂ ਮਿਲਦੀਆਂ ਹਨ। ਵੱਖ ਵੱਖ ਕਿਸਮ ਦੇ ਭੂਗੋਲਿਕ ਵਾਤਾਵਰਣ ਵਿਚ ਇਕੋ ਜਿਹੇ ਸਭਿਆਚਾਰ ਵੀ ਪਲ ਸਕਦੇ ਹਨ ਜਿਵੇਂ ਨੀਗਰੋ ਸਭਿਆਚਾਰ ਅਫਰੀਕਾ ਅੰਤੇ ਅਮਰੀਕੀ ਭੂਗੋਲਿਕ ਹਾਲਤਾਂ ਵਿਚ ਹੈ। ਇਹ ਵੀ ਜ਼ਰੂਰੀ ਨਹੀਂ ਕਿ ਇਕੋ ਜਿਹੀਆਂ ਭੂਗੋਲਿਕ ਹਾਲਤਾਂ ਇਕੋ ਜਿਹੇ ਸਭਿਆਚਾਰਾਂ ਨੂੰ ਜਨਮ ਦੇਣਗੀਆਂ। ਪੁਰਾਤਨ ਕਈ ਸਭਿਆਚਾਰ ਦਰਿਆਵਾਂ ਦੇ ਸਰਸਬਜ਼ ਕੰਢਿਆਂ ਉਤੇ ਹੀ ਵਧੇ ਫੁੱਲੇ, ਪਰ ਉਹ ਸਾਰੇ ਹੀ ਵੱਖ ਵੱਖ ਹਨ।

ਤੀਜੀ ਵਿਚਾਰਧਾਰਾ ਦੇ ਲੋਕ ਭੂਗੋਲਿਕ ਹਾਲਤਾਂ ਦੇ ਪ੍ਰਭਾਵ ਨੂੰ ਨਾ ਤਾਂ ਨਾਮਾਤਰ ਮੰਨਦੇ ਹਨ ਅਤੇ ਨਾ ਹੀ ਸਭਿਆਚਾਰਕ ਰੂਪ ਰੇਖਾ ਨਿਸਚਿਤ ਕਰਨ ਵਾਲਾ ਮੁੱਢਲਾ ਅਤੇ ਆਖਰੀ ਤੱਤ ਹੀ ਪ੍ਰਵਾਨ ਕਰਦੇ ਹਨ। ਇਸ ਵਿਚਾਰਧਾਰਾ ਦੇ ਹਾਮੀ ਭੂਗੋਲਿਕ ਵਾਤਾਵਰਣ ਨੂੰ ਸੰਪੂਰਨ ਵਾਤਾਵਰਣ ਦਾ ਹੀ ਅੰਗ ਮੰਨਦੇ ਹਨ। ਮੈਕਾਇਵਰ ਅਤੇ ਪੇਜ਼ ਅਨੁਸਾਰ ਮਨੁੱਖ ਦੇ ਸਭਿਆਚਾਰਕ ਪੱਖ ਨੂੰ ਸਮਝਣ ਲਈ ਭੂਗੋਲਿਕ ਹਾਲਤਾਂ ਨੂੰ ਹੀ ਨਹੀਂ ਸਗੋਂ ਸਮੁੱਚੇ ਵਾਤਾਵਰਣ ਨੂੰ ਸਮਝਣਾ ਚਾਹੀਦਾ ਹੈ।[7]

ਉਪਰੋਕਤ ਵਿਚਾਰ ਚਰਚਾ ਤੋਂ ਇਹ ਨਤੀਜਾ ਨਿਕਲਦਾ ਹੈ ਕਿ ਭੂਗੋਲਿਕ ਹਾਲਤਾਂ ਸਭਿਆਚਾਰ ਨੂੰ ਪ੍ਰਭਾਵਿਤ ਤਾਂ ਕਰਦੀਆਂ ਹਨ ਪਰ ਇਹ ਪ੍ਰਭਾਵਿਤ ਕਰਨ ਵਾਲਾ ਇਕੋ ਇਕ ਤੱਤ ਨਹੀਂ ਸਮਝਣਾ ਚਾਹੀਦਾ ਹੈ। ਭੂਗੋਲਿਕ ਹਾਲਤਾਂ ਸਭਿਆਚਾਰ ਦੇ ਕਿਸੇ ਪੱਖ ਤੇ ਸਿੱਧਾ ਅਤੇ ਕਿੰਸੇ ਤੇ ਅਸਿੱਧਾ ਪ੍ਰਭਾਵ ਪਾਉਂਦੀਆਂ ਹਨ। ਇਸ ਲਈ ਕਿਸੇ ਖ਼ਿੱਤੇ ਤੋਂ ਭੂਗੋਲਿਕ ਸਥਿਤੀ ਨੂੰ ਨਜ਼ਰ ਅੰਦਾਜ਼ ਨਹੀ ਕੀਤਾ ਜਾ ਸਕਦਾ ਕਿ ਭੂਗੋਲਿਕ ਹਾਲਤਾਂ ਸਭਿਆਚਾਰ ਲਈ ਮਹੱਤਵਪੂਰਨ ਹਨ। ਪਹਿਲਾਂ ਭੂਗੋਲਿਕ ਹਾਲਤਾਂ ਮੂਲ-ਮਹੱਤਾ ਰੱਖਦੀਆਂ ਹਨ ਪਰ ਜਿਉਂ ਜਿਉਂ ਮਨੁੱਖ ਦਾ ਬੌਧਿਕ ਵਿਕਾਸ ਹੁੰਦਾ ਜਾਂਦਾ ਹੈ ਤਾਂ ਇਹਨਾਂ ਦਾ ਮੂਲ ਮਹੱਤਾ ਨਹੀਂ ਰਹਿੰਦੀ। ਇਹ ਗੱਲ ਸਭਿਆਚਾਰਕ ਵਿਕਾਸ ਤੇ ਹੀ ਨਿਰਭਰ ਕਰਦੀ ਹੈ ਕਿ ਉਸ ਪ੍ਰਕਿਰਤੀ ਵਿਚ ਮਿਲਦੇ ਪਦਾਰਥਾਂ ਨੂੰ ਮਨੁੱਖ ਕਿਥੋਂ ਤਕ ਵਰਤ ਸਕਦਾ ਹੈ। ਜਿਉਂ ਜਿਉਂ ਮਨੁੱਖ ਦਾ ਗਿਆਨ ਵਧਦਾ ਜਾ ਰਿਹਾ ਹੈ ਤਿਉਂ ਤਿਉਂ ਮਨੁੱਖ ਪ੍ਰਕਿਰਤਕ ਹਾਲਤਾਂ ਦੀ ਗੁਲਾਮੀ ਤੋਂ ਖਹਿੜਾ ਛੁਡਾ ਰਿਹਾ ਹੈ। ਪਰ ਇਹ ਪਤਾ ਨਹੀਂ ਕਿ ਕਦੋਂ ਤੱਕ ਇਹ ਪ੍ਰਕਿਰਿਆ ਚਲਦੀ ਰਹੇਗੀ।

(ਸ) ਸਭਿਆਚਾਰ ਅਤੇ ਸਭਿਅਤਾ

ਸਭਿਆਚਾਰਾਂ ਅਤੇ ਸਭਿਅਤਾ ਦਾ ਅੰਤਰ ਕਰਨਾ ਬੜਾ ਕਠਿਨ ਹੈ। ਟੇਲਰ ਨੇ ਸਭਿਆਚਾਰ ਅਤੇ ਸਭਿਅਤਾ ਨੂੰ ਸਮਾਨ ਅਰਥਾਂ ਵਿਚ ਵਰਤਿਆ। ਪਰ ਮੁੱਢਲੇ ਤੌਰ ਤੇ ਦੋਹਾਂ ਵਿਚ ਬਹੁਤ ਡੂੰਘਾ ਅਤੇ ਅਨਿੱਖੜ ਸੰਬੰਧ ਹੈ ਅਤੇ ਦੋਵੇਂ ਸ਼ਬਦ ਵੱਖ ਵੱਖ ਅਰਥ-ਪਾਸਾਰ ਨੂੰ ਘੇਰਦੇ ਹਨ। ਇਹ ਨਿਖੇੜਾ ਵਧੇਰੇ ਮਾਨਵ ਵਿਗਿਆਨੀਆਂ ਜਾਂ ਸਮਾਜ ਵਿਗਿਆਨੀਆਂ ਨੇ ਕੀਤਾ ਹੈ। ਪਰ ਇਤਿਹਾਸ, ਅਰਥ ਸ਼ਾਸਤਰ ਅਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਾਜਨੀਤੀ ਸ਼ਾਸਤਰ ਵਿਚ ਇਨ੍ਹਾਂ ਦੋਹਾਂ ਵਿਚ ਕੋਈ ਨਿਖੇੜਾ ਨਹੀਂ ਹੈ। ਗੁਰਬਖ਼ਸ਼ ਸਿੰਘ ਫ਼ਰੈਂਕ ਦੇ ਵਿਚਾਰ ਅਨੁਸਾਰ, ਸਮਾਜ ਵਿਗਿਆਨ ਵਿਚ ਸਭਿਆਚਾਰ ਅਤੇ ਸਭਿਅਤਾ, ਦੋਹਾਂ ਨੂੰ ਹੀ ਇਕੋ ਸਮਾਜਕ ਵਰਤਾਰੇ ਦੇ ਵੱਖ ਵੱਖ ਪੜਾਅ ਸਮਝਿਆ ਜਾਂਦਾ ਹੈ। ਇਸ ਵਿਚ ਸਭਿਅਤਾ ਸਭਿਆਚਾਰ ਦਾ ਮਗਰਲਾ ਪੜਾਅ ਹੈ।[8]

ਵਿਅਕਤੀ ਨੇ ਜੋ ਵੀ ਸਭਿਅਤਾ ਤੇ ਸਭਿਆਚਾਰ ਦੇ ਨਾਂ ਤੇ ਪ੍ਰਾਪਤ ਕੀਤਾ ਹੈ, ਉਹ ਮੂਲ ਰੂਪ ਵਿਚ ਵਿਅਕਤੀ ਤੇ ਕੁਦਰਤ ਦੇ ਆਪਸੀ ਦਵੰਦਾਤਮਕ ਰਿਸ਼ਤੇ ਦੀ ਉਪਜ ਵਿਚੋਂ ਵਿਕਸਿਆ ਹੈ। ਵਿਅਕਤੀ ਨੇ ਆਪਣੀ ਹੋਂਦ ਨੂੰ ਕਾਇਮ ਰੱਖਣ ਹਿੱਤ ਕੁਦਰਤ ਵਿਰੁਧ ਲਗਾਤਾਰ ਸੰਘਰਸ਼ ਕੀਤਾ, ਉਸ ਦਾ ਰੂਪ ਬਦਲਿਆ ਤੇ ਖੁਦ ਕੁਦਰਤ ਤੋਂ ਪ੍ਰਭਾਵਿਤ ਵੀ ਹੋਇਆ। ਵਿਅਕਤੀ ਨੇ ਕੁਦਰਤ ਨਾਲ਼ ਸੰਘਰਸ਼ ਸਮੇਂ ਕੁਦਰਤ ਦਾ ਗਿਆਨ ਹਾਸਿਲ ਕੀਤਾ ਤੇ ਇਹ ਗਿਆਨ ਸਥੂਲ ਰੂਪ ਵਿਚ ਵਰਤ ਕੇ ਸੰਦਾਂ ਦੀ ਕਾਢ ਕੱਢੀ। ਇਨ੍ਹਾਂ ਸੰਦਾਂ ਦੀ ਵਰਤੋਂ ਕਰਕੇ ਵਿਅਕਤੀ ਨੇ ਕੁਦਰਤ ਨੂੰ ਆਪਣੀ ਜ਼ਰੂਰਤ ਅਨੁਸਾਰ ਢਾਲਿਆ ਤੇ ਵਰਤਿਆ ਜਿਸ ਨਾਲ ਸਰੀਰਕ ਸੁਖਾਂ ਲਈ ਥਾਂ ਮੋਕਲੀ ਹੁੰਦੀ ਚਲੀ ਜਾਂਦੀ ਹੈ। ਇਹ ਸੰਘਰਸ਼ ਸਦੀਵੀ ਅਤੇ ਨਿਰੰਤਰ ਹੈ। ਇਸ ਤਰ੍ਹਾਂ ਵਿਅਕਤੀ ਨੇ ਕੁਦਰਤ ਤੇ ਜਿੱਤ ਪ੍ਰਾਪਤ ਕਰਕੇ ਜੰਗਲ ਤੋਂ ਪਿੰਡ ਤੇ ਪਿੰਡ ਤੋਂ ਸ਼ਹਿਰ ਤਕ ਦਾ ਜੋ ਸਫ਼ਰ ਤਹਿ ਕੀਤਾ, ਇਹੀ ਉਸਦੀ ਸਭਿਅਤਾ ਹੈ। ਇਸ ਸਭਿਅਤਾ ਨੂੰ ਸਿਰਜਦੇ ਸਮੇਂ ਮਨੁੱਖ ਨੇ ਜੋ ਜੀਵਨ ਕੀਮਤਾਂ ਤੇ ਸੋਚਣ ਦਾ ਢੰਗ ਆਦਿ ਸਿਰਜਿਆ ਹੈ, ਉਹ ਵਿਅਕਤੀ ਦਾ ਸਭਿਆਚਾਰ ਹੈ। ਭਾਵੇਂ ਦੋਹਾਂ ਦਾ ਜਨਮ ਕੁਦਰਤ ਨਾਲ ਸੰਘਰਸ਼ ਕਰਦੇ ਸਮੇਂ ਹੋਇਆ ਪਰ ਦੋਹਾਂ ਦੇ ਆਸ਼ੇ ਵੱਖੋ ਵੱਖਰੇ ਹਨ। ਇਸ ਤਰ੍ਹਾਂ ਇਹ ਸਪਸ਼ਟ ਹੈ ਕਿ ਸਭਿਅਤਾ ਦੇ ਸ਼ੁਰੂ ਤੋਂ ਮਨੁੱਖ ਨੇ ਅੱਜ ਤੱਕ ਜਿਨ੍ਹਾਂ ਸੰਦਾਂ ਦੀ ਵਰਤੋਂ ਕਰਕੇ ਜੋ ਕੁਝ ਪ੍ਰਾਪਤ ਕੀਤਾ, ਉਹ ਮਨੁੱਖੀ ਸਭਿਅਤਾ ਅਖਵਾਈ। ਅਤੇ ਵਿਅਕਤੀ ਨੇ ਸੰਦਾਂ ਨਾਲ ਸਭਿਅਤਾ ਦੇ ਵਿਕਾਸ ਸਮੇਂ ਜੋ ਜੀਵਨ ਕੀਮਤਾਂ, ਜੀਣ ਢੰਗ, ਰੀਤੀ ਰਿਵਾਜਾਂ ਤੇ ਵਰਤੋਂ ਵਿਹਾਰ ਦੇ ਤਰੀਕੇ ਸਿਰਜੇ, ਉਹ ਮਨੁੱਖੀ ਸਮਾਜ ਦਾ ਅੰਗ ਹੋਣ ਦੇ ਨਾਤੇ ਸਭਿਆਚਾਰ ਅਖਵਾਏ।

ਆਮ ਤੌਰ ਤੇ ਸਭਿਅਤਾ ਅਤੇ ਸਭਿਆਚਾਰ ਵਿਚ ਨਿਖੇੜ ਸਮਾਜਕ ਵਰਤਾਰਿਆਂ ਦੇ ਵਰਗੀਕਰਨ ਨਾਲ ਕੀਤਾ ਜਾਂਦਾ ਹੈ, ਜਿਸ ਵਿਚ ਪਦਾਰਥਕ ਵਰਤਾਰਿਆਂ ਨੂੰ ਸਭਿਅਤਾ ਵਿਚ ਅਤੇ ਗ਼ੈਰ ਪਦਾਰਥਕ ਵਰਤਾਰਿਆਂ ਨੂੰ ਸਭਿਆਚਾਰ ਵਿਚ ਰੱਖ ਲਿਆ ਜਾਂਦਾ ਹੈ। ਇਸੇ ਹੀ ਵੰਡ ਨੂੰ ਕਦਰਾਂ-ਕੀਮਤਾਂ ਦੇ ਆਧਾਰ ਉਤੇ ਰਖਦਿਆਂ, ਸਭਿਅਤਾ ਵਿਚ ਉਹ ਸਾਰਾ ਕੁਝ ਰੱਖ ਲਿਆ ਜਾਂਦਾ, ਜਿਸਦਾ ਇਕੋ ਇਕ ਜਾਂ ਪ੍ਰਧਾਨ ਗੁਣ ਉਸਦੀ ਉਪਯੋਗਤਾ ਹੁੰਦਾ ਹੈ। ਇਸ ਕਰਕੇ ਸਭਿਅਤਾ ਦੇ ਸਾਰੇ ਅੰਸ਼ ਕੁਝ ਪ੍ਰਾਪਤ ਕਰਨ ਦਾ ਸਾਧਨ ਹੁੰਦੇ ਹਨ, ਆਪਣੇ ਆਪ ਵਿਚ ਟੀਚਾ ਨਹੀਂ ਹੁੰਦੇ।[9] ਮਿਸਾਲ ਦੇ ਤੌਰ ਤੇ ਸਕੂਟਰ, ਮੋਟਰ ਸਾਈਕਲ, ਕਾਰ, ਸਾਡੇ ਲਈ ਉਪਯੋਗੀ ਚੀਜ਼ਾਂ ਹਨ, ਇਨ੍ਹਾਂ ਰਾਹੀਂ ਸਫਰ ਛੇਤੀ ਅਤੇ ਸੌਖੇ ਢੰਗ ਨਾਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੋ ਸਕਦਾ ਹੈ ਇਸ ਕਾਰਨ ਇਹ ਸਾਧਨ ਰੱਖੇ ਹਨ। ਪਰ ਇਨ੍ਹਾਂ ਨੂੰ ਰੱਖਣ ਖਾਤਰ ਕੋਈ ਨਹੀਂ ਰੱਖਦਾ ਹੈ। ਕਲਾ-ਕ੍ਰਿਤ ਆਪਣੇ ਆਪ ਵਿਚ ਇਕ ਟੀਚਾ ਹੁੰਦੀ ਹੈ, ਕਿਸੇ ਹੋਰ ਚੀਜ਼ ਦਾ ਸਾਧਨ ਨਹੀਂ। ਇਸੇ ਲਈ ਮੈਕਾਈਵਰ ਅਤੇ ਪੇਜ ਨੇ ਸਭਿਅਤਾ ਦੀ ਪਰਿਭਾਸ਼ਾ ਇਹ ਕੀਤੀ ਹੈ, "ਸਭਿਅਤਾ ਤੋਂ ਸਾਡਾ ਮਤਲਬ ਉਸ ਸਾਰੇ ਮੈਕਾਨਿਜ਼ਮ ਅਤੇ ਸੰਗਠਨ ਤੋਂ ਹੈ, ਜਿਹੜਾ ਮਨੁੱਖ ਨੇ ਆਪਣੇ ਜੀਵਨ ਦੀਆਂ ਹਾਲਤਾਂ ਉਤੇ ਨਿਯੰਤਰਣ ਰੱਖਣ ਦੇ ਮੰਤਵ ਨਾਲ ਘੜਿਆ ਹੈ।"[10] ਇਸ ਵਿਚ ਸੰਦਾਂ ਤੋਂ ਲੈ ਕੇ ਸਮਾਜਕ ਸੰਗਠਨ ਦੇ ਸਿਸਟਮਾਂ ਅਤੇ ਵਸੀਲਿਆਂ ਤਕ ਸਭ ਕੁਝ ਆ ਜਾਂਦਾ ਹੈ ਜਿਵੇਂ ਬੈਂਕ, ਕਮਿਸ਼ਨਰ, ਸਕੂਲ, ਸਰਕਾਰ, ਟੈਲੀਫੂਨ, ਰੇਲ, ਸੜਕਾਂ ਤੇ ਇਮਾਰਤਾਂ ਆਦਿ। ਇਸ "ਮੈਕਾਨਿਜ਼ਮ" ਅਤੇ ਸੰਗਠਨ ਨੂੰ ਉਹਨਾਂ ਨੇ 'ਬੁਨਿਆਦੀ ਟੈਕਨਾਲੋਜੀ' ਅਤੇ 'ਸਮਾਜਕ ਟੈਕਨਾਲੋਜੀ' ਵਿਚ ਵੰਡਿਆ ਹੈ। ਕੁਦਰਤੀ ਵਿਗਿਆਨਾਂ ਦੇ ਖੇਤਰ ਨੂੰ 'ਬੁਨਿਆਦੀ ਟੈਕਨਾਲੋਜੀ' ਵਿਚ ਰਖਿਆ ਗਿਆ ਹੈ। ਜਦ ਕਿ 'ਸਮਾਜਕ ਟੈਕਨਾਲੋਜੀ' ਨੂੰ ਅੱਗੋਂ 'ਆਰਥਿਕ ਟੈਕਨਾਲੋਜੀ" (ਆਰਥਿਕ ਵਰਤਾਰਿਆਂ ਉਤੇ ਨਿਯੰਤਰਣ ਰੱਖਣ ਦੇ ਸਾਧਨ) ਅਤੇ 'ਰਾਜਨੀਤਕ ਟੈਕਨਾਲੋਜੀ' (ਮਨੁੱਖ ਸੰਬੰਧਾਂ ਤੇ ਨਿਯੰਤਰਣ ਰੱਖਣ ਦੇ ਸਾਧਨ) ਵਿਚ ਵੰਡਿਆ ਗਿਆ ਹੈ। ਇਸੇ ਵੰਡ ਦੇ ਆਧਾਰ ਤੇ ਸਭਿਆਚਾਰ ਅਤੇ ਸਭਿਅਤਾ ਦੇ ਅੰਤਰ ਸੰਬੰਧਾਂ ਨੂੰ ਉਲੀਕਿਆ ਹੈ।[11]

ਸਮੁੱਚੇ ਤੌਰ ਉਤੇ ਇਹ ਕਿਹਾ ਜਾ ਸਕਦਾ ਹੈ ਕਿ ਸਭਿਅਤਾ ਅਤੇ ਸਭਿਆਚਾਰ ਦਾ ਅੰਤਰ ਨਿਖੇੜ ਹੈ। ਇਨ੍ਹਾਂ ਨੂੰ ਸਾਮਾਨਾਰਥਕ ਸ਼ਬਦਾਂ ਵਜੋਂ ਵਰਤਣਾ ਉਚਿਤ ਨਹੀਂ ਹੈ। ਭਾਵੇਂ ਬਹੁਤ ਸਾਰੇ ਵਿਦਵਾਨਾਂ ਨੇ ਇਨ੍ਹਾਂ ਨੂੰ ਸਾਮਾਨਰਥ ਸ਼ਬਦਾਂ ਵਿਚ ਵਰਤਕੇ ਇਨ੍ਹਾਂ ਦੀ ਨਿਖੇੜੇ ਦੀ ਸਮੱਸਿਆ ਨੂੰ ਉਲਝਾ ਦਿੱਤਾ ਹੈ।

ਹਵਾਲੇ ਅਤੇ ਟਿੱਪਣੀਆਂ

1 "ਸਮੀਖਿਆ ਦਾ ਇਤਿਹਾਸਵਾਦੀ ਸਿਧਾਂਤ", **ਆਲੋਚਨਾ ਦੀਆਂ ਪ੍ਰਣਾਲੀਆਂ**, ਪੰਨੇ 29-31

2 ਜੇ ਏ. ਕੇ. ਥੌਮਸਨ, **ਦੀ ਕਲਾਸੀਕਲ ਬੈਕ ਗ੍ਰਾਉਂਡ ਆਫ ਇੰਗਲਿਸ਼ ਲਿਟਰੇਚਰ**, ਪੰਨੇ 13-15

3 ਐਮ.ਪੀ. ਕੋਹਲੀ, **ਦੀ ਇਨਫਲੂਐਂਸ ਆਫ ਦੀ ਵੈਸਟ ਆਨ ਪੰਜਾਬੀ ਲਿਟਰੇਚਰ**, ਪੰਨਾ 6

4 ਸੁਰਜੀਤ ਸਿੰਘ, "ਸਾਹਿਤ ਤੇ ਸਭਿਆਚਾਰ" (ਸਾਹਿੱਤ ਸਭਾ ਰਾਮਪੁਰਾ ਫੂਲ ਵਿਖੇ ਅਗਸਤ 1973 ਨੂੰ ਪੜ੍ਹਿਆ ਗਿਆ ਖੋਜ ਪੱਤਰ)

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

5. ਜੇਮਜ਼ ਐਡਗਰ ਸਵੇਨ, **ਵਿਸ਼ਵ ਸਭਿਅਤਾ ਦਾ ਇਤਿਹਾਸ** (ਅਨੁ. ਸੰਤ ਸਿੰਘ ਸੇਖੋ), ਪੰਨਾ 21.
6 **ਸਭਿਆਚਾਰ: ਮੁੱਢਲੀ ਜਾਣ ਪਛਾਣ**, ਪੰਨਾ 90
7 **ਸਮਾਜ** ਪੰਨਾ 158
8. ਉਹੀ ਰਚਨਾ, ਪੰਨਾ 86
9. ਉਹੀ, ਪੰਨਾ 87
10. ਉਹੀ
11. ਉਹੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਭਿਆਚਾਰ

(ੳ) ਪੰਜਾਬੀ ਸਭਿਆਚਾਰ ਦੇ ਮੂਲ ਸੋਮੇ

ਪੰਜਾਬ ਦਾ ਸਭਿਆਚਾਰ ਇਕ ਮਿਸ਼ਰਤ ਸਭਿਆਚਾਰ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਆਰੀਆ ਲੋਕਾਂ ਦੇ ਆਉਣ ਤੋਂ ਲੈ ਕੇ ਅੰਗਰੇਜ਼ਾਂ ਦੇ ਕਬਜ਼ਾ ਜਮਾਉਣ ਤਕ ਯੂਨਾਨੀ, ਕੁਸ਼ਕ, ਹੂਨ, ਮੰਗੋਲ, ਤੁਰਕ, ਪਠਾਨ, ਆਦਿ ਕਈ ਬਾਹਰੀਆਂ ਨਸਲਾਂ ਅਤੇ ਜਾਤੀਆਂ ਦੇ ਲੋਕ ਸਮੇਂ ਸਮੇਂ ਪੰਜਾਬ ਵਿਚ ਵਸਦੇ ਰਹੇ ਹਨ ਜਿਸ ਕਾਰਨ ਪੰਜਾਬੀ ਸਭਿਆਚਾਰ ਉਤੇ ਬਾਹਰਲੇ ਸਭਿਆਚਾਰ ਪ੍ਰਭਾਵ ਪਾਉਂਦੇ ਰਹੇ ਹਨ। ਪਰ ਪੰਜਾਬੀ ਸਭਿਆਚਾਰ ਨੇ ਆਪਣੇ ਮੂਲ ਪੰਜਾਬੀਪਣ ਨੂੰ ਹਮੇਸ਼ਾਂ ਕਾਇਮ ਰੱਖਿਆ ਹੈ।

ਸਭਿਆਚਾਰ ਵਰਤੋਂ ਵਿਹਾਰ ਦੀ ਅਜੇਹੀ ਜੀਵਨ ਜਾਚ ਹੈ, ਜਿਹੜੀ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਵਿਰਸੇ ਵਿਚ ਮਿਲਦੀ ਹੈ। ਇਸ ਵਿਚ ਪਦਾਰਥ ਵਸੀਲੇ, ਰਹਿਣੀ ਬਹਿਣੀ ਤੇ ਕੰਮਕਾਰ ਦੇ ਢੰਗ, ਸਮਾਜਿਕ ਧਾਰਮਿਕ ਤੇ ਸਦਾਚਾਰਕ ਕੀਮਤਾਂ, ਵਿਸ਼ਵਾਸ ਤੇ ਰੀਤੀ ਰਿਵਾਜ, ਬੋਲੀ, ਸਾਹਿਤ ਤੇ ਕਲਾਵਾਂ ਆਦਿ ਸਭ ਕੁਝ ਸ਼ਾਮਲ ਹੈ। ਪੰਜਾਬੀ ਸਭਿਆਚਾਰ ਦੇ ਮੂਲ ਸੋਮੇਂ ਦੋ ਤਰ੍ਹਾਂ ਦੇ ਹਨ। ਪਹਿਲੇ ਵਿਚ ਧਰਮ, ਇਤਿਹਾਸ, ਭੂਗੋਲ, ਭਾਸ਼ਾ, ਸਾਹਿਤ ਤੇ ਕੋਮਲ ਕਲਾਵਾਂ ਸ਼ਾਮਿਲ ਹਨ ਅਤੇ ਦੂਜੇ ਵਿਚ ਪੰਜਾਬ ਦਾ ਲੋਕ ਸਾਹਿਤ, ਲੋਕ ਕਲਾਵਾਂ, ਲੋਕ ਵਿਸ਼ਵਾਸ, ਰੀਤੀ ਰਿਵਾਜ਼, ਲੋਕ ਧੰਦੇ, ਲੋਕਾਂ ਵਿਚ ਪ੍ਰਚਲਿਤ ਮਨੋਰੰਜਨ ਦੇ ਢੰਗ, ਸ਼ਾਮਿਲ ਹਨ। ਹੁਣ ਅਸੀਂ ਇਨ੍ਹਾਂ ਮੂਲ ਸੋਮਿਆਂ ਦਾ ਵਿਸਥਾਰ ਨਾਲ ਅਧਿਐਨ ਕਰਦੇ ਹਾਂ।

1.ਭਾਸ਼ਾ ਅਤੇ ਸਾਹਿਤ

ਕਿਸੇ ਵੀ ਕੌਮ ਦੇ ਸਭਿਆਚਾਰਕ ਵਿਰਸੇ ਦੀ ਨੀਂਹ, ਉਸ ਕੌਮ ਦੇ ਲੋਕਾਂ ਦੀ ਮਾਂ ਬੋਲੀ ਹੁੰਦੀ ਹੈ। ਪੰਜਾਬੀ ਸਭਿਆਚਾਰ ਦਾ ਮੁੱਢਲਾ ਆਧਾਰ ਸਾਡੀ ਪੰਜਾਬੀ ਭਾਸ਼ਾ ਹੈ। ਇਹ ਸਾਡੀ ਮਾਂ ਬੋਲੀ ਹੈ ਜਿਸ ਵਿਚ ਅਸੀਂ ਆਪਣੇ ਮਨ ਦੇ ਭਾਵਾਂ ਨੂੰ ਪ੍ਰਗਟ ਕਰਦੇ ਹਾਂ। ਭਾਸ਼ਾ ਦਾ ਸੰਬੰਧ ਕਿਸੇ ਜਾਤੀ ਜਾਂ ਧਰਮ ਨਾਲ ਨਹੀਂ ਹੁੰਦਾ ਸਗੋਂ ਕਿਸੇ ਇਕ ਸਭਿਆਚਾਰਕ ਖਿਤੇ ਵਿਚ ਰਹਿੰਦੇ ਉਨ੍ਹਾਂ ਸਾਰੇ ਲੋਕਾਂ ਦੀ ਬੋਲੀ ਇਕ ਹੁੰਦੀ ਹੈ। ਇਸ ਲਈ ਪੰਜਾਬੀ ਭਾਸ਼ਾ ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਸਭ ਦੀ ਮਾਂ ਬੋਲੀ ਹੈ। ਇਹ ਬੋਲੀ ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਪਰਸਪਰ ਦਿਲ ਦੀ ਗੱਲ ਕਹਿਣ ਅਤੇ ਸਮਝਣ ਵਿਚ ਸਹਾਈ ਹੁੰਦੀ ਹੈ। ਆਪ ਮੁਹਾਰੇ ਜਜ਼ਬੇ ਦੁਖ-ਸੁਖ, ਆਸ਼ਾ-ਨਿਰਾਸ਼ਾ, ਬੀਰਤਾ-ਡਰ ਅਤੇ ਪਿਆਰ-ਨਫ਼ਰਤ ਦਾ ਰੂਪ ਧਾਰਨ ਕਰੀ ਜਾਂਦੇ ਹਨ ਅਤੇ ਬੋਲੀ ਦਾ ਜਾਮਾ ਪਹਿਨਕੇ ਸਾਹਿਤ ਰੂਪ ਧਾਰਨ ਕਰੀ ਜਾਂਦੇ ਹਨ। ਇਸ ਤਰ੍ਹਾਂ ਪੰਜਾਬੀਆਂ ਦੇ ਮਨੋਭਾਵਾਂ, ਸਧਰਾਂ, ਸ਼ਿੱਕਵਾ, ਬੀਰਤਾ, ਖੁਲ੍ਹ ਦਿੱਲੀ ਦਾ ਸੋਮਾ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਸਾਹਿਤ ਹੈ। ਵੱਖੋ ਵੱਖ ਸਮੇਂ ਵੱਖੋ ਵੱਖਰੇ ਸਾਹਿਤ ਰੂਪਾਂ ਵਿਚ ਇਨ੍ਹਾਂ ਦਾ ਪ੍ਰਗਟਾ ਕੀਤਾ ਮਿਲਦਾ ਹੈ। ਪੰਜਾਬੀ ਜਜ਼ਬੇ ਵਾਰ ਸਾਹਿਤ, ਕਿੱਸਾ ਸਾਹਿਤ, ਭਗਤੀ ਸਾਹਿਤ, ਸੂਫ਼ੀ ਕਾਵਿ ਅਤੇ ਆਧੁਨਿਕ ਸਾਹਿਤ ਰੂਪ ਨਾਵਲ, ਨਾਟਕ, ਨਿੱਕੀ ਕਹਾਣੀ ਅਤੇ ਆਧੁਨਿਕ ਕਾਵਿ ਵਿਚ ਸੰਭਾਲੇ ਪਏ ਹਨ। ਸਾਹਿਤ ਨੂੰ ਸਭਿਆਚਾਰ ਦਾ ਸ਼ੀਸ਼ਾ ਆਖਿਆ ਗਿਆ ਹੈ। ਇਸ ਲਈ ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਦੀ ਅਭਿਵਿਅਕਤੀ ਕਰਦਾ ਹੈ। ਪੰਜਾਬੀ ਕਿੱਸਾ ਕਾਵਿ ਵਿਚ ਮੱਧਕਾਲੀਨ ਪੰਜਾਬੀ ਸਮਾਜ ਅਤੇ ਸਭਿਆਚਾਰ ਦਾ ਚਿਤ੍ਰਣ ਮਿਲਦਾ ਹੈ। ਲੋਕਾਂ ਦੀ ਰਹਿਣੀ ਬਹਿਣੀ, ਰਸਮੋ ਰਿਵਾਜ, ਲੋਕ ਵਿਸ਼ਵਾਸ ਕੰਮ ਧੰਧੇ ਆਦਿ ਦਾ ਵਿਸਥਾਰ ਸਹਿਤ ਵਰਣਨ ਹੀਰ ਵਾਰਿਸ ਵਿਚ ਕੀਤਾ ਗਿਆ ਹੈ। ਆਧੁਨਿਕ ਪੰਜਾਬੀ ਸਾਹਿਤ ਦੇ ਰੂਪਾਂ ਵਿਚ ਪੰਜਾਬੀਆਂ ਦੇ ਅਲਬੇਲੇ ਸੁਭਾਅ ਦਾ ਚਿਤ੍ਰਣ ਮਿਲਦਾ ਹੈ। ਪ੍ਰੋ. ਪੂਰਨ ਸਿੰਘ ਪੰਜਾਬੀ ਗਭਰੂਆਂ ਦੇ ਦੇਸ਼ ਭਗਤੀ, ਬੀਰਤਾ ਅਤੇ ਅਣਖੀਲੇ ਸੁਭਾਅ ਦਾ ਪ੍ਰਗਟਾ ਇਸ ਤਰ੍ਹਾਂ ਕਰਦਾ ਹੈ :

> ਇਹ ਬੇਪਰਵਾਹ ਪੰਜਾਬ ਦੇ
> ਮੌਤ ਨੂੰ ਮਖੌਲਾਂ ਕਰਨ,
> ਮਰਨ ਥੀਂ ਨਹੀਂ ਡਰਦੇ
> ਪਿਆਰ ਨਾਲ ਇਹ ਕਰਨ ਗੁਲਾਮੀ
> ਜਾਨ ਕੋਹ ਆਪਣੀ ਵਾਰ ਦੇਂਦੇ
> ਪਰ ਟੈਂ ਨ ਮੰਨਣ ਕਿਸੇ ਦੇ
> ਖਲੋ ਜਾਨ ਡਾਂਗਾਂ ਮੋਢੇ ਤੇ ਉਲਾਰ ਕੇ।

ਇਸ ਲਈ ਕਿਸੇ ਵੀ ਸਭਿਆਚਾਰ ਦਾ ਮੂਲ ਸਰੋਤ ਉਸ ਦੀ ਭਾਸ਼ਾ ਅਤੇ ਸਾਹਿਤ ਹੈ ਜਿਸ ਵਿਚ ਜਨ ਸਮੂਹ ਦੇ ਜੀਵਨ ਦਾ ਉਲੇਖ ਕੀਤਾ ਮਿਲਦਾ ਹੈ।

2. ਧਰਮ

ਧਰਮ ਨੂੰ ਸਭਿਆਚਾਰ ਦਾ ਜਨਮ ਦਾਤਾ ਆਖਿਆ ਜਾਂਦਾ ਹੈ। ਧਰਮ ਸੰਸਾਰਕ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ ਇਹ ਵਿਹਾਰ ਅਤੇ ਨਿਯਮ ਘੜਦਾ ਹੈ ਅਤੇ ਇਹ ਇਕ ਸੰਗਠਨ ਪੇਸ਼ ਕਰਦਾ ਹੈ, ਜਿਹੜਾ ਹੋਰਨਾਂ ਕਾਰਜਾਂ ਤੋਂ ਇਲਾਵਾ ਆਪਣੇ ਅਨੁਆਈਆਂ ਵਿਚ ਸਾਂਝ ਅਤੇ ਇਕਮਿਕਤਾ ਪੈਦਾ ਕਰਦਾ ਹੈ। ਧਰਮ ਦਾ ਇਹ ਪੱਖ ਸਭਿਆਚਾਰ ਦੇ ਬੋਧਾਤਮਕ ਅਤੇ ਪ੍ਰਤਿਮਾਨਕ ਅੰਗਾਂ ਨਾਲ ਸੰਬੰਧ ਰੱਖਦਾ ਹੈ।

ਧਰਮ ਇਕ ਸਭਿਆਚਾਰਕ ਸੰਸਥਾ ਹੈ। ਇਸ ਕਰਕੇ ਧਰਮ ਪੰਜਾਬੀ ਸਭਿਆਚਾਰ ਦਾ ਵੀ ਮੂਲ ਸਰੋਤ ਹੈ। ਪੰਜਾਬੀ ਸਭਿਆਚਾਰ ਦੇ ਵਿਕਾਸ ਅਤੇ ਪਰਿਵਰਤਨ ਵਿਚ ਸਮੇਂ ਸਮੇਂ ਵੱਖੋ ਵੱਖ ਧਰਮਾਂ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਹਿੰਦੂ ਧਰਮ ਦੇ ਪ੍ਰਾਚੀਨ ਰਸਮ ਰਿਵਾਜ, ਰਹਿਣੀ ਬਹਿਣੀ, ਵਹਿਮ ਭਰਮ ਅਤੇ ਉਨ੍ਹਾਂ ਦੀਆਂ ਧਾਰਮਿਕ ਪਰੰਪਰਾਵਾਂ ਜੋ ਹਿੰਦੂਆਂ ਦੇ ਘਰਾਂ ਵਿਚ ਅਜੇ ਤਕ ਚਲੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆ ਰਹੀਆਂ ਹਨ ਦਾ ਮੁੱਖ ਸਰੋਤ ਉਨ੍ਹਾਂ ਦੇ ਪ੍ਰਾਚੀਨ ਧਾਰਮਿਕ ਗ੍ਰੰਥ ਹਨ ਜਿਨ੍ਹਾਂ ਵਿਚੋਂ ਉਸ ਸਮੇਂ ਦੇ ਲੋਕਾਂ ਦਾ ਸਭਿਆਚਾਰਕ ਚਿਤ੍ਰਣ ਕੀਤਾ ਮਿਲਦਾ ਹੈ। ਇਸੇ ਤਰ੍ਹਾਂ ਇਸਲਾਮ ਧਰਮ ਦੇ ਪ੍ਰਵੇਸ਼ ਨਾਲ ਮੁਸਲਮਾਨੀ ਸਭਿਆਚਾਰ ਵੀ ਪੰਜਾਬੀ ਸਭਿਆਚਾਰ ਦਾ ਇਕ ਅੰਗ ਬਣ ਗਿਆ। ਮੁਸਲਮਾਨੀ ਸਭਿਆਚਾਰ ਦਾ ਮੁਖ ਸਰੋਤ ਉਨ੍ਹਾਂ ਦੇ ਧਾਰਮਿਕ ਆਗੂਆਂ. ਸੂਫ਼ੀ ਫਕੀਰਾਂ ਦੇ ਕਲਾਮ ਵਿਚੋਂ ਮਿਲਦਾ ਹੈ। ਸੂਫ਼ੀ ਫਕੀਰ ਬਾਬਾ ਫ਼ਰੀਦ ਦੀ ਮਿੱਠੀ ਅਤੇ ਰਸੀਲੀ ਬਾਣੀ ਨੇ ਮੁਸਲਮਾਨੀ ਸਭਿਆਚਾਰ ਨੂੰ ਫੈਲਾਉਣ ਵਿਚ ਬੜਾ ਯੋਗਦਾਨ ਪਾਇਆ। ਉਨ੍ਹਾਂ ਦੇ ਸਲੋਕਾਂ ਵਿਚ ਪੰਜਾਬੀ ਸਭਿਆਚਾਰ ਦਾ ਚਿਤ੍ਰਣ ਕੀਤਾ ਮਿਲਦਾ ਹੈ।

ਸਿੱਖ ਸਭਿਆਚਾਰ ਦੀ ਨੀਂਹ ਗੁਰੂ ਨਾਨਕ ਦੇਵ ਜੀ ਨੇ ਰੱਖੀ ਜਿਸ ਦੁਆਰਾ ਕਿਰਤ ਕਰਨਾ. ਨਾਮ ਜਪਣਾ ਅਤੇ ਵੰਡ ਛਕਣਾ ਪ੍ਰਚਲਿਤ ਹੋਇਆ। ਸਿੱਖਾਂ ਦੇ ਧਰਮ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਵਿਚ ਪੰਜਾਬੀ ਜੀਵਨ ਅਤੇ ਸਭਿਆਚਾਰ ਦੀ ਤਸਵੀਰ ਪੇਸ਼ ਕੀਤੀ ਗਈ ਹੈ। ਪੰਜਾਬ ਦੇ ਸਭਿਆਚਾਰ ਨੂੰ ਗੁਰੂ ਨਾਨਕ ਦੇਵ ਜੀ ਨੇ ਅਣਖ ਅਤੇ ਦਲੇਰੀ ਬਖ਼ਸ਼ੀ ਜਿਵੇਂ:

> ਜੇ ਜੀਵੈ ਪਤਿ ਲਥੀ ਜਾਇ
> ਸਭ ਹਰਾਮੁ ਜੇਤਾ ਕਿਛੁ ਖਾਇ।

ਵਿਸ਼ਿਸ਼ਟ ਧਰਮ ਪੰਜਾਬੀ ਸਭਿਆਚਾਰ ਦਾ ਮੂਲ ਸਰੋਤ ਹਨ। ਵਿਸ਼ਿਸ਼ਟ ਧਰਮਾਂ ਦੇ ਇਕ ਸਾਂਝੇ ਪੰਜਾਬੀ ਸਭਿਆਚਾਰ ਨੂੰ ਉਸਾਰਨ ਦੀ ਥਾਂ ਹਿੰਦੂ ਸਭਿਆਚਾਰ. ਮੁਸਲਮਾਨੀ ਸਭਿਆਚਾਰ. ਸਿੱਖ ਸਭਿਆਚਾਰ ਹੀ ਉਸਾਰਿਆ ਹੈ। ਸਾਨੂੰ ਸਾਂਝੇ ਪੰਜਾਬੀ ਸਭਿਆਚਾਰ ਦੀ ਸਹੀ ਝਲਕ ਲੋਕ ਧਰਮ ਵਿਚੋਂ ਦ੍ਰਿਸ਼ਟਮਾਨ ਹੁੰਦੀ ਹੈ। ਲੋਕ ਧਰਮ ਹਿੰਦੂਆਂ. ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਧਰਮ ਹੈ। ਦੇਵੀ ਦੇਵਤੇ. ਮੜ੍ਹੀ ਮਸਾਣ, ਪੀਰ-ਫ਼ਕੀਰ. ਤਕੀਏ ਸਮਾਧਾਂ ਸਭ ਦੀ ਪੂਜਾ ਸਭ ਵਰਗਾਂ ਦੇ ਲੋਕ ਕਰਦੇ ਹਨ। ਸਾਡੇ ਵਿਚਾਰ ਅਨੁਸਾਰ ਲੋਕ ਧਰਮ ਦੇ ਅਧਿਐਨ ਤੋਂ ਹੀ ਸਾਨੂੰ ਪੰਜਾਬੀ ਸਭਿਆਚਾਰ ਦੀ ਸਹੀ ਤਸਵੀਰ ਪੇਸ਼ ਕੀਤੀ ਮਿਲਦੀ ਹੈ।

3. ਇਤਿਹਾਸ

ਪੰਜਾਬ ਦਾ ਇਤਿਹਾਸ ਵੀ ਪੰਜਾਬੀ ਸਭਿਆਚਾਰ ਦਾ ਮੂਲ ਸਰੋਤ ਹੈ। ਪੰਜਾਬ ਵਿਚ ਪੱਛਮ ਵਲੋਂ ਕਈ ਕੌਮਾਂ ਆ ਕੇ ਆਬਾਦ ਹੋ ਗਈਆਂ ਹਨ। ਉਹਨਾਂ ਵਿਚ ਆਰੀਅਨ. ਯੂਨਾਨੀ. ਹੂਨ. ਮੁਗਲ. ਪਠਾਣ ਆਦਿ ਪ੍ਰਮੁੱਖ ਕੌਮਾਂ ਸਨ। ਇਹ ਕੌਮਾਂ ਭਾਸ਼ਾ. ਪਹਿਰਾਵਾ. ਖਾਣ. ਪੀਣ. ਰਸਮੋ ਰਿਵਾਜ਼. ਧਰਮ. ਦਰਸ਼ਨ ਅਤੇ ਕਲਾ ਆਪਣੇ ਨਾਲ ਲਿਆਏ ਪਰ ਸਭ ਦੇ ਸਭ ਪੰਜਾਬੀਅਤ ਵਿਚ ਇਉਂ ਰਲ ਗਏ ਜਿਵੇ ਦੁੱਧ ਵਿਚ ਖੰਡ। ਉਪਰੋਕਤ ਕੌਮਾਂ ਦੇ ਇਤਿਹਾਸ ਤੋਂ ਸਾਨੂੰ ਉਨ੍ਹਾਂ ਦਾ ਸਭਿਆਚਾਰਕ ਪਿਛੋਕੜ ਅਤੇ ਪੰਜਾਬੀ ਸਭਿਆਚਾਰ ਨੂੰ ਪ੍ਰਭਾਵਿਤ ਕਰਨ ਅਤੇ ਪ੍ਰਭਾਵਿਤ ਹੋਣ ਦੀ ਕਹਾਣੀ ਦਾ ਪਤਾ ਲੱਗਦਾ ਹੈ। ਇਸ ਤਰ੍ਹਾਂ ਸਾਂਝੇ ਪੰਜਾਬੀ ਸਭਿਆਚਾਰ ਦਾ ਮੁੱਖ ਸਰੋਤ ਇਤਿਹਾਸ ਵੀ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਰਾਤਤਵ ਇਤਿਹਾਸ ਅਤੇ ਵਸਤੂਆਂ ਤੋਂ ਵੀ ਸਾਨੂੰ ਪੰਜਾਬੀ ਸਭਿਆਚਾਰ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਪੰਜਾਬੀ ਸਭਿਆਚਾਰ ਦੀ ਜਾਣਕਾਰੀ ਲਈ ਅਜੇਹੀ ਸਾਮੱਗਰੀ ਮਹਿੰਜੋਦਾੜੋ, ਹੜੱਪਾ, ਸੰਘੋਲ (ਲੁਧਿਆਣਾ) ਅਤੇ ਸੁਨੇਤ (ਲੁਧਿਆਣਾ) ਤੋਂ ਪ੍ਰਾਪਤ ਹੋਈ ਹੈ। ਇਸ ਸਾਮੱਗਰੀ ਤੋਂ ਪੰਜਾਬੀ ਸਭਿਆਚਾਰ ਦੇ ਬਜ਼ੁਰਗਾਂ ਬਾਰੇ ਜਾਣਕਾਰੀ ਮਿਲਦੀ ਹੈ। ਇਸ ਤੋਂ ਪੰਜਾਬੀ ਲੋਕ ਵਿਸ਼ਵਾਸਾਂ ਦੀਆਂ ਜੜ੍ਹਾਂ ਲੱਭੀਆਂ ਜਾ ਸਕਦੀਆਂ ਹਨ। ਇਤਿਹਾਸਕ ਖੋਜਾਂ ਤੋਂ ਪ੍ਰਾਪਤ ਹੋਏ ਸਿੱਕੇ ਵੀ ਪੰਜਾਬੀ ਸਭਿਆਚਾਰ ਦੀ ਰੂਪ ਰੇਖਾ ਪਛਾਣਨ ਵਿਚ ਕਾਫੀ ਸਹਾਇਕ ਸਿੱਧ ਹੋ ਸਕਦੇ ਹਨ।

4. ਭੂਗੋਲ

ਪੰਜਾਬ ਦਾ ਭੂਗੋਲ ਵੀ ਪੰਜਾਬੀ ਸਭਿਆਚਾਰ ਦਾ ਇਕ ਸੋਮਾ ਹੈ। ਪੰਜਾਬ ਦੀਆਂ ਭੂਗੋਲਿਕ ਹਾਲਤਾਂ ਨੇ ਪੰਜਾਬੀ ਸਭਿਆਚਾਰ ਨੂੰ ਬਹੁਤ ਪ੍ਰਭਾਰਿਤ ਕੀਤਾ। (ਇਸ ਸੰਬੰਧੀ ਵਧੇਰੇ ਜਾਣਕਾਰੀ ਅਗਲੇ ਅਧਿਆਇ ਵਿਚ ਦਿੱਤੀ ਜਾਵੇਗੀ) ਆਲਾ-ਦੁਆਲਾ, ਪੰਜਾਂ ਦਰਿਆਵਾਂ ਦੀ ਪੂਰਤੀ, ਪਾਣੀਆਂ ਦਾ ਚਲਣਾ, ਦਰਖ਼ਤ, ਘਾਹ, ਖੇਤ, ਕਣਕ, ਮੱਕੀ, ਕਪਾਹ ਅਤੇ ਇਨ੍ਹਾਂ ਵਿਚੋਂ ਲੰਘ ਕੇ ਆਉਂਦੀ ਹਵਾ ਸਾਡੇ ਮਨਾਂ ਉਤੇ ਅਦਭੁੱਤ ਪ੍ਰਭਾਵ ਪਾਉਂਦੀ ਹੈ। ਪ੍ਰਕਿਰਤੀ ਦਾ ਸਾਡੇ ਜੀਵਨ ਤੇ ਬਹੁਤ ਪ੍ਰਭਾਵ ਪੈਂਦਾ ਹੈ। ਜੀਵਨ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਤੋਂ ਐਸ਼ੋ ਇਸ਼ਰਤ ਵਾਲੀਆਂ ਵਸਤਾਂ ਤਕ ਕੁਝ ਵੀ ਅਜਿਹਾ ਨਹੀਂ ਦਿਸਦਾ ਜਿਥੇ ਪ੍ਰਕਿਰਤੀ ਦਾ ਦਖਲ ਨਾ ਹੋਵੇ। ਆਪਣੇ ਮੂਲ ਵਿਚ ਵਿਅਕਤੀ ਖੁਦ ਇਕ ਪ੍ਰਕਿਰਤਕ ਅੰਸ਼ ਹੈ। ਪ੍ਰਕਿਰਤੀ ਮਨੁੱਖੀ ਸਭਿਆਚਾਰ ਦੇ ਪਦਾਰਥਕ, ਪ੍ਰਤਿਮਾਨਕ ਅਤੇ ਬੌਧਾਤਮਿਕ ਪੱਖਾਂ ਦਾ ਨਿਰਮਾਣ ਕਰਨ ਵਾਲੀ ਹੈ। ਪੰਜਾਬ ਦੇ ਭੂਗੋਲਿਕ ਹਾਲਾਤਾਂ, ਦਰਿਆਵਾਂ, ਪਹਾੜਾਂ ਅਤੇ ਮੈਦਾਨਾਂ ਨੇ ਇਥੋਂ ਦੇ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਲਈ ਪੰਜਾਬ ਦਾ ਭੂਗੋਲ ਪੰਜਾਬੀ ਸਭਿਆਚਾਰ ਦਾ ਮੁੱਖ ਸੋਮਾ ਹੈ।

5. ਕੋਮਲ ਕਲਾਵਾਂ

ਸੁਹਜ ਨੂੰ ਮਾਨਣ ਦੀ ਇੱਛਾ ਨੇ ਕਲਾ ਨੂੰ ਜਨਮ ਦਿੱਤਾ। ਲੋਕ ਕਲਾ ਦੀ ਵੱਡੀ ਸਿਫ਼ਤ ਇਹ ਹੈ ਕਿ ਇਹ ਸੁਹਜ ਰਸ ਦੀ ਤ੍ਰਿਪਤੀ ਕਰਦੀ ਹੈ। ਇਹ ਸਹਿਜ ਰੂਪ ਵਿਚ ਰਚੀ ਜਾਂਦੀ ਹੈ। ਕੋਮਲ ਕਲਾਵਾਂ ਘਰਾਂ ਦਾ ਸੁਹਜ ਤੇ ਸ਼ਿੰਗਾਰ ਹਨ। ਘਰਾਂ ਵਿਚ ਵਰਤੀਂਦੇ ਖੇਸ, ਦਰੀਆਂ, ਗਲੀਚੇ ਅਤੇ ਫੁੱਲਕਾਰੀਆਂ ਵਿਚ ਰੰਗਾਂ, ਪੈਟਰਨਾਂ ਤੇ ਕਲਾ ਰੂੜੀਆਂ, ਦੁਆਰਾ, ਲੱਕੜੀ ਜਾਂ ਦੰਦ ਖੰਡ ਦੀਆਂ ਬਣੀਆਂ ਘਰੋਗੀ ਵਰਤੋਂ ਦੀਆਂ ਕਲਾਂ ਕਿਰਤਾਂ ਵਿਚ ਰੂਪ ਤੇ ਨਿਸ਼ਾਨੀ ਨਾਲ, ਗਹਿਣਿਆਂ ਵਿਚ ਵੰਨਸਵੰਨੇ ਪੈਟਰਨਾਂ ਤੇ ਕਲਾ ਕ੍ਰਿਤੀਆਂ ਦੇ ਸੁਹਜ ਨਾਲ, ਮਿੱਟੀ ਜਾਂ ਧਾਤ ਦੇ ਬਣੇ ਬਰਤਨਾਂ ਵਿਚ ਫੁੱਲਾਂ, ਵੇਲਾਂ ਤੇ ਬੂਟਿਆਂ ਨਾਲ, ਕੰਧਾਂ ਉਤੇ ਉਕਰੇ ਦੇਵੀ ਦੇਵਤਿਆਂ, ਜਨੌਰਾਂ ਤੇ ਫੁੱਲਾਂ ਦੇ ਚਿੱਤਰਾਂ ਨਾਲ, ਇਹ ਕਲਾ ਸਾਡੇ ਜੀਵਨ ਵਿਚ ਸੁਹਜ ਖਲੇਰਦੀ ਤੇ ਸਾਡੀਆਂ ਕਲਾ ਰੁਚੀਆਂ ਨੂੰ ਸੰਤੁਸ਼ਟ ਕਰਨ ਤੋਂ ਬਿਨਾਂ ਮਾਨਸਿਕ ਤੇ ਆਤਮਿਕ ਤ੍ਰਿਪਤੀ ਦਿੰਦੀ ਰਹੀ ਹੈ।[2] ਉਪਰੋਕਤ ਕਲਾਵਾਂ ਦੇ ਅਧਿਐਨ ਤੋਂ ਸਾਨੂੰ ਲੋਕਾਂ ਦੇ ਸਭਿਆਚਾਰ ਬਾਰੇ ਜਾਣਕਾਰੀ ਮਿਲਦੀ ਹੈ। ਇਨ੍ਹਾਂ ਕਲਾਵਾਂ ਦੇ ਪੁਰਾਣੇ ਨਮੂਨੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹੜੱਪਾ ਤੇ ਰੋਪੜ ਦੀਆਂ ਪੁਰਾਣੀਆਂ ਥੇਹਾਂ ਦੀ ਖੁਦਾਈ ਵੇਲੇ ਮਿਲੇ ਹਨ। ਇਹ ਘੜੇ, ਮੂਰਤੀਆਂ, ਬਰਤਨ, ਕੰਧ ਚਿੱਤਰ ਹਨ ਜੋ ਸਾਨੂੰ ਪੁਰਾਤਨ ਪੰਜਾਬੀ ਸਭਿਆਚਾਰ ਬਾਰੇ ਜਾਣਕਾਰੀ ਦਿੰਦੇ ਹਨ। ਕਾਂਗੜੇ ਦੀ ਚਿੱਤਰਕਾਰੀ ਲੋਕ ਕਲਾਕਾਰਾਂ ਦੀਆਂ ਭਾਵਨਾਵਾਂ ਨੂੰ ਚਿਤ੍ਰਿਤ ਕਰਦੀ ਹੈ। ਇਸ ਤਰ੍ਹਾਂ ਇਨ੍ਹਾਂ ਕੋਮਲ ਕਲਾਵਾਂ ਦੇ ਅਧਿਐਨ ਤੋਂ ਸਾਨੂੰ ਲੋਕਾਂ ਦੇ ਸੁਹਜ ਸੁਆਦ ਅਤੇ ਉਨ੍ਹਾਂ ਦਾ ਕਲਾ ਲਈ ਪਿਆਰ ਦਾ ਪਤਾ ਲਗਦਾ ਹੈ। ਇਨ੍ਹਾਂ ਕਲਾਵਾਂ ਵਿਚ ਪੀੜ੍ਹੀ ਦਰ ਪੀੜ੍ਹੀ ਨਿਖਾਰ ਆਉਂਦਾ ਗਿਆ ਹੈ।

6. ਲੋਕਧਾਰਾ

ਲੋਕਧਾਰਾ ਪੰਜਾਬੀ ਸਭਿਆਚਾਰ ਦਾ ਪ੍ਰਮੁੱਖ ਸੋਮਾ ਹੈ। ਪੰਜਾਬੀਆਂ ਦਾ ਸਭਿਆਚਾਰਕ ਵਿਰਸਾ ਹੀ ਲੋਕਧਾਰਾ ਹੈ। ਲੋਕਧਾਰਾ ਦਾ ਵਿਸ਼ਾਲ ਵਿਸ਼ੈ ਖੇਤਰ ਹੈ। ਇਸ ਵਿਚ ਲੋਕ ਸਾਹਿਤ, ਕਲਾ, ਲੋਕ ਵਿਸ਼ਵਾਸ, ਰਸਮ ਰਿਵਾਜ ਮਨੋਰੰਜਨ, ਲੋਕ ਧੰਧੇ, ਲੋਕ ਖੇਡਾਂ ਆਦਿ ਲੋਕ ਜੀਵਨ ਨਾਲ ਜੁੜੀ ਸਾਮੱਗਰੀ ਆ ਜਾਂਦੀ ਹੈ।

ਲੋਕਧਾਰਾ ਦਾ ਪ੍ਰਮੁੱਖ ਖੇਤਰ ਲੋਕ ਸਾਹਿਤ ਹੈ। ਲੋਕ ਜੀਵਨ ਦੀ ਸਹੀ ਤਰਜਮਾਨੀ ਲੋਕ ਸਾਹਿਤ ਕਰਦਾ ਹੈ। ਪੰਜਾਬੀ ਲੋਕ ਸਾਹਿਤ ਦੇ ਅਧਿਐਨ ਰਾਹੀਂ ਪੰਜਾਬੀਆਂ ਦੇ ਸਭਿਆਚਾਰ ਦਾ ਸੱਚਾ ਤੇ ਸਜੀਵ ਚਿੱਤਰ ਪ੍ਰਸਤੁਤ ਹੁੰਦਾ ਹੈ। ਪੰਜਾਬੀ ਜੀਵਨ ਦੀ ਸਹੀ ਤਸਵੀਰ ਲੋਕ ਸਾਹਿਤ ਵਿਚੋਂ ਵੇਖੀ ਜਾ ਸਕਦੀ ਹੈ। ਲੋਕ ਸਾਹਿਤ ਵਿਚ ਲੋਕ ਕਾਵਿ, ਲੋਕ ਕਹਾਣੀਆਂ, ਬੁਝਾਰਤਾਂ, ਅਖੌਤਾਂ ਤੇ ਮੁਹਾਵਰੇ ਸ਼ਾਮਿਲ ਹਨ। ਪੰਜਾਬੀ ਲੋਕ ਕਾਵਿ ਦੇ ਅਧਿਐਨ ਲਈ ਵੇਖੋ 'ਪੰਜਾਬੀ ਲੋਕ ਕਾਵਿ' (ਸੰਪ. ਡਾ. ਬਿਕਰਮ ਸਿੰਘ ਘੁੰਮਣ)।

ਲੋਕ ਗੀਤਾਂ ਵਿਚ ਸਮੁੱਚਾ ਪੰਜਾਬੀ ਸਭਿਆਚਾਰ ਚਿਤ੍ਰਿਤ ਕੀਤਾ ਮਿਲਦਾ ਹੈ। ਜਨਮ ਤੋਂ ਮਰਨ ਤੱਕ ਦਾ ਪੰਜਾਬੀ ਜੀਵਨ ਲੋਕ ਗੀਤਾਂ ਵਿਚ ਪੇਸ਼ ਕੀਤਾ ਗਿਆ ਹੈ। ਇਹ ਵਿਅਕਤੀ ਦੇ ਦੁੱਖਾਂ, ਸੁੱਖਾਂ, ਖੁਸ਼ੀਆਂ ਗਮੀਆਂ ਦੀ ਤਰਜਮਾਨੀ ਕਰਦੇ ਹਨ। ਪੰਜਾਬੀ ਜੀਵਨ ਤੇ ਸਭਿਆਚਾਰ ਦੀ ਜਾਣਕਾਰੀ ਇਨ੍ਹਾਂ ਤੋਂ ਪ੍ਰਾਪਤ ਹੁੰਦੀ ਹੈ। ਪੰਜਾਬ ਦੀਆਂ ਲੋਕ ਕਹਾਣੀਆਂ ਵੀ ਕਈ ਰੂਪਾਂ ਵਿਚ ਮਿਲਦੀਆਂ ਹਨ ਜਿਵੇਂ ਮਿਥਿਕ ਕਥਾਵਾਂ, ਪਸ਼ੂ ਕਹਾਣੀਆਂ, ਨੀਤੀ ਕਥਾਵਾਂ, ਦੰਤ ਕਥਾਵਾਂ, ਪਰੀ ਕਹਾਣੀਆਂ, ਭੂਤ ਪ੍ਰੇਤਾਂ ਦੀਆਂ ਕਹਾਣੀਆਂ, ਬੁਝਾਵਲ ਕਥਾਵਾਂ ਆਦਿ। ਇਹ ਕਹਾਣੀਆਂ ਪੰਜਾਬ ਦੇ ਸਭਿਆਚਾਰ ਦਾ ਅਨਿੱਖੜ ਅੰਗ ਹਨ। ਇਹ ਲੋਕਾਂ ਵਿਚ ਬਹੁਤ ਪ੍ਰਚਲਿਤ ਹਨ।

ਪੰਜਾਬੀ ਅਖਾਣ ਅਤੇ ਮੁਹਾਵਰੇ ਇਕ ਤਰ੍ਹਾਂ ਦੇ ਲੋਕ ਪ੍ਰਮਾਣ ਹਨ। ਇਨ੍ਹਾਂ ਵਿਚ ਲੋਕ ਜੀਵਨ ਦੇ ਅਨੁਭਵਾਂ ਨੂੰ ਬੜੀ ਦਿਲ ਖਿੱਚਵੀਂ ਤੇ ਅਲੰਕਾਰਕ ਬੋਲੀ ਵਿਚ ਦਰਸਾਇਆ ਗਿਆ ਹੈ। ਇਨ੍ਹਾਂ ਵਿਚ ਮਨੁੱਖੀ ਜੀਵਨ ਦਾ ਨਿਚੋੜ ਦਰਸਾਇਆ ਹੁੰਦਾ ਹੈ। ਸੱਚ ਹੀ ਲੋਕ ਸਾਹਿਤ ਨੇ ਪੰਜਾਬੀ ਸਭਿਆਚਾਰ ਨੂੰ ਆਪਣੇ ਵਿਚ ਸੁਰੱਖਿਤ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਸੰਭਾਲਿਆ ਹੋਇਆ ਹੈ। ਲੋਕ ਸਾਹਿਤ ਦੀ ਖੋਜ ਅਤੇ ਅਧਿਐਨ ਰਾਹੀਂ ਸਾਨੂੰ ਆਪਣੇ ਸਭਿਆਚਾਰ ਸੰਬੰਧੀ ਠੀਕ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ।

ਪੰਜਾਬ ਦੀਆਂ ਲੋਕ ਕਲਾਵਾਂ ਵਿਚੋਂ ਪੰਜਾਬੀ ਜੀਵਨ ਅਤੇ ਸਭਿਆਚਾਰ ਦੀ ਸਾਮਗਰੀ ਪ੍ਰਾਪਤ ਹੁੰਦੀ ਹੈ। ਲੋਕ ਸੰਗੀਤ, ਲੋਕ ਸਾਜ਼, ਲੋਕ ਨਾਚ ਅਤੇ ਲੋਕ ਨਾਟ ਲੋਕ ਕਲਾਵਾਂ ਦੀਆਂ ਪ੍ਰਮੁੱਖ ਵੰਨਗੀਆਂ ਹਨ। ਲੋਕ ਨਾਚ ਗਿੱਧਾ ਅਤੇ ਭੰਗੜਾ ਪੰਜਾਬੀਆਂ ਦੀ ਖੁਸ਼ੀ ਦਾ ਸਹਿਜ ਸੁਭਾ ਪ੍ਰਗਟਾਵਾ ਹੈ। ਪੰਜਾਬੀ ਅਲਬੇਲੇ ਸੁਭਾ ਦੇ ਮਾਲਕ ਹਨ। ਪੰਜਾਬੀ ਗੱਭਰੂ ਅਤੇ ਮੁਟਿਆਰਾਂ ਆਪਣੇ ਮਨੋਭਾਵਾਂ ਦਾ ਪ੍ਰਗਟਾ ਗਿੱਧੇ ਅਤੇ ਭੰਗੜੇ ਵਿਚ ਕਰਦੇ ਹਨ।

ਪੰਜਾਬ ਦੇ ਲੋਕ ਨਾਟ ਪੰਜਾਬੀ ਜੀਵਨ ਦਾ ਸਭਿਆਚਾਰਕ ਪੱਖ ਵੀ ਪੇਸ਼ ਕਰਦੇ ਹਨ ਅਤੇ ਉਨ੍ਹਾਂ ਦੇ ਮਨੋਰੰਜਨ ਦਾ ਵੀ ਮੁੱਖ ਸੋਮਾਂ ਹਨ। ਰਾਸ ਲੀਲ੍ਹਾ, ਨਕਲਾਂ, ਸਵਾਂਗਾਂ, ਪੁਤਲੀਆਂ ਦੇ ਤਮਾਸ਼ੇ ਵਿਚੋਂ ਸਾਨੂੰ ਪੰਜਾਬੀ ਸਭਿਆਚਾਰ ਦੇ ਨਮੂਨੇ ਮਿਲਦੇ ਹਨ।

ਲੋਕ ਵਿਸ਼ਵਾਸ, ਵਹਿਮ, ਭਰਮ, ਸ਼ਗਨ, ਅਪਸ਼ਗਨ, ਜਾਦੂ ਟੂਣੇ, ਰਸਮ ਰਿਵਾਜ਼ਾਂ ਦੇ ਅਧਿਐਨ ਨਾਲ ਪੰਜਾਬੀ ਲੋਕ ਜੀਵਨ ਦੇ ਨਿੱਤਾ ਪ੍ਰਤੀ ਜੀਵਨ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਹਜ਼ਾਰਾਂ ਸਾਲਾਂ ਤੋਂ ਧਾਰਮਿਕ ਵਿਸ਼ਵਾਸ ਸਾਡੀ ਸਭਿਅਤਾ ਅਤੇ ਸਭਿਆਚਾਰ ਦਾ ਹਿੱਸਾ ਹਨ। ਪੰਜਾਬ ਦੇ ਸਭਿਆਚਾਰ ਦੇ ਮੂਲ ਸੋਮੇ ਦੀ ਦ੍ਰਿਸ਼ਟੀ ਤੋਂ ਲੋਕਧਾਰਾ ਦੀ ਸਾਮਗ੍ਰੀ ਦਾ ਅਧਿਐਨ ਕਰਨ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਪੰਜਾਬੀ ਲੋਕਧਾਰਾ ਪੰਜਾਬੀ ਸਭਿਆਚਾਰ ਦਾ ਅਜੇਹਾ ਸੋਮਾ ਹੈ ਜਿਸ ਵਿਚੋਂ ਸਾਨੂੰ ਪੰਜਾਬੀ ਸਭਿਆਚਾਰ ਦੀ ਸਹੀ ਤਸਵੀਰ ਦਿਸਦੀ ਹੈ।

ਉਪਰੋਕਤ ਪੱਖਾਂ ਨੂੰ ਵਿਚਾਰਨ ਤੋਂ ਬਾਅਦ ਇਹ ਕਹਿਣਾ ਠੀਕ ਹੋਵੇਗਾ ਕਿ ਜੇਕਰ ਅਸੀਂ ਪੰਜਾਬੀ ਸਭਿਆਚਾਰ ਦਾ ਠੀਕ ਅਧਿਐਨ ਕਰਨਾ ਹੈ ਤਾਂ ਸਾਨੂੰ ਇਸਦੇ ਮੂਲ ਇਤਿਹਾਸ, ਭੂਗੋਲ, ਭਾਸ਼ਾ, ਸਾਹਿਤ, ਧਰਮ ਅਤੇ ਲੋਕਧਾਰਾ ਆਦਿ ਦਾ ਅਧਿਐਨ ਕਰਨਾ ਲਾਜ਼ਮੀ ਹੋਵੇਗਾ।

(ਅ) ਪੰਜਾਬੀ ਸਭਿਆਚਾਰ ਦੀ ਭੂਗੋਲਿਕ ਰੂਪ ਰੇਖਾ

ਸਭਿਆਚਾਰ ਅਤੇ ਭੂਗੋਲ ਦਾ ਅਨਿੱਖੜ ਸੰਬੰਧ ਹੈ। ਕਿਸੇ ਵੀ ਖਿੱਤੇ ਦਾ ਸਭਿਆਚਾਰ ਉਥੋਂ ਦੀ ਭੂਗੋਲਿਕ ਸਥਿਤੀ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਭਾਵਿਤ ਹੁੰਦਾ ਹੈ। ਕਿਸੇ ਭੂਗੋਲਿਕ ਖਿਤੇ ਦੀ ਸਥਿਤੀ ਉਥੋਂ ਦੇ ਸਭਿਆਚਾਰ ਨੂੰ ਕਿਥੋਂ ਤਕ ਪ੍ਰਭਾਵਿਤ ਕਰਦੀ ਹੈ ਇਸ ਸੰਬੰਧੀ ਵੱਖ ਵੱਖ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਕੁਝ ਇਕ ਦਾ ਵਿਚਾਰ ਹੈ ਭੂਗੋਲਿਕ ਹਾਲਾਤ ਪ੍ਰਭਾਵਿਤ ਕਰਦੇ ਹਨ, ਦੂਜਿਆਂ ਦਾ ਮੱਤ ਹੈ ਕਿ ਇਹ ਬਿਲਕੁਲ ਨਹੀਂ ਕਰਦੇ ਅਤੇ ਤੀਜੇ ਮੱਤ ਦੇ ਧਾਰਨੀ ਨਾ ਭੂਗੋਲ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਮੰਨਦੇ ਹਨ ਅਤੇ ਨਾ ਹੀ ਇਨਕਾਰੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਨ। ਪੰਜਾਬ ਦੀ ਭੂਗੋਲਿਕ ਹਾਲਤ ਦੇ ਪੰਜਾਬੀ ਸਭਿਆਚਾਰ ਤੇ ਪ੍ਰਭਾਵ ਜਾਨਣ ਤੋਂ ਪਹਿਲਾਂ ਅਸੀਂ ਇਥੋਂ ਦੀ ਭੂਗੋਲਿਕ ਰੂਪ ਰੇਖਾ ਬਾਰੇ ਜਾਣਕਾਰੀ ਲੈਂਦੇ ਹਾਂ।

ਪੰਜਾਬ ਦੀਆਂ ਭੂਗੋਲਿਕ ਹੱਦਾਂ ਹਮੇਸ਼ਾਂ ਇਕੋ ਜਿਹੀਆਂ ਨਹੀਂ ਰਹੀਆਂ ਹਨ। ਰਾਜਸੀ ਉੱਥਲ ਪੁੱਥਲ ਨਾਲ ਹਮੇਸ਼ਾਂ ਵਧਦੀਆਂ ਅਤੇ ਘਟਦੀਆਂ ਰਹੀਆਂ ਹਨ। ਉਸ ਦੇ ਅਨੁਸਾਰ ਇਹ ਪੰਜਾਬ ਦਾ ਨਾਂ ਬਦਲਦਾ ਰਿਹਾ ਹੈ। ਵੈਦਿਕ ਕਾਲ ਸਮੇਂ ਇਸ ਦਾ ਨਾਂ ਸਪਤ-ਸਿੰਧੂ ਸੀ। ਉਸ ਸਮੇਂ ਚੜ੍ਹਦੇ ਵੱਲ ਸਰਸਵਤੀ ਅਤੇ ਲਹਿੰਦੇ ਵੱਲ ਅਟਕ (ਸਿੰਧੂ) ਦਰਿਆ ਇਸ ਦੀਆਂ ਹੱਦਾਂ ਸਨ। ਵਿਚਕਾਰ ਪੰਜ ਹੋਰ ਦਰਿਆ ਸਤਲੁਜ, ਬਿਆਸ, ਰਾਵੀ, ਝਨਾਂ ਤੇ ਜਿਹਲਮ ਵਗਣ ਕਰਕੇ ਸੱਤਾਂ ਦਰਿਆਵਾਂ ਦੀ ਧਰਤੀ ਸਪਤ ਸਿੰਧੂ ਅਖਵਾਈ। ਇਰਾਨੀ ਪ੍ਰਭਾਵ ਅਧੀਨ ਇਸ ਦਾ ਨਾਂ 'ਹਫ਼ਤ-ਹਿੰਦੂ' ਪੈ ਗਿਆ। ਮਹਾਂ ਭਾਰਤ, ਅਗਨੀ ਪ੍ਰਾਣ ਅਤੇ ਬ੍ਰਾਹਮਣ ਪ੍ਰਾਣ ਗ੍ਰੰਥਾਂ ਵਿਚ 'ਪੰਚ-ਨਦ' ਸ਼ਬਦ ਦੀ ਵਰਤੋਂ ਮਿਲਦੀ ਹੈ।[3] ਅੱਜ ਵੀ ਉਸ ਇਲਾਕੇ ਨੂੰ ਜਿਥੇ ਪੰਜ ਦਰਿਆ ਸਿੰਧ-ਦਰਿਆ ਵਿਚ ਡਿਗਦੇ ਹਨ। 'ਪੰਚ-ਨਾਦ' ਕਿਹਾ ਜਾਂਦਾ ਹੈ। ਪੰਜਾਬ ਇਸੇ 'ਪੰਜ-ਨਾਦ' ਦਾ ਫ਼ਾਰਸੀ ਰੂਪ ਹੈ ਅਤੇ ਇਹ ਨਾਂ ਮੁਸਲਮਾਨਾਂ ਦੇ ਰਾਜ ਸਮੇਂ ਪ੍ਰਚਲਤ ਹੋਇਆ। ਪੰਜ+ਆਬ ਅਰਥਾਤ ਪੰਜਾਂ ਦਰਿਆਵਾਂ ਦੀ ਧਰਤੀ। ਪੰਜਾਬ (ਪੰਜ+ਆਬ) ਸ਼ਬਦ ਸਭ ਤੋਂ ਪਹਿਲਾਂ ਅਮੀਰ ਖ਼ੁਸਰੋ ਦੀਆਂ ਰਚਨਾਵਾਂ ਵਿਚ ਵਰਤਿਆ ਮਿਲਦਾ ਹੈ।[4]

ਜਿਵੇਂ ਅਸੀਂ ਉਪਰ ਵਰਣਨ ਕਰ ਚੁੱਕੇ ਹਾਂ ਕਿ ਹਰ ਸਮੇਂ ਦੀ ਸਰਕਾਰ ਨੇ ਇਸ ਦੀਆਂ ਹੱਦਾਂ ਵਿਚ ਵਾਧਾ ਘਾਟਾ ਆਪ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਪਹਿਲਾਂ ਮੁਲਤਾਨ ਅਤੇ ਲਾਹੌਰ ਵੱਖਰੇ ਵੱਖਰੇ ਸਨ। ਉਸ ਨੇ ਇਨ੍ਹੋਂ ਇਲਾਕਿਆਂ ਨੂੰ ਜਿੱਤ ਕੇ ਪੰਜਾਬ ਵਿਚ ਸ਼ਾਮਲ ਕੀਤਾ। ਕੈਪਟਨ ਮਰੇ ਅਨੁਸਾਰ ਉਸ ਸਮੇਂ ਦੇ ਪੰਜਾਬ ਦੀਆਂ ਹੱਦਾਂ ਇਸ ਪ੍ਰਕਾਰ ਸਨ, "ਇਸ ਦੇ ਉੱਤਰ ਵੱਲ ਪੀਰ-ਪੰਜਾਬ ਦੇ ਵਿਸ਼ਾਲ ਪਹਾੜਾਂ ਦਾ ਸਿਲਸਿਲਾ ਪੱਛਮ ਵੱਲ ਖੈਬਰ ਅਤੇ ਸੁਲੇਮਾਨ ਪਹਾੜੀਆਂ ਦੇ ਸਿਲਸਿਲੇ ਹਨ, ਅਤੇ ਸਿੰਧ ਨਦੀ ਹਿੰਦ ਮਹਾਂ ਸਾਗਰ ਤੱਕ ਦੱਖਣ ਵੱਲ ਵਹਿੰਦੀ ਹੈ, ਜਦ ਕਿ ਇਸ ਦੇ ਦੱਖਣ ਤੇ ਪੂਰਬ ਵੱਲ ਸਤਲੁਜ ਨਦੀ ਇਸ ਨੂੰ ਬਰਤਾਨਵੀ ਭਾਰਤ ਤੋਂ ਅੱਡ ਕਰਦੀ ਹੈ।[5]

ਇਸ ਤਰ੍ਹਾਂ ਇਸ ਦੀਆਂ ਹੱਦਾਂ ਵਿਚ 1846, 1901 ਅਤੇ 1911 ਵਿਚ ਪਰਿਵਰਤਨ ਕੀਤੇ ਗਏ। ਅੰਗਰੇਜ਼ੀ ਰਾਜ ਸਮੇਂ ਪੰਜਾਬ ਦੀਆਂ ਹੱਦਾਂ ਇਸ ਪ੍ਰਕਾਰ ਸਨ, ਉਤਰ ਤੇ ਉਤਰ ਪੂਰਬ ਵੱਲ ਹਿਮਾਲਾ ਦੀਆਂ ਪਹਾੜੀਆਂ ਸਨ। ਪੂਰਬ ਵੱਲ ਜਮਨਾ ਨਦੀ। ਦੱਖਣ ਵੱਲ ਜ਼ਿਲਾ ਮਾਥੁਰਾ ਅਤੇ ਉੱਤਰ ਪੱਛਮੀ ਪ੍ਰਾਂਤ, ਰਾਜ ਪੂਤਾਨੇ ਦੀਆਂ ਰਿਆਸਤਾਂ ਅਤੇ ਸਤਲੁਜ ਨਦੀ, ਪੱਛਮ ਵੱਲ ਸੁਲੇਮਾਨ ਦੀਆਂ ਪਹਾੜੀਆਂ ਅਤੇ ਅਫਗਾਨਿਸਤਾਨ ਸੀ।[6] ਸੰਨ 1947 ਵਿਚ ਪੰਜਾਬ ਦੀ ਫਿਰ ਵੰਡ ਹੋ ਗਈ। ਪੂਰਬੀ ਪੰਜਾਬ ਭਾਰਤ ਦਾ ਹਿੱਸਾ ਬਣ ਗਿਆ ਅਤੇ ਪੱਛਮੀ ਪੰਜਾਬ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪਾਕਿਸਤਾਨ ਦਾ ਹਿੱਸਾ ਬਣ ਗਿਆ। ਰਾਵੀ ਦਰਿਆ ਦਾ ਪੂਰਬੀ ਕੰਢਾ ਹੀ ਬਹੁਤ ਥਾਵਾਂ ਤੇ ਦੋਹਾਂ ਪੰਜਾਬਾਂ ਦੀ ਹੱਦ ਬਣਿਆ।

1966 ਵਿਚ ਭਾਰਤੀ ਪੰਜਾਬ ਦੀ ਫਿਰ ਵੰਡ ਹੋ ਗਈ। ਪੰਜਾਬ ਦੇ ਚੜ੍ਹਦੇ ਵਲੋਂ ਅੰਬਾਲੇ ਤਕ ਦਾ ਇਲਾਕਾ ਕੱਟ ਕੇ ਹਰਿਆਣਾ ਰਾਜ ਬਣਾਇਆ ਗਿਆ ਅਤੇ ਪੰਜਾਬ ਦੇ ਪਹਾੜੀ ਖੇਤਰ ਸ਼ਿਮਲਾ ਤੇ ਕਾਂਗੜਾ ਆਦਿ ਨੂੰ ਹਿਮਾਚਲ ਪ੍ਰਦੇਸ਼ ਵਿਚ ਮਿਲਾ ਦਿੱਤਾ ਗਿਆ। ਅਜੋਕੇ ਭਾਰਤੀ ਪੰਜਾਬ ਦੇ 14 ਜ਼ਿਲੇ ਹਨ : ਜਲੰਧਰ, ਹੁਸ਼ਿਆਰਪੁਰ, ਬਠਿੰਡਾ, ਕਪੂਰਥਲਾ, ਪਟਿਆਲਾ, ਸੰਗਰੂਰ, ਰੋਪੜ, ਅੰਮ੍ਰਿਤਸਰ, ਫਿਰੋਜ਼ਪੁਰ, ਫਰੀਦਕੋਟ, ਗੁਰਦਾਸਪੁਰ, ਲੁਧਿਆਣਾ, ਫਤਹਿਗੜ੍ਹ ਸਾਹਿਬ ਅਤੇ ਮਾਨਸਾ।

ਸਾਰਾ ਪੰਜਾਬ ਪੰਜ ਕੁਦਰਤੀ ਦੁਆਬਿਆਂ ਵਿਚ ਵੰਡਿਆ ਹੋਇਆ ਹੈ। ਦੁਆਬਾ ਦੋ ਦਰਿਆਵਾਂ ਦੇ ਵਿਚਕਾਰ ਦੀ ਧਰਤੀ ਨੂੰ ਕਹਿੰਦੇ ਹਨ ਜੋ ਭੂਗੋਲਿਕ ਤੌਰ ਤੇ ਇਕਾਈ ਹੁੰਦਾ ਹੈ। ਇਨ੍ਹਾਂ ਦੇ ਸੰਬੰਧਿਤ ਨਾਂ ਵੀ ਸੰਬੰਧਿਤ ਦਰਿਆਵਾਂ ਦੇ ਪਹਿਲੇ ਅੱਖਰ ਦੇ ਸੁਮੇਲ ਤੋਂ ਰੱਖੇ ਗਏ ਹਨ: ਬਿਸਤ, ਬਾਰੀ, ਰਚਨਾ, ਚਜ ਤੇ ਸਿੰਧ-ਸਾਗਰ ਦੁਆਬ। ਪੰਜਾਬ ਦੇ ਵੱਖ ਵੱਖ ਖੇਤਰਾਂ ਦੇ ਇਲਾਕਾਈ ਨਾਂ ਜੋ ਅੱਜ ਕਲ ਪ੍ਰਚਲਿਤ ਹਨ: ਧਨੀ, ਪੋਠੋਹਾਰ, ਬਾਰ (ਸਾਂਦਲ, ਗੰਜੀ ਤੇ ਨੀਲੀ) ਮਾਝਾ, ਦੁਆਬਾ, ਮਾਲਵਾ, ਤੇ ਪੁਆਧ।[7] ਧਨੀ, ਪੋਠੋਹਾਰ ਤੇ ਬਾਰ ਦਾ ਇਲਾਕਾ ਪਾਕਿਸਤਾਨ ਦਾ ਹਿੱਸਾ ਬਣ ਗਿਆ ਤੇ ਪੁਆਧ ਹਰਿਆਣੇ ਦਾ। ਅਜੋਕੇ ਭਾਰਤੀ ਪੰਜਾਬ ਵਿਚ ਮਾਝਾ, ਦੁਆਬਾ, ਮਾਲਵਾ ਹੀ ਹਨ।

ਪੰਜਾਬ ਦੀ ਭੂਗੋਲਿਕ ਹਾਲਤ ਦਾ ਪੰਜਾਬੀ ਸਭਿਆਚਾਰ ਤੇ ਪ੍ਰਭਾਵ

ਜਿਵੇਂ ਅਸੀ ਪਹਿਲਾਂ ਵਰਣਨ ਕਰ ਚੁੱਕੇ ਹਾਂ ਕਿ ਕਿਸੇ ਖਿੱਤੇ ਦੀ ਭੂਗੋਲਿਕ ਹਾਲਤ ਉਸ ਖਿਤੇ ਜਾਂ ਇਲਾਕੇ ਦੇ ਸਭਿਆਚਾਰ ਨੂੰ ਸਿੱਧੇ ਅਸਿੱਧੇ ਢੰਗ ਨਾਲ ਜ਼ਰੂਰ ਪ੍ਰਭਾਵਿਤ ਕਰਦੀ ਹੈ। ਪੰਜਾਬ ਦੀ ਭੂਗੋਲਿਕ ਹਾਲਤ ਨੇ ਪੰਜਾਬੀ ਸਭਿਆਚਾਰ ਨੂੰ ਵੀ ਪ੍ਰਭਾਵਿਤ ਕੀਤਾ ਹੈ। ਪੰਜਾਬ ਦੇ ਲੋਕਾਂ ਦਾ ਚਰਿੱਤਰ ਸਿਰਜਨ ਵਿਚ ਇਸ ਦੀ ਭੂਗੋਲਿਕ ਹਾਲਤ ਵਿਸ਼ੇਸ਼ ਭਾਗ ਪਾਉਂਦੀ ਰਹੀ ਹੈ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ, ''ਪੰਜਾਬੀ ਆਚਰਣ ਪੰਜਾਬ ਦੇ ਭੂਗੋਲਿਕ ਦੁਆਲੇ ਅਤੇ ਇਤਿਹਾਸਕ ਪਿਛਵਾੜੇ ਤੋਂ ਬਣਿਆ ਹੈ। ਪੰਜਾਬ ਦੇ ਦਰਿਆਵਾਂ, ਪਹਾੜਾਂ ਤੇ ਮੈਦਾਨਾਂ ਨੇ ਇਥੋਂ ਦੇ ਲੋਕਾਂ ਨੂੰ ਬਹੁਤ ਕੁਝ ਦਿੱਤਾ ਹੈ। ਇਹਨਾਂ ਦੇ 'ਦਿਲ ਦਰਿਆਵਾਂ' ਦੇ ਹਨ। ਠੰਡੇ, ਡੂੰਘੇ, ਲੰਮੇ ਜਿਗਰੇ ਵਾਲੇ, ਛੇਤੀ ਛੇਤੀ ਵੱਲ ਨਾ ਖਾਣ ਵਾਲੇ, ਦਿੱਤੇ ਕੌਲ ਤੋਂ ਨਾ ਮੁੜਨ ਵਾਲੇ, ਮੈਦਾਨਾਂ ਵਾਂਗ ਸਿਧ ਪੱਧਰੇ, ਖੁੱਲੇ ਤੇ ਚੌੜੇ ਹੁੰਦੇ ਹਨ। ਜਿਵੇਂ ਇਨ੍ਹਾਂ ਦੇ ਦਰਿਆ ਨਿੱਖੜ ਕੇ ਲੰਮੇ ਲੰਮੇ ਰਾਹ ਛੱਡ ਜਾਂਦੇ ਹਨ, ਪਰ ਫਿਰ ਇਕੱਠੇ ਹੋ ਕੇ 'ਤ੍ਰਿਗੁ' ਜਾਂ ਪੰਚ-ਨਦ ਬਣਾ ਲੈਂਦੇ ਹਨ, ਤਿਵੇਂ ਇਹ ਲੋਕ ਵੀ ਚੰਗੇ ਮਿਲਾਪੜੇ ਤੇ ਘਰ ਬਾਹਰ ਦੀਆਂ ਸਾਂਝਾ ਵਾਲੇ ਬੰਦੇ ਹੁੰਦੇ ਹਨ। ਇਥੋਂ ਦੀਆਂ ਖੁਲ੍ਹੀਆਂ ਤੇ ਨਰੋਈਆਂ ਹਵਾਵਾਂ ਨੇ ਲੋਕਾਂ ਦੇ ਦਿਲਾਂ ਵਿਚ ਜ਼ਿੰਦਾ-ਦਿਲੀ ਤੇ ਤਾਜ਼ਗੀ ਪਾ ਦਿੱਤੀ।''[8]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਲੋਕਾਂ ਦੇ ਖੁਲ੍ਹ ਦਿਲੇ ਹੋਣ ਦੇ ਕਾਰਨ ਇਹ ਹੈ ਕਿ ਸਰੀਰਕ ਤੌਰ ਤੇ ਰਿਸ਼ਟ ਪੁਸ਼ਟ ਹਨ। ਉਨ੍ਹਾਂ ਦਾ ਸਰੀਰਕ ਪੱਖ ਤਕੜਾ ਹੋਣਾ ਵੀ ਇਸ ਦੀ ਭੂਗੋਲਿਕ ਸਥਿਤੀ ਦਾ ਹੀ ਚਮਤਕਾਰ ਹੈ। ਪੰਜਾਬ ਕਈ ਸਦੀਆਂ ਭਾਰਤ ਦਾ ਮੁਖ ਦੁਆਰ ਬਣਿਆ ਰਿਹਾ ਹੈ। ਸਭ ਵਿਦੇਸ਼ੀ ਹਮਲਆਵਰ ਈਰਾਨੀ, ਯੂਨਾਨੀ, ਸਿਥੀਅਨ, ਪਾਰਥੀਅਨ, ਹੂਨ, ਤੁਰਕ ਤੇ ਮੰਗੋਲ ਆਦਿ ਪੰਜਾਬ ਵਿਚੋਂ ਹੀ ਭਾਰਤ ਵਿਚ ਆਏ। ਸਭ ਤੋਂ ਪਹਿਲਾਂ ਹਮਲਾਵਰਾਂ ਦਾ ਟਾਕਰਾ ਪੰਜਾਬੀਆਂ ਨੇ ਹੀ ਕੀਤਾ। ਇਸੇ ਲਈ ਪੰਜਾਬੀਆਂ ਦੇ ਖ਼ੂਨ ਵਿਚ ਬਲ, ਸਾਹਸ ਤੇ ਸਵੈਮਾਨ, ਬਾਕੀ ਪ੍ਰਾਤਾਂ ਦੇ ਲੋਕਾਂ ਨਾਲੋਂ ਵਧੇਰੇ ਮਾਤਰਾ ਵਿਚ ਹੈ ਅਤੇ ਇਹ ਰਣਤੱਤੇ ਵਿਚ ਜੂਝਣ ਲਈ ਅਠਖੇਲੀਆਂ ਲੈਂਦੇ ਨਿੱਤਰਦੇ ਹਨ। ਭਾਰਤ ਦੀ ਇੱਜ਼ਤ ਤੇ ਸ਼ਾਨ ਦਾ ਰਾਖਾ ਹੋਣ ਕਰਕੇ, ਪੰਜਾਬ ਨੂੰ 'ਭਾਰਤ ਦੀ ਖੜਗ ਭੁਜਾ' ਅਖਵਾਣ ਦਾ ਮਾਣ ਹੈ।[9]

ਪੰਜਾਬੀ ਸਭਿਆਚਾਰ ਤੇ ਹਮਲਆਵਰ ਬਦੇਸ਼ੀ ਕੌਮਾਂ ਦੇ ਸਭਿਆਚਾਰ ਦੇ ਅਨੇਕਾਂ ਗੁਣ-ਔਗੁਣ ਇਸ ਦੀ ਸਭਿਆਚਾਰਕ ਵੱਖਰਤਾ ਲਈ ਜ਼ਿਮੇਵਾਰ ਹਨ। ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਮਿਸ਼ਰਤ ਹੈ। ਬਿਦੇਸ਼ੀ ਸ਼ਬਦ ਅਤੇ ਜੀਵਨ ਦੀਆਂ ਕਦਰਾਂ ਕੀਮਤਾਂ ਇਸ ਦੀ ਭਾਸ਼ਾ ਅਤੇ ਸਭਿਆਚਾਰ ਵਿਚ ਰਚਮਿਚ ਗਈਆਂ ਹਨ ਕਿ ਇਨ੍ਹਾਂ ਦੀ ਵੱਥ ਨਿਰੀ ਪੰਜਾਬੀ ਹੀ ਬਣ ਗਈ ਹੈ। ਪੰਜਾਬ ਇਕ ਸਰਹੱਦੀ ਸੂਬਾ ਹੋਣ ਕਰਕੇ ਇਥੇ ਵੱਡੀਆਂ ਫੈਕਟਰੀਆਂ ਨਹੀਂ ਲਾਈਆਂ ਗਈਆਂ। ਇਸ ਨੇ ਪੰਜਾਬੀਆਂ ਦੀ ਆਰਥਿਕਤਾ ਤੇ ਬਹੁਤ ਵੱਡਾ ਅਸਰ ਪਾਇਆ। ਸਰਹੱਦੀ ਸੂਬਾ ਹੋਣ ਅਤੇ ਨਿੱਤ ਦੇ ਲੜਾਈਆਂ ਝਗੜਿਆਂ ਕਾਰਨ ਇਥੋਂ ਦੇ ਲੋਕੀਂ ਪੈਸਾ ਜੋੜਨ ਨਾਲੋਂ ਖਾਣ ਪੀਣ ਵਿਚ ਵਧੇਰੇ ਯਕੀਨ ਕਰਨ ਲੱਗ ਪਏ, ਕਿਉਂਕਿ ਜਦੋਂ ਹਮਲਆਵਰ ਆਉਂਦਾ ਉਹ ਸਭ ਕੁਝ ਲੁੱਟ ਪੁੱਟ ਕੇ ਲੈ ਜਾਂਦਾ ਸੀ। ਇਸੇ ਲਈ ਇਹ ਅਖਾਣ ਪ੍ਰਚਲਿਤ ਹੋ ਗਿਆ:

ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ।

ਪੰਜਾਬ ਦੇ ਪਹਾੜਾਂ ਵਿਚੋਂ ਨਿਕਲਦੇ ਦਰਿਆਵਾਂ ਕੰਢੇ ਪੰਜਾਬ ਦਾ ਮੁੱਢਲਾ ਸਭਿਆਚਾਰ ਅਤੇ ਸਭਿਅਤਾ ਵਿਕਸਤ ਹੋਈ। ਪਹਾੜ ਇਥੋਂ ਦੇ ਪੌਣਪਾਣੀ ਅਤੇ ਰੁੱਤਾਂ ਨੂੰ ਪ੍ਰਭਾਵਿਤ ਕਰਦੇ ਹਨ। ਵੱਖੋ ਵੱਖ ਦਰਿਆਵਾਂ ਦੇ ਕੰਢੇ ਵੱਖੋ ਵੱਖ ਉਪ-ਸਭਿਆਚਾਰ ਮਿਲਦੇ ਹਨ। ਪੰਜਾਬ ਦੀ ਧਰਤੀ ਪੱਧਰੀ ਅਤੇ ਉਪਜਾਊ ਹੈ ਕਿਉਂਕਿ ਇਹ ਧਰਤੀ ਦਰਿਆਵਾਂ ਰਾਹੀਂ ਲਿਆਂਦੀ ਮਿੱਟੀ ਨਾਲ ਬਣੀ ਹੈ। ਉਪਜਾਊ ਮਿੱਟੀ ਹੋਣ ਕਰਕੇ ਹੀ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਰਿਹਾ। ਪੰਜਾਬ ਨੂੰ ਸਮੁੱਚੇ ਭਾਰਤ ਦਾ ਅੰਨ ਭੰਡਾਰ ਕਿਹਾ ਜਾਂਦਾ ਹੈ। ਪੰਜਾਬ ਦਾ ਇਲਾਕਾ ਮੈਦਾਨੀ ਹੋਣ ਕਾਰਨ ਇਥੇ ਦਰਿਆਵਾਂ ਦਾ ਪਾਣੀ ਨਹਿਰਾਂ ਰਾਹੀਂ ਦੂਰ ਤੱਕ ਦੀ ਬੰਜਰ ਧਰਤੀ ਨੂੰ ਸਿੰਜਦਾ ਹੈ। ਜਿਸ ਧਰਤੀ ਤੇ ਅੱਕ ਤੇ ਕਰੀਰ ਉੱਗਦੇ ਸਨ ਅੱਜ ਉਸ ਧਰਤੀ ਤੇ ਫ਼ਸਲਾਂ ਦੀ ਭਰਮਾਰ ਹੈ। ਦਰਿਆਵਾਂ ਦੇ ਬੰਨ੍ਹਾਂ ਨੂੰ ਰੋਕ ਕੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿਜਲੀ ਘਰ ਬਣਾਏ ਗਏ ਹਨ ਜੋ ਇਥੋਂ ਦੀ ਸਨਅਤ ਅਤੇ ਖੇਤੀਬਾੜੀ ਲਈ ਬਿਜਲੀ ਪੈਦਾ ਕਰਦੇ ਹਨ। ਪੰਜਾਬ ਦੇ ਦਰਿਆ ਕੇਵਲ ਪੰਜਾਬ ਦੀ ਧਰਤੀ ਨੂੰ ਨਹੀਂ ਸਿੰਜਦੇ. ਇਹ ਪੰਜਾਬੀ ਸਭਿਆਚਾਰ ਵਿਚੋਂ ਖੁਸ਼ਕੀ ਅਤੇ ਆਲਸ ਵੀ ਹਟਾਉਂਦੇ ਹਨ। ਝਨਾਂ ਆਸ਼ਕਾਂ ਦਾ ਦਰਿਆ ਹੈ ਅਤੇ ਰਾਵੀ ਆਜ਼ਾਦੀ ਦੇ ਸੰਗਰਾਮੀਆਂ ਨਾਲ ਸੰਬੰਧ ਰੱਖਣ ਵਾਲਾ ਦਰਿਆ ਹੈ।

ਪੰਜਾਬ ਦੀ ਉਪਜਾਊ ਧਰਤੀ ਹੋਣ ਕਾਰਨ ਇਥੋਂ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਹੈ। ਇਸ ਕਰਕੇ ਪੰਜਾਬੀ ਰਜ ਕੇ ਵਾਹੁੰਦੇ ਅਤੇ ਰਜ ਕੇ ਖਾਂਦੇ ਹਨ। ਇਨ੍ਹਾਂ ਦਾ ਖਾਣ ਪੀਣ ਸਾਦਾ ਅਤੇ ਨਰੋਆ ਹੈ ਅਤੇ ਪਹਿਰਾਵਾ ਮੋਟਾ ਠੁੱਲਾ ਹੈ। ਇਸੇ ਕਾਰਨ ਇਨ੍ਹਾਂ ਦੇ ਸਰੀਰ ਨਰੋਏ ਅਤੇ ਤਕੜੇ ਹਨ ਇਸ ਤਰ੍ਹਾਂ ਅਸੀ ਵੇਖਦੇ ਹਾਂ ਪੰਜਾਬ ਦੀ ਭੂਗੋਲਿਕ ਸਥਿਤੀ ਦਾ ਇਥੋਂ ਦੇ ਧਰਮ, ਸਾਹਿਤ, ਭਾਸ਼ਾ, ਰੋਜ਼ੀ ਤੇ ਰੋਟੀ, ਖਾਣ ਪੀਣ ਅਤੇ ਪਹਿਰਾਵੇ ਤੇ ਪ੍ਰਭਾਵ ਸਪਸ਼ਟ ਦਿਖਾਈ ਦਿੰਦੇ ਹਨ। ਭੂਗੋਲਿਕ ਹਾਲਤਾਂ ਦਾ ਵਿਸ਼ਿਸ਼ਟ ਧਰਮ ਤੇ ਕੋਈ ਸਪਸ਼ਟ ਪ੍ਰਭਾਵ ਦਿਖਾਈ ਨਹੀਂ ਦੇਂਦਾ ਹੈ। ਪਰ ਇਥੋਂ ਦੇ ਲੋਕ ਧਰਮ ਦਾ ਜ਼ਰੂਰ ਪ੍ਰਭਾਵ ਦਿਖਾਈ ਦਿੰਦਾ ਹੈ।

ਮਾਲਵੇ ਦੇ ਇਲਾਕੇ ਵਿਚ ਗੁੱਗਾ ਪੀਰ ਦੀ ਵਧੇਰੇ ਮਨਾਉਂਤ ਹੈ। ਦੁਆਬੇ ਵਿਚ ਜਾਦੂ ਟੂਣੇ ਅਤੇ ਮੰਨ-ਮਨਾਉਂਤ ਦਾ ਬਹੁਤਾ ਪ੍ਰਭਾਵ ਨਹੀਂ ਹੈ। ਵਿਸ਼ਿਸ਼ਟ ਸਾਹਿਤ ਅਤੇ ਲੋਕ ਸਾਹਿਤ ਵਿਚ ਵੀ ਪ੍ਰਕਿਰਤੀ ਵਿਚ ਮਿਲਦੀਆਂ ਚੀਜ਼ਾਂ ਦਾ ਵਰਣਨ ਹੈ।

ਪੰਜਾਬੀ ਦੀਆਂ ਉਪ ਬੋਲੀਆਂ ਦੀ ਹੋਂਦ ਵੀ ਭੂਗੋਲਿਕ ਹਾਲਤਾਂ ਨਾਲ ਸੰਬੰਧ ਰੱਖਦੀ ਹੈ। ਜਿਵੇਂ ਸਤਲੁਜ ਤੋਂ ਪਾਰ ਦੇ ਇਲਾਕੇ ਦੀ ਬੋਲੀ ਮਲਵਈ ਹੈ। ਬਿਆਸ ਦਰਿਆ ਤੋਂ ਲਹਿੰਦੇ ਵਾਲੇ ਪਾਸ ਦੀ ਉਪਬੋਲੀ ਮਾਝੀ ਹੈ। ਸਤਲੁਜ ਅਤੇ ਬਿਆਸ ਦਰਿਆਵਾਂ ਦੇ ਵਿਚਕਾਰਲੇ ਇਲਾਕੇ ਜਲੰਧਰ, ਕਪੂਰਥਲਾ ਅਤੇ ਹੁਸ਼ਿਆਰਪੁਰ ਜ਼ਿਲਿਆਂ ਦੀ ਉਪਬੋਲੀ ਦੁਆਬੀ ਹੈ। ਇਸ ਭੂਗੋਲਿਕ ਹੱਦ ਬੰਦੀ ਕਾਰਨ ਹੀ ਇਥੋਂ ਦੇ ਲੋਕਾਂ ਦੇ ਰਸਮੋਂ ਰਿਵਾਜ਼ ਵਿਚ ਵੀ ਭਿੰਨਤਾ ਹੈ। ਦੁਆਬੇ ਵਿਚ ਕੁੜੀਆਂ ਨੂੰ ਲੋਹੜੀ ਤੇ ਸੂਟ ਅਤੇ ਸ਼ਰੀਕੇ ਭਾਈਚਾਰੇ ਵਿਚ ਵੰਡਣ ਲਈ ਮੱਠੀਆਂ (ਕਣਕ ਦੇ ਆਟੇ ਦੀਆਂ) ਜਾਂ ਬਿਸਕੁਟ, ਲੱਡੂ ਆਦਿ ਉਸ ਦੇ ਪਲੇ ਪਾਂਏ ਜਾਂਦੇ ਹਨ। ਮਾਲਵੇ ਦੇ ਇਲਾਕੇ ਵਿਚ ਇਹੀ ਰਸਮ ਸਾਉਣ ਮਹੀਨੇ ਤੀਆਂ ਦੇ ਤਿਉਹਾਰ ਸਮੇਂ ਕੀਤੀ ਜਾਂਦੀ।

ਪੰਜਾਬ ਦੀ ਭੂਗੋਲਿਕ ਸਥਿਤੀ ਦਾ ਇਥੋਂ ਦੇ ਮੇਲਿਆਂ ਅਤੇ ਤਿਉਹਾਰਾਂ ਤੇ ਵੀ ਪ੍ਰਭਾਵ ਹੈ। ਗਰਮੀਆਂ ਦੀ ਰੁੱਤ ਸ਼ੁਰੂ ਹੁੰਦੇ ਸਮੇਂ ਕਣਕਾਂ ਪੱਕਦੀਆਂ ਹਨ ਤਾਂ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਕੱਤਕ ਮਹੀਨੇ ਗੁਰੂ ਨਾਨਕ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਸਿਆਲ ਦੀ ਰੁੱਤ ਵਿਚ ਮਾਘ ਦੀ ਸੰਗਰਾਂਦ ਨੂੰ ਮਾਘੀ ਦਾ ਤਿਉਹਾਰ ਅਤੇ ਇਕ ਦਿਨ ਪਹਿਲਾਂ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੁੱਤਾਂ ਦੀ ਬਦਲੀ ਦਾ ਇਥੋਂ ਦੇ ਖਾਣ ਪੀਣ ਅਤੇ ਪਹਿਰਾਵੇ ਤੇ ਵੀ ਅਸਰ ਹੈ। ਸਿਆਲ ਵਿਚ ਮੱਕੀ ਦੀ ਰੋਟੀ ਅਤੇ ਸਰ੍ਹੋਂ ਦਾ ਸਾਗ ਤੇ ਲੱਸੀ ਮੁੱਖ ਖੁਰਾਕ ਹੁੰਦੀ ਹੈ। ਗਰਮੀ ਵਿਚ ਕਣਕ ਦੀ ਰੋਟੀ, ਛੋਲਿਆਂ ਦੀ ਦਾਲ ਅਤੇ ਖੱਟੀ ਲੱਸੀ ਵਿਚ ਲੂਣ ਪਾ ਕੇ ਖੱਟਾ ਬਣਾ ਕੇ ਖਾਣਾ ਇਨ੍ਹਾਂ ਦੀ ਮੁਖ ਖੁਰਾਕ ਹੈ। ਭਾਵੇਂ ਹੁਣ ਪੱਛਮੀ ਸਭਿਆਚਾਰ ਦੇ ਪ੍ਰਭਾਵ ਕਾਰਨ ਇਨ੍ਹਾਂ ਦੇ ਖਾਣ ਪੀਣ ਵਿਚ ਫ਼ਰਕ ਆ ਗਿਆ ਹੈ। ਇਨ੍ਹਾਂ ਦਾ ਪਹਿਰਾਵਾ ਵੀ ਰੁੱਤਾਂ ਮੁਤਾਬਕ ਬਦਲਦਾ ਰਹਿੰਦਾ ਹੈ।

ਪੰਜਾਬ ਵਿਚ ਜੰਗਲਾਂ ਬੇਲਿਆਂ ਦੀ ਵੀ ਆਪਣੀ ਨਿਵੇਕਲੀ ਮਹੱਤਾ ਰਹੀ ਹੈ। ਪੰਜਾਬ ਦਾ ਲੱਖੀ ਜੰਗਲ ਪੰਜਾਬ ਦੇ ਇਤਿਹਾਸ ਵਿਚ ਖਾਸ ਮਹੱਤਾ ਰੱਖਦਾ ਹੈ। ਇਹ ਉਹੋ ਜੰਗਲ ਹੈ ਜਿਥੇ ਪੰਜਾਬ ਦੇ ਸੂਰਬੀਰ ਬਹਾਦਰ ਮੁਗਲਾਂ ਦੇ ਅਤਿਆਚਾਰ ਦਾ ਟਾਕਰਾ ਕਰਦੇ ਸਨ। ਘੋੜਿਆਂ ਦੀਆਂ ਪਿੱਠਾਂ ਤੇ ਸਾਉਂਦੇ ਸਨ ਅਤੇ ਭੁੱਜੇ ਛੋਲਿਆਂ ਤੇ ਗੁਜ਼ਾਰਾ ਕਰਦੇ ਸਨ। ਉਨ੍ਹਾਂ ਦੀ ਇਸ ਘਾਲਣਾ ਸਦਕਾ ਹੀ ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਪੰਜਾਬੀਆਂ ਦਾ ਰਾਜ ਕਾਇਮ ਹੋਇਆ ਹੈ।

ਸਮੁੱਚੇ ਤੌਰ ਤੇ ਅਸੀਂ ਆਖ ਸਕਦੇ ਹਾਂ ਕਿ ਪੰਜਾਬ ਦੀਆਂ ਭੂਗੋਲਿਕ ਹਾਲਤਾਂ ਨੇ ਪੰਜਾਬੀ ਸਭਿਆਚਾਰ ਤੇ ਸਿੱਧੇ ਜਾਂ ਅਸਿੱਧੇ ਤੌਰ ਤੇ ਪ੍ਰਭਾਵ ਪਾਇਆ ਹੈ। ਲੋਕਾਂ ਦਾ ਰਹਿਣ ਸਹਿਣ ਦਾ ਢੰਗ, ਖਾਣ ਪੀਣ, ਪਹਿਰਾਵਾ, ਮੇਲੇ ਤਿਉਹਾਰਾਂ ਆਦਿ ਨੂੰ ਪ੍ਰਭਾਵਿਤ ਕੀਤਾ ਹੈ।

(ੲ) ਪੰਜਾਬੀ ਸਭਿਆਚਾਰ ਦਾ ਵਿਕਾਸ ਤੇ ਪਰਿਵਰਤਨ

ਇਤਿਹਾਸਕ ਸਰਵੇਖਣ

ਪੰਜਾਬੀ ਸਭਿਆਚਾਰ ਇਕ ਮਿਸ਼ਰਤ ਸਭਿਆਚਾਰ ਹੈ। ਪੰਜਾਬ ਕਿਉਂਕਿ ਭਾਰਤ ਦਾ ਮੁੱਖ ਦਵਾਰ ਰਿਹਾ ਹੈ। ਇਸੇ ਕਾਰਨ ਸਾਰੇ ਬਦੇਸ਼ੀ ਹਮਲਆਵਰਾਂ ਨੂੰ ਪਹਿਲਾਂ ਪੰਜਾਬੀਆਂ ਨਾਲ ਹੀ ਮੁਕਾਬਲਾ ਕਰਨਾ ਪਿਆ ਹੈ। ਉਨ੍ਹਾਂ ਦੇ ਸਭਿਆਚਾਰ ਦਾ ਪੰਜਾਬੀ ਸਭਿਆਚਾਰ ਤੇ ਪ੍ਰਭਾਵ ਪੈਣਾ ਕੁਦਰਤੀ ਸੀ। ਵਿਦਵਾਨ ਲੋਕਾਂ ਦਾ ਵਿਚਾਰ ਹੈ ਕਿ ਇਸ ਸਭਿਆਚਾਰ ਨੂੰ ਸਿਰਜਨ ਲਈ ਘਟੋ ਘੱਟ ਛੇ ਨਸਲਾਂ, ਜਿਹੜੀਆਂ ਅੱਗੇ ਨੌਂ ਉਪਨਸਲਾਂ ਵਿਚ ਵੰਡੀਆਂ ਹੋਇਆਂ ਸਨ, ਦਾ ਵਿਸ਼ੇਸ਼ ਯੋਗਦਾਨ ਹੈ। ਇਨ੍ਹਾਂ ਬਦੇਸ਼ੀ ਹਮਲਆਵਰਾਂ ਦੇ ਪੰਜਾਬੀ ਸਭਿਆਚਾਰ ਉਤੇ ਪਏ ਪ੍ਰਭਾਵਾਂ ਦਾ ਵਰਣਨ ਕਰਦੇ ਵਣਜਾਰਾ ਬੇਦੀ ਲਿਖਦੇ ਹਨ, 'ਪੰਜਾਬੀ ਸਭਿਆਚਾਰ ਦੀ ਆਪਣੀ ਹੀ ਗੌਰਵਮਈ ਵਿਲੱਖਣਤਾ ਹੈ, ਜੋ ਸਦੀਆਂ ਦੇ ਲੰਮੇ ਇਤਿਹਾਸਕ ਪੈਂਡੇ ਵਿਚ ਸਹਿਜ ਰੂਪ ਵਿਚ ਵਿਗਸੀ ਹੈ। ਇਸ ਸਭਿਆਚਾਰ ਦੇ ਨਿਰਮਾਣ ਵਿਚ ਉਨ੍ਹਾਂ ਅਨੇਕਾਂ ਆਰਿਆਈ, ਗੈਰ-ਆਰਿਆਈ ਤੇ ਬਦੇਸ਼ੀ ਜਾਤੀਆਂ ਦੇ ਸਾਂਸਕ੍ਰਿਤਕ ਤੱਤਾਂ, ਜੀਵਨ-ਜੁਗਤਾਂ ਤੇ ਪਰੰਪਰਾਵਾਂ ਨੇ ਬੜਾ ਅਹਿਮ ਹਿੱਸਾ ਪਾਇਆ ਹੈ, ਜੋ ਏਥੋਂ ਦੀ ਵਸੋਂ ਵਿਚ ਰਲ ਕੇ ਇਸ ਮੂਲ ਪਰਵਾਹ ਵਿਚ ਲੀਨ ਹੁੰਦੀਆਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰਹੀਆਂ ਹਨ। ਇਸ ਲਈ ਨਸਲੀ ਸੰਜੋਗ ਦੇ ਫ਼ਲਸਰੂਪ ਪੰਜਾਬੀ ਸਭਿਆਚਾਰ ਇਕ ਬਹੁਬਿਧ, ਮਿੱਸਾ ਤੇ ਲਚਕਦਾਰ ਸਰੂਪ ਗ੍ਰਹਿਣ ਕਰ ਗਿਆ ਹੈ।''[10]

ਉਪਰੋਕਤ ਕੌਮਾਂ ਵੱਖ ਵੱਖ ਪੰਜ ਭਾਸ਼ਾਈ ਪਰਿਵਾਰਾਂ ਨਾਲ ਸੰਬੰਧਿਤ ਹਨ। ਇਹ ਭਾਸ਼ਾਈ ਪਰਿਵਾਰ ਭਾਰਤੀ-ਯੂਰਪੀ, ਸੈਮਿਟਿਕ, ਅਸਟਰੋ-ਏਸ਼ੀਐਟਕ, ਦਰਾਵੜ ਅਤੇ ਭਾਰਤੀ-ਤਿੱਬਤੀ ਪਰਿਵਾਰ ਹਨ। ਇਸ ਲਈ ਇਨ੍ਹਾਂ ਕੌਮਾਂ ਦਾ ਖ਼ੂਨ ਅਤੇ ਸਭਿਆਚਾਰ ਵੀ ਸਾਂਝਾ ਹੋਇਆ। ਇਹ ਪ੍ਰਕਿਰਿਆ ਕੋਈ ਪੰਜ ਹਜ਼ਾਰ ਸਾਲ ਪਹਿਲਾਂ ਸ਼ੁਰੂ ਹੋਈ ਜੋ ਅਜੇ ਤੱਕ ਜਾਰੀ ਹੈ।

ਪੰਜਾਬ ਦਾ ਵਰਤਮਾਨ ਇਤਿਹਾਸ ਆਰੀਆ ਜਾਤੀਆਂ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਇਨ੍ਹਾਂ ਨੂੰ ਪੰਜਾਬ ਦੀ ਪਹਿਲੀ ਸਭਿਅਕ ਮੂਲ ਜਾਤੀ ਮੰਨਿਆਂ ਜਾਂਦਾ ਸੀ ਜਿਨ੍ਹਾਂ ਨੇ ਕੋਈ 3000 ਸਾਲ ਪਹਿਲਾਂ ਇਥੇ ਵੇਦਾਂ ਦੀ ਰਚਨਾ ਕੀਤੀ। ਪਰ ਨਵੀਨ ਇਤਿਹਾਸਕ ਖੋਜਾਂ, ਹੜਪਾ, ਮੋਹਿੰਜੋਦਾੜੋ, ਰੋਪੜ ਆਦਿ ਦੇ ਥੇਹਾਂ ਤੋਂ ਮਿਲੀ ਪੁਰਾਤਨ ਸਾਮਗਰੀ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਆਰੀਆ ਲੋਕਾਂ ਤੋਂ ਪਹਿਲਾਂ ਵੀ ਇਥੇ ਬੜੀ ਸਭਿਅਕ ਕੌਮ ਰਹਿ ਰਹੀ ਸੀ। ਇਸ ਸਭਿਅਤਾ ਦੇ ਮੁੱਖ ਕੇਂਦਰ ਦਰਿਆ ਸਿੰਧ ਕੰਢੇ ਲੱਭੇ ਹੋਣ ਕਰਕੇ ਇਸ ਨੂੰ ਸਿੰਧ ਘਾਟੀ ਦੀ ਸਭਿਅਤਾ ਕਿਹਾ ਗਿਆ।[11] ਸਰ ਜੌਹਨ ਮਾਰਸ਼ਲ ਲਿਖਦੇ ਹਨ ਕਿ ''ਅੱਜ ਤੋਂ 5 ਹਜ਼ਾਰ ਸਾਲ ਪਹਿਲਾਂ ਜਦ ਯੂਰਪ ਦੀਆਂ ਕੌਮਾਂ ਅਜੇ ਜੰਗਲੀ ਅਵਸਥਾ ਵਿਚ ਸਨ, ਪੰਜਾਬ ਤੇ ਸਿੰਧ ਪ੍ਰਦੇਸ ਉਸ ਸਮੇਂ ਇਕ ਉੱਨਤ ਸਭਿਅਤਾ ਦੀਆਂ ਸਹੂਲਤਾਂ ਮਾਣ ਰਹੇ ਸਨ, ਜਿਹੜੀ ਕਈ ਗੱਲਾਂ ਵਿਚ ਮੈਸੋਪੋਟਾਮੀਆਂ ਤੇ ਮਿਸਰ ਦੀ ਸਮਕਾਲੀ ਸਭਿਅਤਾ ਨਾਲੋਂ ਮਹੱਤਵਪੂਰਨ ਸੀ।''[12] ਵਣਜਾਰਾ ਬੇਦੀ ਨੇ ਸਿੰਧ ਘਾਟੀ ਦੀ ਸਭਿਅਤਾ ਦਾ ਸਮਾਂ ਹਜ਼ਰਤ ਈਸਾ ਤੋਂ ਛੇ ਸੱਤ ਹਜ਼ਾਰ ਸਾਲ ਪਹਿਲਾਂ ਮੰਨਿਆਂ ਹੈ।[13] ਖੰਡਰਾਂ ਅਤੇ ਪ੍ਰਾਚੀਨ ਵਸਤਾਂ ਅਤੇ ਇਮਾਰਤਾਂ ਤੋਂ ਉਸ ਸਮੇਂ 'ਚ ਵਰਤੀਆਂ ਜਾਂਦੀਆਂ ਵਰਤਾਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦਾ ਸਭਿਆਚਾਰ ਉੱਚ ਪੱਧਰ ਦਾ ਸੀ।

ਆਰੀਆ ਦੀ ਆਮਦ ਤੋਂ ਪਿਛੋਂ ਦਰਾਵੜ ਲੋਕਾਂ ਦਾ ਸਭਿਆਚਾਰ ਬੁਰੀ ਤਰ੍ਹਾਂ ਨਸ਼ਟ ਕੀਤਾ। ਪਰ ਹੌਲੀ ਹੌਲੀ ਆਰੀਆ ਲੋਕਾਂ ਨੇ ਦਰਾਵੜ ਲੋਕਾਂ ਦੇ ਸਭਿਆਚਾਰ ਦੀਆਂ ਬਹੁਤ ਸਾਰੀਆਂ ਗੱਲਾਂ ਨੂੰ ਅਪਨਾ ਲਿਆ। ਦਰਾਵੜ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਆਰੀਆ ਲੋਕਾਂ ਨੂੰ ਭੂਗੋਲਿਕ ਹਾਲਤਾਂ ਕਾਰਨ ਇਹੋ ਕਿੱਤਾ ਅਪਨਾਉਣਾ ਪਿਆ। ਇਸ ਲਈ ਦਰਾਵੜ ਲੋਕਾਂ ਦੀਆਂ ਖੇਤੀ ਨਾਲ ਸੰਬੰਧਿਤ ਰਸਮਾਂ ਰੀਤਾਂ, ਢੰਗਾਂ ਅਤੇ ਪਰੰਪਰਾਵਾਂ ਨੂੰ ਉਸੇ ਤਰ੍ਹਾਂ ਅਪਨਾ ਲਿਆ। ਦਰਾਵੜ ਲੋਕਾਂ ਦੇ ਸਭਿਆਚਾਰ ਦੇ ਬਹੁਤ ਸਾਰੇ ਅੰਸ਼ ਆਰੀਆ ਸਭਿਆਚਾਰ ਵਿਚ ਮਿਲਦੇ ਹਨ।

ਆਰੀਆ ਜਾਂਤੀਆਂ ਦਾ ਪੰਜਾਬੀ ਜੀਵਨ ਅਤੇ ਸਭਿਆਚਾਰ ਨੂੰ ਬਹੁਤ ਵੱਡਾ ਯੋਗਦਾਨ ਹੈ। ਰਿਗ ਵੇਦ ਦੀ ਰਚਨਾ ਇਸ ਜਾਤੀ ਦੇ ਰਿਸ਼ੀਆਂ ਨੇ ਕੀਤੀ। ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵਿਚ ਸਿੰਧ, ਸਰਸਵਤੀ ਆਦਿ ਪੰਜਾਬ ਦੇ ਦਰਿਆਵਾਂ ਦਾ ਜ਼ਿਕਰ ਬਾਰ ਬਾਰ ਆਇਆ ਹੈ। ਪ੍ਰਸਿੱਧ ਇਤਿਹਾਸਕ ਅਸਥਾਨ ਥਾਨੇਸਰ, ਰੋਪੜ, ਕੁਰੂਕਸ਼ੇਤਰ ਹਾਸੀ, ਕਾਂਗੜਾ, ਜਲੰਧਰ, ਸਿਆਲਕੋਟ ਤੇ ਤਖਸ਼ਿਲਾ ਆਦਿ ਇਨ੍ਹਾਂ ਕਾਰਨ ਹੀ ਮਹਾਨਤਾ ਰੱਖਦੇ ਹਨ। ਮਹਾਂ ਭਾਰਤ ਦਾ ਯੁੱਧ ਕੁਰੂਕਸ਼ੇਤਰ ਵਿਚ ਹੋਇਆ। ਭੀਸ਼ਮ ਪਿਤਾਮਾ ਦੇ ਦਿਹਾਂਤ ਨਾਲ ਸੰਬੰਧਿਤ ਸਥਾਨ ਬਾਣ ਗੰਗਾ ਵੀ ਉੱਥੇ ਹੀ ਹੈ। ਪ੍ਰਾਚੀਨ ਸਮੇਂ ਦੀ ਸਭ ਤੋਂ ਪ੍ਰਸਿੱਧ ਰਚਨਾ ਮਾਣਿਨੀ ਦੀ ਅਸ਼ਟ ਧਿਆਈ ਵੀ ਪੰਜਾਬ ਦੀ ਧਰਤੀ ਉਤੇ ਰਚੀ ਗਈ। ਹਿਊਨਸਾਂਗ ਦੇ ਕਥਨ ਅਨੁਸਾਰ ਮਹਾਂ ਰਿਸ਼ੀ ਮਾਣਿਨੀ ਪੰਜਾਬ ਦਾ ਜੰਮਪਲ ਤੇ ਤਖ਼ਸਿਲਾ ਵਿਸ਼ਵ ਵਿਦਿਆਲੇ ਦਾ ਵਿਦਿਆਰਥੀ ਸੀ। ਆਰੀਆ ਜ਼ਾਤੀ ਦੇ ਲੋਕਾਂ ਦੀ ਧਰਮ ਕਰਮ ਦੀ ਨੀਤੀ ਕਾਰਨ ਹੀ ਪੰਜਾਬ ਨੂੰ ਬ੍ਰਹਮ ਰਿਸ਼ੀ ਜਾਂ ਬ੍ਰਹਮਾਵਰਤ ਭਾਵ ਦੇਵਤਿਆਂ ਦੀ ਭੂਮੀ ਕਿਹਾ ਜਾਂਦਾ ਰਿਹਾ ਹੈ।[14]

ਆਰੀਆ ਜਾਤੀ ਨੇ ਬਹੁਤ ਹੀ ਸ਼ਕਤੀਸ਼ਾਲੀ ਸਭਿਆਚਾਰ ਦੀ ਸਿਰਜਨਾ ਕੀਤੀ ਹੈ। ਆਰੀਆ ਲੋਕਾਂ ਦੀ ਰਹਿਣੀ ਬਹਿਣੀ ਪੇਂਡੂ ਸੀ ਉਨ੍ਹਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਪਹਿਲਾਂ ਆਰੀਆ ਲੋਕਾਂ ਵਿਚ ਇਸਤਰੀ ਨੂੰ ਉੱਤਮ ਦਰਜਾ ਹਾਸਲ ਸੀ। ਉਸ ਨੂੰ ਵਿਦਿਆ ਪ੍ਰਾਪਤੀ ਦਾ ਵੀ ਹੱਕ ਸੀ। ਰਿਗਵੇਦ ਦੇ ਬਹੁਤ ਸਾਰੇ ਮੰਤਰ ਵਿਸ਼ਵਰਗ, ਗੋਸ਼, ਉਪਲਾ ਤੇ ਮੁਦਗਾਲਨੀ ਆਦਿ ਇਸਤਰੀਆਂ ਦੇ ਰਚੇ ਹੋਏ ਸਨ।[15] ਮੰਨੂੰ ਆਰੀਆ ਲੋਕਾਂ ਦਾ ਪਹਿਲਾ ਕਾਨੂੰਨਦਾਨ ਸੀ ਜਿਸ ਨੇ ਅੱਠ ਕਿਸਮ ਦੇ ਵਿਆਹ ਦਾ ਵਰਣਨ ਕੀਤਾ ਹੈ। ਮਾਪਿਆਂ ਦੀ ਰਜਾਮੰਦੀ ਅਤੇ ਸੁਅੰਬਰ ਨੂੰ ਚੰਗੇ ਵਿਆਹ ਦੇ ਢੰਗ ਮੰਨਿਆਂ ਹੈ। ਅਮੀਰ ਆਦਮੀ ਇਕ ਤੋਂ ਵੱਧ ਇਸਤਰੀਆਂ ਵੀ ਰੱਖ ਸਕਦੇ ਸਨ। ਪਿਆਰ ਵਿਆਹ ਦੇ ਵੀ ਪ੍ਰਮਾਣ ਮਿਲਦੇ ਹਨ ਜਿਵੇਂ ਸ਼ਕੁੰਤਲਾ ਤੇ ਦੁਸ਼ਿਅੰਤ। ਮੰਨੂੰ ਨੇ ਸਾਰੇ ਸਮਾਜ ਨੂੰ ਚਾਰ ਵਰਨਾਂ ਵਿਚ ਵੰਡ ਦਿੱਤਾ: ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ। ਪਹਿਲਾਂ ਇਹ ਵਰਨ ਕੰਮ ਤੇ ਆਧਾਰਤ ਸਨ ਫਿਰ ਪਿਤਾ ਪੁਰਖੀ ਬਣ ਗਏ। ਯੋਗਤਾ ਅਨੁਸਾਰ ਵਰਣ ਤਬਦੀਲੀ ਖ਼ਤਮ ਹੋ ਗਈ। ਆਰੀਆ ਲੋਕੀਂ ਪਹਿਲਾਂ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਦੇ ਸਨ ਫਿਰ ਸ਼ਿਵ, ਬ੍ਰਹਮਾ ਤੇ ਵਿਸ਼ਨੂੰ ਦੀ ਪੂਜਾ ਹੋਣਾ ਸ਼ੁਰੂ ਹੋ ਗਈ। ਬ੍ਰਾਹਮਣਾਂ ਦੇ ਫੈਲਾਏ ਅੰਧ ਵਿਸ਼ਵਾਸ ਵਿਰੁਧ ਜੈਨ ਧਰਮ ਤੇ ਬੁੱਧ ਧਰਮ ਹੋਂਦ ਵਿਚ ਆਏ। ਹੌਲੀ ਹੌਲੀ ਇਨ੍ਹਾਂ ਵਿਚ ਵੀ ਉਹੋ ਕੁਰੀਤੀਆਂ ਆ ਗਈਆਂ। ਇਸ ਸਮੇਂ ਬਾਹਰੀ ਕੌਮਾਂ ਦੇ ਹਮਲਿਆਂ ਨਾਲ ਕਈ ਕਿਸਮ ਦੀਆਂ ਤਬਦੀਲੀਆਂ ਆਈਆਂ। "ਚਾਰ ਵਰਨਾਂ ਵਿਚ ਵੰਡੇ ਹੋਏ ਆਰੀਆ ਵਿਦੇਸ਼ੀ ਕੌਮਾਂ ਦੇ ਸੰਗਮ ਨਾਲ ਹਿੰਦੂ ਬਣੇ ਤੇ ਅਨੇਕਾਂ ਰੂਪਾਂ ਵਿਚ ਵਟਦੇ ਗਏ।"[16]

ਛੇਵੀਂ ਸਦੀ ਈਸਾ ਪੂਰਵ ਤੋਂ ਬਾਹਰੋਂ ਕਈ ਕੌਮਾਂ ਈਰਾਨੀ, ਪਾਰਥੀਅਨ, ਸਿਥੀਅਨ, ਕੁਸ਼ਾਨ, ਹੂਨ, ਤੁਰਕ, ਮੰਗੋਲ ਤੇ ਅਫਗਾਨ ਆਦਿ ਆਈਆਂ ਜਿਨ੍ਹਾਂ ਪੰਜਾਬ ਦੇ ਆਰੀਆ ਜਾਂ ਹਿੰਦੂ ਸਭਿਆਚਾਰ ਵਿਚ ਆਪਣਾ ਆਪ ਰਲਾਇਆ। ਉਨ੍ਹਾਂ ਵਿਚ ਬਹੁਤੇ ਇਥੇ ਹੀ ਰਹਿਣ ਲੱਗ ਪਏ ਅਤੇ ਜੇਤੂ ਹੋਣ ਦੇ ਬਾਵਜੂਦ ਵੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਥੋਂ ਦੇ ਸਥਾਨਕ ਸਭਿਆਚਾਰ ਦਾ ਅੰਗ ਬਣ ਕੇ ਰਹਿ ਗਏ। ਇਤਿਹਾਸਕ ਸਰੋਤਾਂ ਦੀ ਘਾਟ ਕਾਰਨ ਇਨ੍ਹਾਂ ਜਾਤੀਆਂ ਦੇ ਆਗਮਨ ਤੇ ਯੋਗਦਾਨ ਬਾਰੇ ਕਾਫੀ ਮਤ ਭੇਦ ਹਨ। ਪਰ ਫਿਰ ਵੀ ਇਨ੍ਹਾਂ ਦਾ ਥੋੜਾ ਥੋੜਾ ਪੰਜਾਬੀ ਸਭਿਆਚਾਰ ਵਿਚ ਘੁਲ ਮਿਲ ਜਾਣ ਨਾਲ ਪੰਜਾਬੀ ਸਭਿਆਚਾਰ ਅਮੀਰ ਬਣਿਆ। ਪੰਜਾਬੀ ਸਭਿਆਚਾਰ ਨੂੰ ਬਣਾਉਣ ਵਾਲਿਆਂ ਵਿਚ ਦੋਹਾਂ ਧਿਰਾਂ ਦਾ ਹਿੱਸਾ ਹੈ। ਇਕ ਜਿਨ੍ਹਾਂ ਇਸ ਵਿਚ ਆਪਣਾ ਆਪ ਮਿਲਾ ਦੇਣਾ ਮਾਣ ਸਮਝਿਆ ਅਤੇ ਦੂਜੇ ਜਿਨ੍ਹਾਂ ਇਸ ਖ਼ਾਤਰ ਮਰ ਮਿਟਣਾ ਮਾਣ ਸਮਝਿਆ।

ਆਰੀਆ ਜਾਤੀ ਤੋਂ ਮਗਰੋਂ ਦੂਜਾ ਵੱਡਾ ਸੰਪਰਕ ਮੁਸਲਮਾਨੀ ਸਭਿਆਚਾਰ ਨਾਲ ਹੋਂਦ ਵਿਚ ਆਇਆ। ਮੁਸਲਮਾਨ ਦੇ ਹਮਲਿਆਂ ਕਾਰਨ ਪੰਜਾਬ ਇਸਲਾਮਕ ਸਾਮੰਤਵਾਦੀ ਬਣਤਰ ਤੇ ਅਧੀਨ ਆ ਗਿਆ। ਇਸ ਦੇ ਨਾਲ ਹੀ ਮੁਸਲਿਮ ਹਾਕਮਾਂ ਦੀ ਤਾਨਾਸ਼ਾਹੀ ਨੂੰ ਵੀ ਸਹਿਣਾ ਪਿਆ. ਇਸ ਪ੍ਰਕਾਰ ਦੀਆਂ ਪਰਿਸਥਿਤੀਆਂ ਵਿਚ ਹੋਣ ਕਾਰਨ ਪੰਜਾਬੀਆਂ ਦੇ ਜੀਵਨ ਵਿਚ ਇਤਿਹਾਸਕ ਪਰਿਵਰਤਨ ਆਇਆ। ਪੰਜਾਬੀ ਸਭਿਆਚਾਰ ਵਿੱਚ ਮੁਸਲਮਾਨੀ ਸਭਿਆਚਾਰ ਦਾ ਵਧੇਰੇ ਪ੍ਰਭਾਵ ਧਰਮ ਦੇ ਖੇਤਰ ਵਿਚ ਪਿਆ ਹੈ। ਮੁਸਲਮਾਨ ਕਿਸੇ ਹੋਰ ਧਰਮ ਨੂੰ ਸਹਿਨ ਨਹੀਂ ਕਰ ਸਕਦੇ ਸਨ। ਉਨ੍ਹਾਂ ਦੀ ਵਿਚਾਰਧਾਰਾ ਮੁਤਾਬਕ ਬਾਕੀ ਸਭ ਕਾਫਿਰ ਸਨ। ਇਹੋ ਕਾਰਨ ਹੈ ਕਿ ਆਰੀਆ ਜਾਤੀ ਬਹੁ-ਦੇਵ ਪੂਜਾ. ਅਤੇ ਅਨੇਕਾਂ ਧਾਰਮਿਕ ਚਿੰਨ੍ਹ ਜੋ ਉਸ ਸਮੇਂ ਗਹਿਣਿਆਂ ਸਿਕਿਆਂ ਜਾਂ ਹੋਰ ਵਸਤਾਂ ਉਪਰ ਉਕਰੇ ਹੁੰਦੇ ਸਨ. ਮੁਸਲਮਾਨੀ ਪ੍ਰਭਾਵ ਅਧੀਨ ਆਪਣਾ ਰੂਪ ਬਦਲ ਗਏ ਸਨ। ਹਾਰ ਸ਼ਿੰਗਾਰ ਵਿਚ ਵਰਤੇ ਜਾਣ ਵਾਲੇ ਗਹਿਣਿਆਂ ਉਤੇ ਉਕਰੇ ਚੰਦ ਅਤੇ ਸੂਰਜ ਦੀ ਥਾਂ ਵੇਲ ਬੂਟਿਆਂ ਨੇ ਲੈ ਲਈ।

ਮੁਸਲਮਾਨੀ ਹਮਲਿਆਂ ਦੇ ਕਾਰਨ ਪੰਜਾਬ ਭਾਰਤੀ ਰਜਾ ਸੱਤਾ ਅਤੇ ਬ੍ਰਾਹਮਣੀ ਵਿਚਾਰਧਾਰਾ ਦੇ ਗ਼ਲਬੇ ਤੋਂ ਮੁਕਤ ਹੋ ਗਿਆ। ਨਤੀਜੇ ਵਜੋਂ ਇਥੋਂ ਦੀ ਰਾਜਨੀਤਕ. ਆਰਥਿਕ. ਸਮਾਜਕ ਅਤੇ ਸਭਿਆਚਾਰਕ ਬਣਤਰ ਵਿਚ ਨਵੀਨ ਗੁਣਾਂ ਦਾ ਪ੍ਰਵੇਸ਼ ਹੋ ਗਿਆ। ਇਸ ਪ੍ਰਕਾਰ ਪੰਜਾਬ ਦੇ ਆਮ ਲੋਕਾਂ ਦੇ ਸਾਹਮਣੇ ਭਾਸ਼ਾ ਅਤੇ ਸਭਿਆਚਾਰ ਦੇ ਬਦਲ ਸਾਹਮਣੇ ਆਏ ਅਤੇ ਇਨ੍ਹਾਂ ਰੂਪਾਂ ਨੂੰ ਪੰਜਾਬ ਦੇ ਇਲਾਕਾਈ ਪ੍ਰਸੰਗ ਵਿਚ ਰੱਖ ਕੇ ਲੋਕ ਚੇਤਨਾ ਦੇ ਅਨੁਸਾਰ ਢਾਲਣ ਦੀ ਗੱਲ ਪਹਿਲੀ ਵਾਰ ਹੋਈ। ਸੰਸਕ੍ਰਿਤ ਭਾਸ਼ਾ ਨੂੰ ਢਾਹ ਲੱਗੀ। ਇਸ ਦੀ ਥਾਂ ਇਲਾਕੇ ਦੀਆਂ ਲੋਕ ਬੋਲੀਆਂ ਵਿਕਾਸ ਕਰਨ ਲੱਗੀਆਂ। ਬਾਰ੍ਹਵੀ ਸਦੀ ਤੱਕ ਸਥਾਪਤ ਬ੍ਰਾਹਮਣੀ ਸਭਿਆਚਾਰ ਆਪਣੀ ਜੜ੍ਹਕ ਗੁਆ ਚੁੱਕਾ ਸੀ। ਇਸ ਸਮੇਂ ਪੰਜਾਬੀ ਸਮਾਜ ਅਤੇ ਸਭਿਆਚਾਰ ਵਿਚ ਕਈ ਮਹੱਤਵਪੂਰਨ ਪਰਿਵਰਤਨ ਆਏ। ਇਨ੍ਹਾਂ ਵਿਚੋਂ ਪਹਿਲਾ ਮਹੱਤਵਪੂਰਨ ਪਰਿਵਰਤਨ ਪੰਜਾਬੀ ਭਾਸ਼ਾ ਦਾ ਲੋਕ ਬੋਲੀ ਵਜੋਂ ਉਭਰ ਕੇ ਸਾਹਮਣੇ ਆਉਣਾ ਹੈ। ਸੂਫ਼ੀ ਫਕੀਰਾਂ ਅਤੇ ਭਗਤੀ ਲਹਿਰ ਦੇ ਭਗਤਾਂ ਨੇ ਇਸੇ ਲੋਕ ਬੋਲੀ ਨੂੰ ਆਪਣੇ ਪ੍ਰਚਾਰ ਤੇ ਸਿੱਖਿਆ ਦਾ ਮਾਧਿਅਮ ਬਣਾਇਆ। ਬਾਬਾ ਫ਼ਰੀਦ. ਗੁਰੂ ਨਾਨਕ ਦੇਵ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਤੇ ਸਿੱਖ ਗੁਰੂਆਂ ਨੇ ਇਸ ਦੇ ਫੈਲਾਉ ਲਈ ਬੜਾ ਨਿੱਗਰ ਯਤਨ ਕੀਤਾ। ਇਨ੍ਹਾਂ ਲਹਿਰਾਂ ਨੇ ਆਪਣਾ ਸੰਬੰਧ ਲੋਕਾਂ ਅਤੇ ਪੰਜਾਬ ਦੀ ਧਰਤੀ ਨਾਲ ਜੋੜਿਆ। ਪਹਿਲੀ ਵਾਰ ਪੰਜਾਬ ਦੀ ਆਪਣੀ ਸ਼ਖ਼ਸੀਅਤ ਨਿੱਖਰ ਕੇ ਸਾਹਮਣੇ ਆਈ ਅਤੇ ਇਸ ਸ਼ਖ਼ਸੀਅਤ ਦਾ ਮੌਲਿਕ ਰੂਪ ਦਿਖਾਈ ਦੇਣ ਲੱਗਾ। ਇਨ੍ਹਾਂ ਲੱਛਣਾਂ ਦਾ ਪ੍ਰਗਟਾ ਧਰਮ. ਭਾਸ਼ਾ ਅਤੇ ਸਾਹਿਤ ਦੁਆਰਾ ਹੋਇਆ। ਸਿੱਖ ਗੁਰੂ ਸਾਹਿਬਾਨ ਦੀ ਸੁਚੱਜੀ ਅਗਵਾਈ ਨਾਲ. ਸਭਿਆਚਾਰ ਦੇ ਪ੍ਰਗਟਾ-ਮਾਧਿਅਮ ਸਾਹਿਤ ਅਤੇ ਧਰਮ ਉਭਰਵੇਂ ਰੂਪ ਦਿਖਾਈ ਦੇਣ ਲੱਗੇ। ਹਰ ਪੱਖੋਂ ਪੰਜਾਬੀ ਸਭਿਆਚਾਰ ਦੀ ਆਪਣੀ ਵਿਲੱਖਣ ਪਛਾਣ ਸਥਾਪਤ ਹੋਈ। ਇਸ ਸਮੇਂ ਹਾਕਮ ਜਮਾਤਾਂ ਦੇ ਧਰਮ ਦੀ ਥਾਂ ਲੋਕ ਹਿਤਾਂ ਵਾਲਾ ਧਰਮ ਪ੍ਰਚਲਿਤ ਹੋਇਆ ਇਸ ਦੇ ਨਾਲ ਹੀ ਸਾਹਿਤ ਸਿਰਜਣਾ ਵੀ ਲੋਕ ਪੱਖੀ ਰਹੀ।

ਪਰ ਅਠਾਰ੍ਹਵੀਂ ਸਦੀ ਦੇ ਆਰੰਭ ਵਿਚ ਮੁਸਲਮਾਨੀ ਰਾਜ ਦੀਆਂ ਜੜ੍ਹਾਂ ਖੋਖਲੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ। ਇਸ ਸਮੇ ਹਿੰਦੂ ਅਤੇ ਮੁਸਲਮਾਨਾਂ ਵਿਚ ਆਪਸੀ ਤਣਾਅ ਪੈਦਾ ਹੋ ਚੁੱਕਾ ਸੀ। ਰਿਆਸਤੀ ਖੁਦਮੁਖਤਾਰੀ ਦੀ ਲਹਿਰ ਜ਼ੋਰ ਫੜ ਰਹੀ ਸੀ। ਪਰ ਰਾਜਸੀ ਤੇ ਧਾਰਮਿਕ ਤਣਾਓ ਵਾਲੇ ਵਾਤਾਵਰਣ ਵਿਚ ਇਨ੍ਹਾਂ ਨੂੰ ਲੋਕ ਵਿਸ਼ਵਾਸ ਪ੍ਰਾਪਤ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਇਕ ਸੁਤੰਤਰ ਰਾਜ ਕਾਇਮ ਕੀਤਾ। ਪਰ ਉਸ ਦੀ ਮੌਤ ਤੋਂ ਬਾਅਦ ਉਹ ਵੀ ਖੇਰੂ ਖੇਰੂ ਹੋ ਗਿਆ।

ਸਮੁੱਚੇ ਭਾਰਤ ਦੀ ਆਰਥਿਕ. ਰਾਜਨੀਤਕ ਅਤੇ ਸਮਾਜਕ ਦਸ਼ਾ ਬੜੀ ਭੈੜੀ ਸੀ। ਇਸ ਸਮੇਂ ਅੰਗਰੇਜ਼ ਭਾਰਤ ਦੇ ਬਾਕੀ ਸੂਬਿਆਂ ਤੇ ਆਪਣਾ ਕਬਜ਼ਾ ਕਰ ਚੁੱਕੇ ਸਨ ਅਤੇ ਆਖਿਰ ਉਨ੍ਹਾਂ ਨੇ ਪੰਜਾਬ ਨੂੰ ਆਪਣੇ ਰਾਜ ਅਧੀਨ ਕਰ ਲਿਆ। ਇਸ ਤਰ੍ਹਾਂ ਮੁਸਲਮਾਨਾਂ ਤੋਂ ਮਗਰੋਂ ਕੁਝ ਪੱਛਮੀ ਦੇਸ਼ਾਂ ਦੇ ਸਭਿਆਚਾਰਾਂ ਨਾਲ ਪੰਜਾਬੀ ਸਭਿਆਚਾਰ ਦਾ ਲੰਮੇ ਅਰਸੇ ਤਕ ਸੰਬੰਧ ਰਿਹਾ।

ਭਾਰਤ ਵਿਚ ਅੰਗਰੇਜ਼ੀ ਰਾਜ ਦੀ ਸਥਾਪਤੀ ਨੇ ਸਾਡੇ ਸਭਿਆਚਾਰ ਅਤੇ ਸਾਹਿਤ ਨੂੰ ਪ੍ਰਭਾਵਿਤ ਕੀਤਾ। ਪੱਛਮੀ ਪ੍ਰਭਾਵ ਅਧੀਨ ਨਿਸ਼ਚੇ ਹੀ ਭਾਰਤੀ ਭਾਸ਼ਾਵਾਂ ਅਤੇ ਉਨ੍ਹਾਂ ਦੇ ਸਾਹਿਤ ਦਾ ਕਾਇਮ ਕਲਪ ਹੋਇਆ। ਫਿਰ ਇਕ ਅਜੇਹੀ ਤਬਦੀਲੀ ਸੀ ਜੋ ਸਾਡੇ ਸਾਰੇ ਪੁਰਾਤਨ ਇਤਿਹਾਸ ਵਿਚ ਪਹਿਲੇ ਕਦੇ ਨਹੀਂ ਸੀ ਹੋਈ। ਆਈ. ਸੇਰੇਬਰੀਆਕੋਵ ਦੇ ਕਥਨ ਅਨੁਸਾਰ. "ਭਾਰਤੀ ਬੁੱਧੀ ਵੇਤਾ ਬਰਤਾਨਵੀ ਸਭਿਆਚਾਰ ਦੇ ਸੰਪਰਕ ਵਿਚ ਆਏ ਅਤੇ ਇਸ ਰਾਹੀਂ ਹੀ ਹੋਰ ਯੂਰਪੀ ਰਾਸ਼ਟਰਾਂ ਦੇ ਸੰਬੰਧ ਵਿਚ (ਛਾਪੇ ਖਾਨੇ ਅਤੇ ਪੱਤਰਕਾਰੀ ਨੇ ਇਸ ਅਮਲ ਵਿਚ ਮੱਦਦ ਕੀਤੀ) ਪ੍ਰਾਕਿਰਤਕ ਵਿਗਿਆਨ ਅਤੇ ਅਗਾਂਹ-ਵਧੂ ਸਮਾਜਕ ਵਿਚਾਰ ਭਾਰਤ ਵਿਚ ਆ ਗਏ. ਭਾਵੇਂ ਇਹ ਵਿਚਾਰ ਅਜੇ ਆਪਣੇ ਮੁੱਢਲੇ ਰੂਪ ਵਿਚ ਹੀ ਸਨ. ਅਤੇ ਕੁਦਰਤੀ ਹੀ ਇਹ ਸਭ ਕੁੱਝ ਅਗਾਹਂ-ਵਧੂ ਵਿਕਾਸ ਵੱਲ ਨੂੰ ਲੈ ਕੇ ਗਿਆ। ਇਸ ਤੋਂ ਵੀ ਵਧੇਰੇ ਇਸੇ ਤੱਥ ਨੇ ਕਿ ਉਨ੍ਹਾਂ ਦਾ ਦੇਸ਼ ਬਸਤੀ-ਵਾਦ ਹੇਠ ਹੈ. ਭਾਰਤੀ ਬੁੱਧੀਵੇਤਾਵਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਯੂਰਪੀ ਸਭਿਆਚਾਰ ਦੀਆਂ ਅਗਾਂਹ-ਵਧੂ ਅਤੇ ਕ੍ਰਾਂਤੀ-ਕਾਰੀ ਪ੍ਰਵਿਰਤੀਆਂ ਵਿਚ ਦਿਲਚਸਪੀ ਲੈਣ ਲਈ ਉਤੇਜਿਤ ਕੀਤਾ।[17]

ਅੰਗਰੇਜ਼ਾਂ ਦਾ ਭਾਰਤ ਵਿਚ ਪ੍ਰਵੇਸ਼ ਇਕ ਵੱਖਰੀ ਕਿਸਮ ਦਾ ਸੀ ਜਿਸ ਦਾ ਉਦੇਸ਼ ਏਥੇ ਇਕ ਸਰਵ ਸ੍ਰੇਸ਼ਟ ਵੱਧ ਸੱਭਯ ਤੇ ਉਚੇਰੀ ਪ੍ਰਤਿਭਾ ਵਾਲੀ ਕੌਮ ਦਾ ਉਪਨਿਵੇਸ਼ੀ ਢੰਗ ਦਾ ਅਜੇਹਾ ਰਾਜ ਸਥਾਪਿਤ ਕਰਨਾ ਸੀ, ਜਿਦ੍ਹੇ ਵਿਚ ਇਥੋਂ ਦੀ ਵਸੋਂ ਦਾ ਅੰਗ ਬਣਨ ਦੀ ਥਾਂ ਜਾਂ ਇਥੋਂ ਕਿਸੇ ਪ੍ਰਕਾਰ ਦਾ ਕੁੱਝ ਗ੍ਰਹਿਣ ਕਰਨ ਦੀ ਬਜਾਇ, ਨਿਰੋਲ ਹਾਕਮ ਤੇ ਮਹਿਕੂਮ ਵਾਲੇ ਸੰਬੰਧਾਂ ਰਾਹੀਂ ਇਥੇ ਸ਼ਕਤੀਸ਼ਾਲੀ ਢੰਗਾਂ ਦਾ ਸਾਮਰਾਜ ਸਥਾਪਿਤ ਕਰਨਾ ਅਤੇ ਰਾਜ ਪ੍ਰਬੰਧ ਵਿਚ ਅਜੇਹੀਆਂ ਵਿਧੀਆਂ ਤੇ ਨੀਤੀਆਂ ਨੂੰ ਅਪਨਾਉਣਾ ਸ਼ਾਮਿਲ ਸੀ, ਜਿੰਨ੍ਹਾਂ ਦੁਆਰਾ ਨਵੇਂ ਪ੍ਰਾਪਤ ਕੀਤੇ ਰਾਜ ਨੂੰ ਵੱਧ ਤੋਂ ਵੱਧ ਚਿਰ ਸਥਾਈ ਗੁਲਾਮ ਬਣਾਇਆ ਜਾ ਸਕੇ।[18] ਅੰਗਰੇਜ਼ ਕੌਮ ਦੀ ਇਹ ਨੀਤੀ ਸਫ਼ਲ ਰਹੀ ਹੈ। ਅਸੀਂ ਅੱਜ ਵੀ ਸਭਿਆਚਾਰਕ ਤੌਰ ਤੇ ਅੰਗਰੇਜ਼ਾਂ ਦੇ ਗੁਲਾਮ ਹਾਂ।

ਉਪਰੋਕਤ ਨੀਤੀ ਦੇ ਦੋ ਵਿਸ਼ੇਸ਼ ਪੱਖ ਦ੍ਰਿਸ਼ਟੀਗੋਚਰ ਹਨ। ਪਹਿਲੇ ਅੰਗਰੇਜ਼ ਭਾਰਤੀਆਂ ਨੂੰ ਸਭਿਆਚਾਰਕ ਤੌਰ ਤੇ ਗੁਲਾਮ ਬਣਾਉਣਾ ਚਾਹੁੰਦੇ ਸਨ, ਅਤੇ ਦੂਜਾ ਇਨ੍ਹਾਂ ਦੇ ਧਰਮ ਨੂੰ ਪਛੜਿਆ ਹੋਇਆ, ਅੰਧ-ਵਿਸ਼ਵਾਸੀ ਤੇ ਅਵਿਗਿਆਨਕ ਸਿੱਧ ਕਰਕੇ ਭਾਰਤੀਆਂ ਦੇ ਧਰਮ ਦੀ ਬਦਲੀ ਕਰਨੀ ਚਾਹੁੰਦੇ ਸਨ। ਸਭਿਆਚਾਰਕ ਤਬਦੀਲੀ ਲਈ ਉਨ੍ਹਾਂ ਨੇ ਪੱਛਮੀ ਵਿਦਿਅਕ ਪ੍ਰਣਾਲੀ ਚਾਲੂ ਕੀਤੀ ਜਿਸ ਦਾ ਉਦੇਸ ਇਥੋਂ ਦੇ ਨੌਜਵਾਨਾਂ ਦੀ ਸੋਚਧਾਰਾ, ਖਾਣ ਪੀਣ, ਪਹਿਨਣ ਅਤੇ ਉਨ੍ਹਾਂ ਦੀਆਂ ਸਾਹਿਤਿਕ ਰੁਚੀਆਂ ਨੂੰ ਪਰਿਵਰਤਿਤ ਕਰਨਾ ਸੀ। ਉਨ੍ਹਾਂ ਨੇ ਇਸਾਈ ਪ੍ਰਚਾਰਕਾਂ ਨੂੰ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਉਤਸਾਹਿਤ ਕੀਤਾ। ਹਮਾਯੂੰ ਕਬੀਰ ਅਨੁਸਾਰ ਇਸ ਦਾ ਅਸਰ ਇਹ ਹੋਇਆ ਕਿ ਸਾਰੀਆਂ ਪੁਰਾਤਨ ਕੀਮਤਾਂ ਅਤੇ ਵਿਸ਼ਵਾਸਾਂ ਨੂੰ ਚੁਣੌਤੀ ਦਿੱਤੀ ਗਈ। ਸਾਰੇ ਪੁਰਾਣੇ ਰਿਵਾਜਾਂ ਰਾਜਸੀ, ਆਰਥਿਕ ਅਤੇ ਸਮਾਜਕ ਵਰਤਾਰੇ ਵਿਚ ਪਰਿਵਰਤਨ ਆਇਆ।[19]

ਅੰਗਰੇਜ਼ਾਂ ਨੂੰ ਆਪਣੇ ਉਦੇਸ਼ ਦੀ ਪੂਰਤੀ ਲਈ ਭਾਰਤੀ ਪ੍ਰਬੰਧਕੀ ਢਾਂਚੇ ਨੂੰ ਪੱਛਮੀ ਲੀਹਾਂ ਤੇ ਢਾਲਿਆ। ਪੱਛਮੀ ਰਹਿਣੀ ਬਹਿਣੀ ਨੂੰ ਸਵੀਕਾਰ ਕਰਨ ਵਾਲੇ ਭਾਰਤੀ, ਈਸਾਈਅਤ ਨੂੰ ਵੀ ਬਿਨਾਂ ਝਿਜਕ ਤੇ ਖੁਸ਼ੀ ਖੁਸ਼ੀ ਪ੍ਰਵਾਨ ਕਰਨ ਲੱਗੇ। ਭਾਰਤੀਆਂ 'ਚੋਂ ਬਣੇ ਈਸਾਈ ਆਪਣੇ ਆਪ ਨੂੰ ਅੰਗਰੇਜ਼ਾਂ ਦੇ ਹਮ-ਧਰਮ ਸਮਝਦੇ ਸਨ। ਉਨ੍ਹਾਂ ਲਈ ਅੰਗਰੇਜ਼ੀ ਰਾਜ ਕੋਈ ਓਪਰਾ ਰਾਜ ਨਹੀਂ ਸੀ। ਉਹ ਅੰਗਰੇਜ਼ਾਂ ਦੀਆਂ ਕੁੱਟਲ ਨੀਤੀਆਂ ਨੂੰ ਸਮਝ ਨਾ ਸਕੇ ਅਤੇ ਅੰਗਰੇਜ਼ ਆਪਣੇ ਮਨੋਰਥ ਵਿਚ ਸਫ਼ਲ ਹੋਏ। ਲੂਨੀਆਂ ਦੇ ਕਥਨ ਅਨੁਸਾਰ, 'ਅੰਗਰੇਜ਼ ਭਾਰਤੀ ਲੋਕਾਂ ਦਾ ਇਕ ਅਜੇਹਾ ਵਰਗ ਕਾਇਮ ਕਰਨ ਵਿਚ ਇਛੁਕ ਸਨ ਜਿਹੜੇ ਲੱਖਾਂ ਗ਼ੁਲਾਮ ਭਾਰਤੀਆਂ ਦੇ ਸਨਮੁਖ ਅੰਗਰੇਜ਼ਾਂ ਦਾ ਪੱਖ ਪੂਰ ਸਕਣ। ਅਜੇਹੇ ਭਾਰਤੀ ਲੋਕਾਂ ਦਾ ਵਰਗ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜਿਹੜੇ ਰੰਗ ਜਾਂ ਖ਼ੂਨ ਕਰਕੇ ਤਾਂ ਭਾਰਤੀ ਹੋਣ ਪਰ ਸੁਹਜ, ਰਾਏ, ਸਦਾਚਾਰ ਤੇ ਬੌਧਿਕਤਾ ਵਿਚ ਪੂਰੇ ਅੰਗਰੇਜ਼ ਹੋਣ।[20]

ਪੰਜਾਬ ਅੰਗਰੇਜ਼ੀ ਰਾਜ ਅਧੀਨ ਆਉਣ ਵਾਲਾ ਸਭ ਤੋਂ ਆਖਰੀ ਰਾਜ ਸੀ। ਇਤਿਹਾਸਕ, ਰਾਜਸੀ ਤੇ ਪ੍ਰਬੰਧਕੀ ਕਾਰਨਾਂ ਕਰਕੇ ਬਿਦੇਸ਼ੀ ਸ਼ਾਸਕਾਂ ਪੰਜਾਬ ਵਿਚ ਸਰਕਾਰੀ ਕੰਮ ਕਾਰ ਨੂੰ ਨਮੂਨੇ ਦੀਆਂ ਲੀਹਾਂ ਤੇ ਚਲਾਉਣ ਦੇ ਯਤਨ ਕੀਤੇ। ਪੰਜਾਬ ਦੇ ਆਰਥਿਕ ਵਿਕਾਸ ਵਲ ਖਾਸ ਧਿਆਨ ਦਿੱਤਾ। ਅੰਗਰੇਜ਼ਾਂ ਨੂੰ ਡਰ ਸੀ ਕਿ ਪੰਜਾਬੀ ਕਿਤੇ ਮੁੜ ਆਪਣੇ ਗੁਆਚੇ ਰਾਜ ਅਤੇ ਮਾਣ ਨੂੰ ਪ੍ਰਾਪਤ ਕਰਨ ਲਈ ਸੰਗਠਿਤ ਨਾ ਹੋ ਜਾਣ ਅਤੇ ਅੰਗਰੇਜ਼ੀ ਰਾਜ ਲਈ ਮੁਸ਼ਕਿਲਾਂ ਨਾ ਪੈਦਾ ਕਰਨ। ਇਸ ਲਈ ਉਨ੍ਹਾਂ ਨੇ ਬਾਕੀ ਭਾਰਤ ਦੇ ਰਾਜਾਂ ਵਾਂਗ ਪੰਜਾਬੀਆਂ ਨੂੰ ਵੀ ਸਭਿਆਚਾਰਕ ਗੁਲਾਮ ਬਣਾਉਣ ਦੇ ਯਤਨ ਆਰੰਭ ਕੀਤੇ। ਪੰਜਾਬੀ ਜੀਵਨ ਤੇ ਸਭਿਆਚਾਰ ਤੇ ਵਿਭਿੰਨ ਪੱਖਾਂ ਤੇ ਅੰਗਰੇਜ਼ੀ ਪ੍ਰਭਾਵ ਪਿਆ।

ਮੁਸਲਮਾਨਾਂ ਦੇ ਸਮੇਂ ਪੇਂਡੂ ਆਰਥਿਕਤਾ ਦਾ ਮੂਲ ਆਧਾਰ ਖੇਤੀਬਾੜੀ ਸੀ। ਸਾਂਝੇ ਪਰਿਵਾਰ ਦਾ ਰਿਵਾਜ਼ ਸੀ। ਘਰ ਦਾ ਮੁਖੀ ਜੋ ਵੀ ਕੰਮ ਕਰਦਾ ਸੀ ਘਰ ਦੇ ਸਭ ਮੈਂਬਰਾਂ ਨੂੰ ਪ੍ਰਵਾਨ ਸੀ। ਪਰ ਨਵੀਆਂ ਆਰਥਿਕ ਸਥਿਤੀਆਂ ਅਤੇ ਆਧੁਨਿਕ ਜੀਵਨ ਦੀਆਂ ਨਵੀਆਂ ਕੰਮ ਕਰਨ ਦੀਆਂ ਸੰਭਾਵਨਾਵਾਂ ਨੇ ਸਾਂਝੇ ਪਰਿਵਾਰ ਦੀ ਪ੍ਰਣਾਲੀ ਨੂੰ ਖ਼ਤਮ ਕਰ ਦਿੱਤਾ। ਪਤੀ ਪਤਨੀ ਘਰ ਦੇ ਪੁਰਾਣੇ ਰਸਮਾਂ ਨਾਲ ਬੱਝੇ ਨਹੀਂ ਰਹਿਣਾ ਚਾਹੁੰਦੇ ਸਨ।[21]

ਅੰਗਰੇਜ਼ੀ ਰਾਜ ਦੀ ਸਥਾਪਤੀ ਨਾਲ ਸਨਅਤੀ ਦੌਰ ਦਾ ਆਰੰਭ ਹੋਇਆ। ਇਸ ਮਸ਼ੀਨੀਕਰਣ ਨਾਲ ਪੇਂਡੂ ਸਭਿਅਤਾ ਕਿਰਨ ਲੱਗੀ। ਇਕ ਪਿੰਡ ਦੀਆਂ ਲੋੜਾਂ ਜਿਥੇ ਇਕ ਪਿੰਡ ਵਿਚ ਪੂਰੀਆਂ ਹੁੰਦੀਆਂ ਹਨ, ਉਥੇ ਲੋੜਾਂ ਦੇ ਵਧਣ ਨਾਲ ਉਨ੍ਹਾਂ ਦਾ ਚੌਗਿਰਦਾ ਵੀ ਵਿਸ਼ਾਲ ਹੋਇਆ। ਪਿੰਡਾਂ ਦੀ ਥਾਂ ਸ਼ਹਿਰ ਵੱਸਣ ਲਗੇ। ਪਿੰਡਾਂ ਤੋਂ ਕਿਰਤੀ ਕਾਮੇ ਸ਼ਹਿਰ ਵਲ ਆਉਣ ਲੱਗੇ। ਪਿੰਡਾਂ ਦੀ ਆਬਾਦੀ ਘਟਣ ਲੱਗੀ। ਸਨਅਤੀ ਖੇਤਰ ਵਿਚ ਕਾਮੇ ਮਜ਼ਦੂਰਾਂ ਦੀ ਗਿਣਤੀ ਵਧਣ ਲੱਗੀ। ਸ਼ਹਿਰੀ ਸਭਿਆਚਾਰ ਦੀ ਹੋਂਦ ਨਾਲ ਇਕ ਨਵੀਂ ਸ਼੍ਰੇਣੀ ਪੈਦਾ ਹੋ ਗਈ। ਪੁਰਾਣੇ ਪੰਜਾਬ ਦੇ ਸ਼ੁੱਧ ਇਨਸਾਨੀ ਭਾਈਚਾਰੇ ਵਾਲੇ ਸਦਾਚਾਰ ਦੀ ਥਾਂ ਪ੍ਰੋ. ਪੂਰਨ ਸਿੰਘ ਅਨੁਸਾਰ 'ਠੀਕਰੀਆਂ' ਦਾ ਨਵਾਂ ਸਦਾਚਾਰ ਪੈਦਾ ਹੋਇਆ ਜਿਸ ਨੇ ਪੈਸਾ ਕੀਮਤਾਂ ਦੇ ਵਧਦੇ ਪ੍ਰਭਾਵ ਅਧੀਨ ਸਵਾਰਥ ਦੀ ਭਾਵਨਾ ਨੂੰ ਪ੍ਰਚੰਡ ਕੀਤਾ। ਕੀਮਤਾਂ ਦੀ ਇਸ ਸਪਸ਼ਟ ਟੱਕਰ ਨੇ ਵਰਤਮਾਨ ਦੇ ਵਿਰੋਧਾਂ ਦੀ ਭਾਵਨਾ ਨੂੰ ਹੋਰ ਤਿੱਖਾ ਕੀਤਾ। ਸ਼ਹਿਰੀ ਸਭਿਅਤਾ ਅਤੇ ਉਦਯੋਗਾਂ ਦੇ ਵਧਣ-ਫੁੱਲਣ ਨਾਲ ਪੈਦਾ ਹੋਈ ਨਵੀਂ ਪੜ੍ਹੀ ਲਿਖੀ ਮੱਧ ਸ਼੍ਰੇਣੀ ਸਭ ਤੋਂ ਪਹਿਲਾਂ ਇਸ ਵਿਰੋਧ ਦਾ ਅਖਾੜਾ ਬਣੀ। ਇਹ ਵਿਰੋਧ ਲੋਕ-ਅਖਾਣਾਂ ਤੋਂ ਵੀ ਪ੍ਰਗਟ ਹੁੰਦਾ ਹੈ:

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

1 ਸ਼ਹਿਰ ਦੀ ਚਿੜੀ, ਪਿੰਡ ਦੀ ਕੁੜੀ।

2 ਸ਼ਹਿਰੀ ਵੱਸਣ ਦੇਵਤੇ, ਪਿੰਡੀਂ ਵੱਸਣ ਜਿੰਨ।

3 ਸ਼ਹਿਰੀ ਵਸਦੇ ਦੇਵਤੇ ਤੇ ਬਾਹਰ ਭੂਤ ਪ੍ਰੇਤ।

4 ਸ਼ਹਿਰੀ ਵੱਸਣ ਦੇਵਤੇ, ਵੱਡੀ ਪਿੰਡੀਂ ਮਨੁੱਖਾਂ।
ਛੋਟੀ ਪਿੰਡੀਂ ਭੂਤਨੇ, ਪੁੱਛਣ ਨਾ ਕਿਸੀ ਦਾ ਸੁੱਖ।

ਪਿੰਡਾਂ ਦੀ ਥਾਂ ਸ਼ਹਿਰਾਂ ਦਾ ਇਹ ਮਹੱਤਵ ਇਸ ਲਈ ਹੋ ਗਿਆ ਸੀ ਕਿਉਂਕਿ ਸ਼ਹਿਰ ਆਰਥਿਕ, ਸਮਾਜਿਕ, ਧਾਰਮਿਕ, ਰਾਜਸੀ ਸਰਗਰਮੀਆਂ ਦਾ ਕੇਂਦਰ ਬਣ ਗਏ ਸਨ, ਜਿਸ ਕਰਕੇ ਲੋਕਾਂ ਦਾ ਸ਼ਹਿਰ ਵਲ ਖਿੱਚੇ ਜਾਣਾ ਕੁਦਰਤੀ ਸੀ। ਪੇਂਡੂ ਲੋਕਾਂ ਦਾ ਜੀਵਨ ਪ੍ਰਕ੍ਰਿਤੀ ਦੇ ਨੇੜੇ ਸੀ। ਉਹ ਪ੍ਰਕ੍ਰਿਤੀ ਦਾ ਆਨੰਦ ਮਾਣਦੇ ਸਨ। ਸਵੇਰੇ ਉੱਠਣਾ, ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਣਨਾ ਉਨ੍ਹਾਂ ਦਾ ਨਿੱਤ ਦਾ ਕੰਮ ਹੋ ਗਿਆ ਸੀ। ਕਿੱਸਾ ਕਾਵਿ ਵਿਚ ਇਸ ਪ੍ਰਕ੍ਰਿਤਕ ਜ਼ਿੰਦਗੀ ਦਾ ਵਰਣਨ ਹੈ:

ਚਿੜੀ ਚੂਹਕਦੀ ਨਾਲ ਜਾਂ ਤੁਰੇ ਪਾਂਧੀ,
ਪਈਆਂ ਦੁੱਧ ਦੇ ਵਿਚ ਮਧਾਣੀਆਂ ਨੀ। (ਹੀਰ ਵਾਰਿਸ, ਪੰਨਾ 12)

ਪਰ ਮਸ਼ੀਨੀ ਸਭਿਅਤਾ ਦੇ ਕਾਰਨ ਮਨੁੱਖ ਵਧੇਰੇ ਪਦਾਰਥਵਾਦੀ ਬਣ ਗਿਆ। ਉਸ ਦੇ ਜੀਵਨ ਵਿਚ ਬਨਾਵਟ ਤੇ ਜੱਟਲਤਾ ਆ ਗਈ। ਉਹ ਕੁਦਰਤ ਨਾਲੋਂ ਟੁੱਟ ਗਿਆ। ਸ਼ਹਿਰੀਕਰਣ ਨਾਲ ਪੇਂਡੂ ਸਭਿਅਤਾ ਦੇ ਕੁਦਰਤੀ ਨਜ਼ਾਰੇ ਲੋਪ ਹੋਣ ਲੱਗੇ। ਪਿੰਡ ਦਾ ਲੁਹਾਰ, ਕਿਸਾਨ ਦਾ ਹਲ ਬਣਾਉਂਦਾ ਸੀ। ਲੁਹਾਰ ਦੀਆਂ ਟਿੰਡਾਂ ਨਾਲ ਖੂਹ ਗਿੜਦਾ ਸੀ। ਪਰ ਮਸ਼ੀਨੀਕਰਣ ਨਾਲ ਇਨ੍ਹਾਂ ਦੀ ਥਾਂ ਟਰੈਕਟਰ, ਟਿਊਬਵੈੱਲ ਆ ਗਏ। ਮਨੁੱਖਾਂ ਦੇ ਰੁਝੇਵੇਂ ਵੀ ਵਧ ਗਏ, ਮਸ਼ੀਨੀਕਰਣ ਨਾਲ ਉਪਜ ਵਿਚ ਵੀ ਵਾਧਾ ਹੋਇਆ। ਉਹ ਇਕ ਵੱਖਰੀ ਕਿਸਮ ਦੀ ਜ਼ਿੰਦਗੀ ਜਿਊਣ ਲਗੇ। ਅਤਰ ਸਿੰਘ ਅਨੁਸਾਰ, "ਹੁਣ ਸਨਅਤੀ ਦੌਰ ਦਾ ਆਰੰਭ ਹੋਇਆ, ਸ਼ਹਿਰ ਵਧਣ ਫੁੱਲਣ ਲੱਗੇ ਅਤੇ ਹੁਣ ਤੋਂ ਪਿਛੋਂ ਉਹ ਜੀਵਨ ਉਹ ਨਾ ਰਿਹਾ ਜੋ ਪਹਿਲਾਂ ਸੀ। ਹੁਣ ਜੀਵਨ ਜੀਉਂਦੇ ਰਹਿਣ ਲਈ ਘੋਲ ਬਣ ਗਿਆ ਤੇ ਕੁਦਰਤੀ ਹੀ ਮਨੁੱਖ ਵਧੇਰੇ ਸਵੈ ਕੇਂਦਰਤ, ਸਵਾਰਥੀ ਅਤੇ ਮੋਹ ਦਾ ਪੁੱਤਰ ਬਣਦਾ ਗਿਆ। ਰਾਜਨੀਤਕ ਜਾਂ ਆਰਥਿਕ ਕਾਰਨਾਂ ਕਰਕੇ ਘਰੋਂ ਬੇ-ਘਰ ਹੋਏ ਜਨ-ਸਮੂਹ ਵਧਣ ਲੱਗੇ ਤੇ ਸ਼ਹਿਰਾਂ ਦੀਆਂ ਗੰਦੀਆਂ ਗਲੀਆਂ ਦੀ ਗਿਣਤੀ ਵੀ ਨਾਲ ਨਾਲ ਵਧਣ ਲੱਗੀ। ਖਾਨਦਾਨੀ ਪਿੰਡ, ਖਾਨਦਾਨੀ ਘਰ ਬੀਤੇ ਦੀ ਯਾਦ, ਬਣਦੇ ਜਾਣ ਲੱਗੇ ਤੇ ਉਨ੍ਹਾਂ ਦੀ ਥਾਂ ਪ੍ਰਦੇਸੀ ਸ਼ਹਿਰਾਂ ਅਤੇ ਕਿਰਾਏ ਦੇ ਮਕਾਨਾਂ ਨੇ ਲੈਣੀ ਸ਼ੁਰੂ ਕੀਤੀ। ਮਨੁੱਖ ਧਰਤੀ ਤੋਂ ਤੇ ਪ੍ਰਕ੍ਰਿਤੀ ਦੇ ਸਿੱਧੇ ਸੰਪਰਕ ਤੋਂ ਨਿਰਵਾਸਿਤ ਹੋਣ ਲੱਗਾ। ਘਰ ਦੀਆਂ ਰਸੋਈਆਂ ਜਿਥੇ ਛਣਕਦੇ ਚੂੜਿਆਂ ਜਾਂ ਮਿੱਠੇ ਆਦਰ ਦੀ ਖ਼ੁਸ਼ਬੂ ਉਗਦੀ ਸੀ, ਦੀ ਥਾਂ ਹੋਟਲਾਂ ਨੇ ਲੈ ਲਈ ਜਿਸ ਦਾ ਇਕ ਪੱਖ ਭੱਜੋ ਨੱਸੀ, ਖੁੜ੍ਹ ਦੀ ਚਿੰਤਾ ਅਤੇ ਭਵਿੱਖ ਦੇ ਭੈ ਸਨ ਤੇ ਦੂਜਾ ਪੱਖ ਜੀਵਨ ਦਾ ਨਸ਼ੀਨੀ ਢੰਗ। ਸਾਂਝੇ ਪਰਿਵਾਰ ਭਿੰਨ ਭਿੰਨ ਹੋ ਗਏ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਤੇ ਉਸ ਦੀ ਥਾਂ ਇਕ ਪੁਰਸ਼, ਇਕ ਪਤਨੀ ਤੇ ਕੁਝ ਬੱਚਿਆਂ ਦੇ ਪਰਿਵਾਰ ਨੇ ਮੱਲੀ। ਰਾਜਨੀਤੀ, ਉਦਯੋਗ ਅਤੇ ਨਾਗਰਿਕ ਜੀਵਨ ਵਿਚ ਦਲਾਲ ਦੀ ਚੜ੍ਹ ਮੱਚਦੀ ਗਈ ਅਤੇ ਆਮ ਲੋਕਾਂ ਦੇ ਵਿਚਾਰ, ਸਵਾਦ, ਪਸੰਦਾਂ ਜਾਂ ਪਸੰਦੀਆਂ ਵੀ ਨਿਯੰਤ੍ਰਿਤ ਹੋਣ ਲੱਗੇ। ਸਦਾਚਾਰਕ ਸੋਚਣੀ ਦੇ ਟਾਕਰੇ ਵਿਚ ਪਦਾਰਥਕ ਦ੍ਰਿਸ਼ਟੀਕੋਣ ਦਾ ਹੱਥ ਉਪਰ ਹੋਣ ਲੱਗਾ।[22]

ਪੱਛਮੀ ਸਭਿਆਚਾਰ ਨੇ ਸਾਡੇ ਦੇਸੀ ਸਭਿਆਚਾਰ ਦੀ ਰੂਹ ਨੂੰ ਭੰਨ ਕੇ, ਤੋੜ ਕੇ, ਕੋਕਾ ਕੋਲਾ ਸਭਿਆਚਾਰ ਦੀ ਨਕਲ ਕਰਨਾ, ਸ਼ਰਾਬ ਪੀਣਾ, ਨੰਗਾ ਸਾਹਿਤ ਪੜ੍ਹਨਾ, ਇੱਕਲਾ ਜੀਉਣਾ ਤੇ ਅੰਗਰੇਜ਼ੀ ਦੇ ਚੁਸਤ ਫਿਰਕੇ ਬੋਲਣਾ ਸਿਖਾਇਆ। ਬਦੇਸ਼ੀ ਭਾਸ਼ਾ ਤੇ ਉਸ ਦੇ ਸਾਹਿਤ ਦੀ ਅੰਧਾ-ਧੁੰਦ ਨਕਲ ਕਰਕੇ ਹੀ ਸਾਡੇ ਸਾਹਿਤਕਾਰਾਂ ਦੀ ਬੋਲੀ ਤੇ ਸਾਹਿਤ ਦਾ ਪੰਜਾਬੀ ਲੋਕਾਂ ਨਾਲੋਂ ਇਹ ਵਖਰੇਵਾਂ ਸਥਾਪਿਤ ਹੋ ਚੁੱਕਾ ਹੈ। ਇਸ ਕਰਕੇ ਹੀ ਸਾਡਾ ਅਜੋਕਾ ਪੰਜਾਬੀ ਸਾਹਿਤ ਤੇ ਖਾਸ ਕਰਕੇ ਪੰਜਾਬੀ ਕਵਿਤਾ ਸਾਡੇ ਪੁਰਾਤਨ ਸਭਿਆਚਾਰ ਨਾਲੋਂ ਵਿਯੋਗੀ ਪਈ ਹੈ।

ਪੰਜਾਬੀ ਲੋਕਾਂ ਅੰਗਰੇਜ਼ੀ ਜੀਵਨ ਢੰਗ ਵੇਖਿਆ ਤਾਂ ਉਨ੍ਹਾਂ ਨੇ ਪੰਜਾਬੀ ਸਭਿਅਤਾ ਅਤੇ ਸਭਿਆਚਾਰ ਨੂੰ ਤਿਆਗਣਾ ਸ਼ੁਰੂ ਕਰ ਦਿੱਤਾ। ਸ਼ਹਿਰੀ ਸਭਿਅਤਾ ਵਿਚ ਵਿਅਕਤੀ ਵਧੇਰੇ ਖੁਲ੍ਹਾਂ ਮਾਣਨ ਲੱਗ ਪਏ। ਉਨ੍ਹਾਂ ਦੇ ਖਾਣ ਪੀਣ ਦੇ ਢੰਗ ਤਰੀਕੇ ਬਦਲਣ ਲੱਗੇ। ਸਾਦਾ ਅਤੇ ਨਰੋਏ ਭੋਜਨ ਦੀ ਥਾਂ ਚਟਪਟੀਆਂ ਅਤੇ ਮਜ਼ੇਦਾਰ ਚੀਜ਼ਾਂ ਨੇ ਲੈ ਲਈ। ਜਿਥੇ ਲੋਕਾਂ ਦੇ ਖਾਣ ਪੀਣ ਦੀਆ ਚੀਜ਼ਾਂ ਵਿਚ ਪਰਿਵਰਤਨ ਆਇਆ ਉਥੇ ਉਨ੍ਹਾਂ ਦੀ ਬੋਲ-ਚਾਲ ਵਿਚ ਮਿਠਾਸ ਅਤੇ ਕਪਟ ਵਧ ਗਿਆ। ਇਸ ਤਰ੍ਹਾਂ ਉਨ੍ਹਾਂ ਦੇ ਸੁਹਜ-ਸੁਆਦ ਵਿਚ ਤਬਦੀਲੀ ਆਈ। ਉਹ ਵਧੇਰੇ ਕਾਮੁਕ ਰੁਚੀਆਂ ਵਿਚ ਗ੍ਰਸੇ ਗਏ।

ਆਧੁਨਿਕ ਸਭਿਅਤਾ, ਮਨੋਵਿਗਿਆਨ ਤੇ ਵਿਗਿਆਨ ਦੀਆਂ ਖੋਜਾਂ ਨੇ ਆਧੁਨਿਕ ਮਨੁੱਖ ਦੀ ਚੇਤਨਾ ਵਿਚ ਅਨਿਸਚਿਤਤਾ ਦਾ ਜੋ ਤਿੱਖਾ ਅਹਿਸਾਸ ਜਗਾਇਆ, ਉਸ ਦੇ ਸਨਮੁਖ ਉਸ ਨੂੰ ਸਭਿਆਚਾਰਕ ਅਤੀਤ ਵਿਚੋਂ ਪ੍ਰਾਪਤ ਹੋਇਆ ਆਪਾ ਖੁਰਦਾ ਤੇ ਟੁੱਟਦਾ ਪ੍ਰਤੀਤ ਹੁੰਦਾ ਹੈ।

ਸੋਲ੍ਹਵੀਂ ਤੋਂ ਅਠਾਰ੍ਹਵੀਂ ਸਦੀ ਈਸਵੀ ਤੰਤਰ ਮੰਤਰ ਟੂਣੇ, ਤਵੀਤ, ਪੂਜਾ ਵਿਧੀਆਂ ਅਤੇ ਵਹਿਮਾਂ ਭਰਮਾਂ ਨਾਲ ਰਲਗੱਡ ਨਾਨਾ ਪ੍ਰਕਾਰ ਦੇ ਮਤਾਂ-ਮਤਾਂਤਰਾਂ ਦਾ ਯੁਗ ਸੀ। ਲੋਕ ਅਲਪ-ਸ਼ਿਖਸ਼ਿਤ ਸਨ। ਪਰ ਅੰਗਰੇਜ਼ੀ ਵਿਦਿਆ ਦੇ ਪ੍ਰਸਾਰ ਨਾਲ ਇਹ ਵਹਿਮ ਭਰਮ ਹਟਣ ਲੱਗੇ। ਉਪਰੋਕਤ ਲੋਕ-ਵਿਸ਼ਵਾਸਾਂ ਦੀ ਸਾਰਥਿਕਤਾ ਬਹੁਤ ਹੱਦ ਤੱਕ ਡਾਰਵਿਨ ਦੇ ਵਿਕਾਸ-ਵਾਦੀ ਸਿਧਾਂਤ, ਵਿਗਿਆਨ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਨੇ ਘਟਾ ਦਿੱਤੀ ਸੀ। ਜੀਵਨ ਸੰਬੰਧੀ ਨਵੀਂ ਸੋਚ ਦੇ ਕਈ ਮਹੱਤਵ ਭਰਪੂਰ ਪੱਖ ਉੱਭਰ ਕੇ ਸਾਹਮਣੇ ਆਏ। ਜੀਵਨ ਵਿਚ ਆਰਥਿਕਤਾ ਦਾ ਮਹੱਤਵ ਬਹੁਤ ਵੱਧ ਗਿਆ। ਕਾਮ ਆਦਿ ਦੇ ਮਸਲਿਆਂ ਬਾਰੇ ਕਈ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਵਿਚਾਰਾਤਮਕ ਪਰਿਵਰਤਨ ਪੈਦਾ ਹੋਵੇ। ਫਰਾਇਡ ਦੇ ਪ੍ਰਭਾਵ ਅਧੀਨ ਕਾਮ ਦੀ ਸੰਜਮ ਭਰਪੂਰ ਵਰਤੋਂ ਨੂੰ ਮਨੁੱਖੀ ਸ਼ਖ਼ਸੀਅਤ ਲਈ ਉਚਿਤ ਪ੍ਰਵਾਨ ਕੀਤਾ ਗਿਆ। ਸਮਾਜ ਵਿਚ ਔਰਤ ਤੇ ਮਰਦ ਦੇ ਸੰਬੰਧਾਂ ਵਿਚ ਵੱਡਾ ਪਰਿਵਰਤਨ ਪੈਦਾ ਹੋਇਆ। ਇਸਤਰੀ ਨੂੰ ਜਿਥੇ ਮਰਦ ਦੇ ਬਰਾਬਰ ਹੱਕ ਦਿਤੇ ਜਾਣ ਲੱਗੇ. ਉਥੇ ਸਮਾਜ ਦੀ ਉਸਾਰੀ ਵਿਚ ਉਸਦਾ ਪੂਰਾ ਮਿਲਵਰਤਨ ਜ਼ਰੂਰੀ ਮੰਨਿਆ ਗਿਆ। ਜੀਵਨ ਭਾਵਨਾ ਪ੍ਰਧਾਨ ਰੁਚੀ ਦੀ ਥਾਂ ਬੌਧਿਕਤਾ ਪ੍ਰਧਾਨ ਰੁਚੀ ਵਲ ਵਧਿਆ।

ਪੰਜਾਬੀ ਸਭਿਆਚਾਰ ਉਪਰ ਉਪਰੋਕਤ ਪਏ ਪ੍ਰਭਾਵ ਤੋਂ ਇੰਜ ਪ੍ਰਤੀਤ ਹੋਣ ਲੱਗਦਾ ਹੈ ਕਿ ਪੰਜਾਬੀ ਸਭਿਆਚਾਰ ਦਾ ਆਪਣਾ ਮੂਲ ਨਿੱਖੜਵਾਂ ਲੱਛਣ ਨਹੀਂ ਰਹਿ ਸਕਦਾ ਹੈ। ਪਰ ਪੰਜਾਬੀ ਸਭਿਆਚਾਰ ਅਤੇ ਲੋਕਾਂ ਦੀ ਇਹ ਵਿਲੱਖਣਤਾ ਹੈ ਕਿ ਉਨ੍ਹਾਂ ਜਿਥੇ ਬਾਹਰਲੇ ਪ੍ਰਭਾਵਾਂ ਨੂੰ ਗ੍ਰਹਿਣ ਕੀਤਾ ਉਥੇ ਉਹ ਆਪਣੇ ਮੂਲ ਸਭਿਆਚਾਰ ਨਾਲੋਂ ਟੁੱਟੇ ਨਹੀਂ ਸਨ। ਆਪਣੀਆਂ ਮੂਲ ਵਿਲੱਖਣਤਾਵਾਂ ਸਦਕਾ ਹੀ ਪੰਜਾਬੀ ਸਭਿਆਚਾਰ ਜਿੰਦਾ ਦਿਲ. ਖਾੜਕੂ ਤੇ ਹਰ ਹਾਲਤ ਵਿਚ ਢਲ ਜਾਣ ਵਾਲਾ ਹੈ। ਇਸੇ ਕਾਰਨ ਪੰਜਾਬੀ ਦਾ ਸੁਭਾ ਤੇ ਰਹਿਣ ਸਹਿਣ ਬਾਕੀ ਭਾਰਤ ਦੇ ਪ੍ਰਾਤਾਂ ਨਾਲੋਂ ਵਿਲੱਖਣ ਹੈ। ਇਨ੍ਹਾਂ ਦੇ ਆਪਣੇ ਪਛਾਣ-ਚਿੰਨ੍ਹ ਹਨ। ਇਹਨਾਂ ਦੀ ਇਹ ਵਿਲੱਖਣਤਾ 'ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ' ਦਾ ਪ੍ਰਭਾਵ ਪਾਉਂਦੀ ਹੈ।

(ਸ) ਪੰਜਾਬੀ ਸਭਿਆਚਾਰ ਦੇ ਨਿੱਖੜਵੇਂ ਲੱਛਣ

ਪੰਜਾਬੀ ਸਭਿਆਚਾਰ ਦੀ ਆਪਣੀ ਨਿਵੇਕਲੀ ਦਿੱਖ ਹੈ। ਹਰ ਸਭਿਆਚਾਰ ਭਾਵੇਂ ਕਿਸੇ ਮੁੱਖ ਸਭਿਆਚਾਰ ਦਾ ਹਿੱਸਾ ਹੋਵੇ. ਪਰ ਉਸ ਦੇ ਕੁਝ ਆਪਣੇ ਨਿੱਖੜਵੇਂ ਲੱਛਣ ਜ਼ਰੂਰ ਹੁੰਦੇ ਹਨ। ਹਰ ਖਿਤੇ ਦੀ ਭੂਗੋਲਿਕ ਸਥਿਤੀ. ਸਮਾਜਕ ਵਾਤਾਵਰਣ ਉਸ ਦੀ ਨਿਵੇਕਲੀ ਨੁਹਾਰ ਬਣਾਉਂਦਾ ਹੈ। ਪੰਜਾਬੀ ਸਭਿਆਚਾਰ ਬਾਕੀ ਭਾਰਤ ਦੇ ਪ੍ਰਾਤਾਂ ਨਾਲੋਂ ਨਿੱਖੜਵਾਂ ਹੈ। ਪੰਜਾਬੀ ਸਭਿਆਚਾਰ ਦੀਆਂ ਕੁਝ ਵਿਲੱਖਣਤਾਵਾਂ ਹਨ ਜੋ ਇਸ ਨੂੰ ਵੱਖਰੇ ਪਛਾਣ ਚਿੰਨ੍ਹ ਵਜੋਂ ਪੇਸ਼ ਕਰਦੀਆਂ ਹਨ।

ਸੂਰਬੀਰਤਾ ਪੰਜਾਬੀਆਂ ਤੇ ਖ਼ੂਨ ਵਿਚ ਰਚੀ ਹੋਈ ਹੈ। ਜਦੋਂ ਵੀ ਬਾਹਰਲਾ ਹਮਲਾਆਵਰ ਆਇਆ। ਉਸ ਨਾਲ ਸਭ ਤੋਂ ਪਹਿਲਾਂ ਪੰਜਾਬੀਆਂ ਨੂੰ ਟੱਕਰ ਲੈਣੀ ਪਈ। ਪੰਜਾਬ ਮੁੱਢ ਤੋਂ ਖੜਗ ਭੁਜਾ ਬਣੀ ਹੋਈ ਹੈ। ਪੁਰਾਣੇ ਜ਼ਮਾਨੇ ਵਿਚ ਸਭ ਪ੍ਰਦੇਸੀ ਹਮਲਾਵਰ ਈਰਾਨੀ. ਯੂਨਾਨੀ. ਸਿਥੀਅਨ. ਪਾਰਥੀਅਨ. ਹੂਨ. ਤੁਰਕ. ਮੰਗੋਲ ਆਦਿ ਪੰਜਾਬ ਵਲੋਂ ਹੀ ਭਾਰਤ ਵਿਚ ਆਏ ਅਤੇ ਇਥੋਂ ਦੇ ਨਰੋਏ ਸਰੀਰ ਤੇ ਤਕੜੇ ਦਿਲ ਜਿਗਰ ਵਾਲੇ ਪੰਜਾਬੀਆਂ ਨੂੰ ਹਮੇਸ਼ਾਂ ਹੀ. ਇਨ੍ਹਾਂ ਸਭ ਹੱਲਿਆਂ ਦੀ ਪਹਿਲੀ ਜ਼ੋਰਦਾਰ ਝਾਲ ਝੱਲਣੀ ਪਈ। ਇਸੇ ਲਈ. ਪੰਜਾਬੀਆਂ ਦੇ ਖ਼ੂਨ ਵਿਚ ਬਲ. ਸਾਹਸ ਤੇ ਸਵੈਮਾਨ ਬਾਕੀ ਪ੍ਰਾਤਾਂ ਦੇ ਲੋਕਾਂ ਨਾਲੋਂ ਵਧੇਰੇ ਮਾਤਰਾ ਵਿਚ ਹੈ ਅਤੇ ਇਹ ਰਣਤੱਤੇ ਵਿਚ ਜੂਝਣ ਲਈ ਅਠਖੇਲੀਆਂ ਲੈਂਦੇ ਹਨ।[23]

ਇਨ੍ਹਾਂ ਵਿਚ ਦੇਸ਼ ਭਗਤੀ ਦਾ ਜਜ਼ਬਾ ਕੁੱਟ ਕੁੱਟ ਕੇ ਭਰਿਆ ਪਿਆ ਹੈ। ਪੰਜਾਬ ਸਮੁੱਚੇ ਭਾਰਤ ਦਾ ਰਾਖਾ ਹੈ। ਪੰਜਾਬੀਆਂ ਦਾ ਫ਼ੌਜ ਵਿਚ ਇਨ੍ਹਾਂ ਦੀ ਆਬਾਦੀ ਨਾਲੋਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਵੱਧ ਭਰਤੀ ਇਸੇ ਗੱਲ ਦਾ ਸਬੂਤ ਹੈ। ਇਹ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੇ ਨਹੀਂ ਜਾ ਸਕਦੇ ਹਨ। ਜੇ ਕਿਧਰੇ ਕਿਸੇ ਹਮਲਾਆਵਰ ਨੇ ਇਸ ਨੂੰ ਜਿੱਤ ਕੇ ਰਾਜ ਕਰਨ ਦੀ ਇੱਛਾ ਧਾਰੀ ਵੀ ਤਾਂ ਇਨ੍ਹਾਂ ਬਹੁਤ ਛੇਤੀ ਇਹ ਗੁਲਾਮੀ ਦੀਆਂ ਜੰਜੀਰਾਂ ਤੋੜ ਦਿੱਤੀਆਂ। 'ਬਾਰ ਪਰਾਇ ਬੈਸਣ' ਦਾ ਸੰਤਾਪ ਪੰਜਾਬੀ ਆਚਰਣ ਲਈ ਮੌਤ ਜੇ ਬਰਾਬਰ ਹੈ। ਪੰਜਾਬੀ ਅਣਖ ਨਾਲ ਜੀਊਣਾ ਲੋੜਦਾ ਹੈ। ਇਸ ਸੰਬੰਧ ਵਿਚ ਇਹ ਲੋਕ ਗੀਤ ਵਧੇਰੇ ਮਹਾਨਤਾ ਦਾ ਧਾਰਨੀ ਹੈ:

ਦੋ ਪੈਰ ਘੱਟ ਤੁਰਨਾ
ਪਰ ਤੁਰਨਾ ਮਟਕ ਦੇ ਨਾਲ।

ਪੰਜਾਬੀ ਬਹੁਤੀ ਲੰਮੀ ਉਮਰ ਭੋਗਣ ਦਾ ਚਾਹਵਾਨ ਨਹੀਂ ਹੈ। ਉਹ ਜਿੰਨਾ ਚਿਰ ਜੀਉਣਾ ਚਾਹੁੰਦਾ ਹੈ ਅਣਖ ਤੇ ਇੱਜ਼ਤ ਨਾਲ। ਪੰਜਾਬੀ ਸਭਿਆਚਾਰ ਵਿਚ ਸਵੈਧੀਨਤਾ ਦਾ ਅਰਥ ਮਨ-ਮਰਜ਼ੀ ਜਾਂ ਆਪ ਹੁਦਰਾਪਣ ਕਦੀ ਨਹੀਂ ਹੋਇਆ। ਉਨ੍ਹਾਂ ਦੀ ਇਹ ਰੁਚੀ ਹਮੇਸ਼ਾਂ ਕੌਮ ਦੀ ਮੁੱਖ ਧਾਰਾ ਨਾਲ ਜੁੜੀ ਰਹੀ ਹੈ। ਗੁਲਾਮੀ ਦਾ ਸਮਾਂ ਪੰਜਾਬੀਆਂ ਨੇ ਦੂਜੇ ਭਾਰਤ ਦੇ ਲੋਕਾਂ ਨਾਲੋਂ ਬਹੁਤ ਘੱਟ ਜੀਵਿਆ ਹੈ। ਦੇਸ਼ ਦੀ ਆਜ਼ਾਦੀ ਦੇ ਅੰਦੋਲਨ ਵਿਚ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਹਨ।

ਸਮਕਾਲੀ ਭਾਰਤੀ ਸਭਿਆਚਾਰ ਨਾਲੋਂ. ਪੰਜਾਬੀ ਸਭਿਆਚਾਰ ਵਿਚ ਬਰਾਬਰੀ ਕਿਤੇ ਜ਼ਿਆਦਾ ਪ੍ਰਵਾਣਿਤ ਰਹੀ ਹੈ। ਔਰਤ ਨੂੰ ਮਰਦ ਦੇ ਬਰਾਬਰ ਸਤਿਕਾਰ ਪੰਜਾਬੀ ਸਭਿਆਚਾਰ ਵਿਚ ਹੀ ਮਿਲਿਆ ਹੈ। ਇਥੇ ਔਰਤ ਨੂੰ ਪੈਰ ਦੀ ਜੁੱਤੀ ਨਹੀਂ ਸਮਝਿਆਂ ਗਿਆ ਸਗੋਂ ਰਾਜਿਆਂ ਨੂੰ ਜਨਮ ਦੇਣ ਵਾਲੀ ਆਖਿਆ ਗਿਆ ਹੈ। ਸਮੁੱਚਾ ਭਾਰਤ ਜਦੋਂ ਜਾਤ ਪਾਤ ਦੀਆਂ ਜ਼ੰਜੀਰਾਂ ਵਿਚ ਜਕੜਿਆ ਹੋਇਆ ਸੀ ਉਸ ਸਮੇਂ ਵੀ ਪੰਜਾਬੀਆਂ ਨੇ ਇਸ ਨੂੰ ਕੋਈ ਬਹੁਤਾ ਗੰਭੀਰ ਤਰ੍ਹਾਂ ਨਹੀਂ ਲਿਆ ਛੂਤ ਛਾਤ ਜੋ ਬਾਕੀ ਭਾਰਤ ਵਿਚ ਅਜੇ ਵੀ ਪ੍ਰਚਲਿਤ ਹੈ ਉਥੇ ਪੰਜਾਬੀ ਸਭਿਆਚਾਰ ਵਿਚ ।ਇਸ ਦਾ ਕੋਈ ਪ੍ਰਭਾਵ ਨਹੀਂ ਹੈ। ਸਿੱਖ ਗੁਰੂਆਂ ਦੀ ਸੰਗਤ ਤੇ ਪੰਗਤ ਦੀ ਸਿਖਿਆ ਨੇ ਪੰਜਾਬ ਵਿਚੋਂ ਇਸ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਹਨ। ਪੰਜਾਬੀ ਸਭ ਨੂੰ ਬਰਾਬਰ ਸਮਝਦੇ ਹਨ। ਪੰਜਾਬੀ ਰੱਬ ਅਤੇ ਮਨੁੱਖ ਵਿਚ ਪਿਆਰ ਦੇ ਰਿਸ਼ਤੇ ਤੇ ਮਹਾਨਤਾ ਦਿੰਦੇ ਹਨ। ਇਥੇ ਮਾਲਕ ਅਤੇ ਗੁਲਾਮੀ ਦੇ ਰਿਸ਼ਤੇ ਲਈ ਕੋਈ ਥਾਂ ਨਹੀਂ ਹੈ। ਧੰਨੇ ਜੱਟ ਵਰਗਾ ਭਗਤ ਰੱਬ ਨਾਲ ਟੱਕਰ ਲਾ ਲੈਂਦਾ ਹੈ। ਰੱਬ ਨੂੰ ਧੰਨੇ ਦੇ ਪਿਆਰ ਸਾਹਮਣੇ ਝੁਕਣਾ ਪੈਂਦਾ ਹੈ।

ਪੰਜਾਬੀ ਪਿਆਰ ਦੇ ਭੁੱਖੇ ਹਨ। ਇਨ੍ਹਾਂ ਨੂੰ ਹੋਰ ਕਿਸੇ ਕਿਸਮ ਦਾ ਕੋਈ ਦੁਨਿਆਵੀ ਲਾਲਚ ਨਹੀਂ ਹੈ। ਇਹ ਪਿਆਰ ਨਾਲ ਗੁਲਾਮੀ ਕਰ ਸਕਦੇ ਹਨ। ਪਿਆਰ ਦੀ ਖ਼ਾਤਰ ਆਪਣੀ ਜਾਨ ਦੀ ਬਾਜ਼ੀ ਲਾ ਸਕਦੇ ਹਨ। ਪਰ ਜੇਕਰ ਕੋਈ ਵਿਅਕਤੀ ਇਨ੍ਹਾਂ ਨਾਲ ਔਖਾ ਹੋ ਕੇ ਬੋਲਦਾ ਹੈ ਜਾਂ ਰੋਹਬ ਨਾਲ ਕੋਈ ਕੰਮ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕਰਾਉਣਾ ਚਾਹੁੰਦਾ ਹੈ ਤਾਂ ਇਹ ਕਿਸੇ ਦੀ ਈਨ ਨਹੀਂ ਮੰਨਦੇ ਹਨ। ਪੂਰਨ ਸਿੰਘ ਪੰਜਾਬੀਆਂ ਦੇ ਇਸ ਅਲਬੇਲੇ ਸੁਭਾ ਦਾ ਚਿਤਰਣ ਕਰਦੇ ਹਨ:

... ਪਿਆਰ ਨਾਲ ਇਹ ਕਰਨ ਗੁਲਾਮੀ
ਜਾਨ ਕੋਹ ਆਪਣੀ ਵਾਰ ਦਿੰਦੇ।
ਪਰ ਟੈਂ ਨਾ ਮੰਨਣ ਕਿਸੇ ਦੀ....
ਹੱਥਾਂ ਵਿਚ ਗੋਹਲੇ ਕੀਤੇ ਕਿਸੇ ਵੀ ਪਾਤਸ਼ਾਹ ਨਾ
ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ
ਪਿਆਰ ਦਾ ਨਾਮ ਇਹਨਾਂ ਸਿੱਖਿਆ,
ਦਿਲ ਜਾਨ ਵਾਰਨ ਇਹ ਪਿਆਰ ਤੇ
ਸੱਚੇ ਪੰਜਾਬ ਦੇ ਵਾਸੀ ਦਾ ਇਹ ਈਮਾਨ ਹੈ....।

ਹੱਡ ਭੰਨਵੀਂ ਮਿਹਨਤ ਕਰਨੀ ਪੰਜਾਬੀ ਦਾ ਸੁਭਾ ਹੈ। ਇਹ ਮੰਗ ਕੇ ਖਾਣ ਨਾਲੋਂ ਮਰ ਜਾਣਾ ਚੰਗਾ ਸਮਝਦੇ ਹਨ। ਇਨ੍ਹਾਂ ਦੇ ਬਾਰ ਦੇ ਜੰਗਲਾਂ ਨੂੰ ਕੱਟ ਕੇ ਹਰਾ ਭਰਿਆ ਕਰ ਦਿੱਤਾ ਹੈ। ਰਾਜਸਥਾਨ ਦਾ ਮਾਰੂਥਲ ਯੂ.ਪੀ. ਦੀ ਜੰਗਲਾਂ ਵਿਚ ਲਹਿਲਹਾਂਦੀਆਂ ਫ਼ਸਲਾਂ ਇਨ੍ਹਾਂ ਦੀ ਮਿਹਨਤ ਦਾ ਹੀ ਚਮਤਕਾਰ ਹੈ। ਰੋਟੀ ਰੋਜ਼ੀ ਕਮਾਉਣ ਲਈ ਬਾਹਰ ਪ੍ਰਦੇਸਾਂ ਵਿਚ ਜਾਣ ਤੋਂ ਵੀ ਝਕਦੇ ਨਹੀਂ। ਅੱਜ ਦੁਨੀਆਂ ਦਾ ਕੋਈ ਅਜੇਹਾ ਮੁਲਕ ਨਹੀਂ ਜਿਥੇ ਪੰਜਾਬੀ ਨਹੀਂ ਹਨ। ਇਹ ਜਿਥੇ ਵੀ ਗਏ ਹਨ ਆਪਣਾ ਸਭਿਆਚਾਰ ਅਤੇ ਬੋਲੀ ਨਾਲ ਲੈ ਕੇ ਗਏ ਹਨ। ਇਸੇ ਕਾਰਨ ਸੰਸਾਰ ਭਰ ਵਿਚ ਬੋਲੀਆਂ ਜਾਂਦੀਆਂ ਬੋਲੀਆਂ ਵਿਚੋਂ ਪੰਜਾਬੀ ਭਾਸ਼ਾ ਦਾ ਪੰਜਵਾਂ ਨੰਬਰ ਹੈ।

ਪੰਜਾਬੀ ਕਠੋਰ ਚਿੱਤ ਨਹੀਂ ਹਨ। ਇਹ ਮਿਲਾਪੜੇ ਸੁਭਾ ਦੇ ਮਾਲਕ ਹਨ। ਇਹ ਆਏ ਮਹਿਮਾਨ ਦੀ ਬੜੀ ਸੇਵਾ ਕਰਦੇ ਹਨ। ਜਿਹੜੇ ਲੋਕ ਬਾਹਰੋਂ ਆਉਂਦੇ ਹਨ ਉਹ ਪੰਜਾਬੀਆਂ ਦੀ ਪ੍ਰਾਹੁਣਚਾਰੀ ਦੇ ਗੁਣ ਗਾਉਂਦੇ ਹਨ। ਪਿੰਡ ਵਿਚ ਆਇਆ ਕੋਈ ਪ੍ਰਾਹੁਣਾ ਸਾਰੇ ਪਿੰਡ ਦਾ ਪ੍ਰਾਹੁਣਾ ਹੁੰਦਾ ਹੈ। ਪਿੰਡ ਦੀ ਧੀ ਧਿਆਈ ਦਾ ਪ੍ਰਾਹੁਣਾ ਸਾਰੇ ਪਿੰਡ ਦਾ ਪ੍ਰਾਹੁਣਾ ਸਮਝਿਆ ਜਾਂਦਾ ਹੈ। ਉਹ ਜਿਸ ਘਰ ਵੀ ਚਲਾ ਜਾਵੇ ਉਸ ਦਾ ਉਥੇ ਹੀ ਇੱਜ਼ਤ ਮਾਣ ਹੁੰਦਾ ਹੈ। ਉਹ ਕਿਸੇ ਵੀ ਘਰ ਨੂੰ ਓਪਰਾ ਮਹਿਸੂਸ ਨਹੀਂ ਕਰੇਗਾ। ਕੋਈ ਬਾਹਰਲਾ ਮੁਸਾਫਿਰ ਪੰਜਾਬ ਵਿਚ ਆ ਜਾਵੇ ਤਾਂ ਉਸ ਨੂੰ ਰੋਟੀ ਪਾਣੀ ਅਤੇ ਰਿਹਾਇਸ਼ ਦਾ ਕੋਈ ਫਿਕਰ ਨਹੀਂ ਹੈ। ਉਹ ਜਿਥੇ ਚਾਹਵੇ ਰਾਤ ਆਰਾਮ ਨਾਲ ਕੱਟ ਸਕਦਾ ਹੈ। ਉਸ ਨੂੰ ਬਿਸਤਰਾ ਰੋਟੀ ਸਭ ਮਿਲਦਾ ਹੈ। ਜਿਥੇ ਰਾਤ ਪੈ ਜਾਵੇ ਉਸ ਨੂੰ ਉਥੇ ਹੀ ਸਭ ਕੁਝ ਮਿਲ ਜਾਂਦਾ ਹੈ।

ਪੰਜਾਬੀ ਲੋਕਾਂ ਦਾ ਪਹਿਲਾਂ ਤੋਂ ਹੀ ਇਹ ਸੁਭਾ ਹੈ ਕਿ ਓਪਰਿਆਂ ਨਾਲ ਘੁਲ ਮਿਲ ਜਾਣ ਦੇ ਆਦੀ ਹਨ। ਰਲ ਮਿਲ ਜਾਣਾ ਪੰਜਾਬੀਆਂ ਦੀ ਵਿਲੱਖਣਤਾ ਹੈ। ਬਾਹਰਲੀਆਂ ਨਸਲਾਂ, ਜਾਤੀਆਂ ਜਾਂ ਕਬੀਲਿਆਂ ਦੇ ਸਮਾਜਕ ਅਤੇ ਸਭਿਆਚਾਰਿਕ ਰੀਤਾਂ ਰਸਮਾਂ ਨੂੰ ਆਪਣੇ ਸਭਿਆਚਾਰ ਵਿਚ ਸਮੋ ਕੇ, ਉਹਨਾਂ ਦੇ ਓਪਰੇ ਦਿਲ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨੂੰ ਲੋਪ ਕਰ ਦੇਣਾ ਪੰਜਾਬੀਆਂ ਦੇ ਸੁਭਾ ਦੀ ਸਿਫਤ ਹੈ। ਬਦੇਸ਼ੀ ਹਮਲਿਆਂ ਤੋਂ ਬਾਅਦ ਮੁਸਲਮਾਨ ਪੰਜਾਬ ਵਿਚ ਵੀ ਵੱਸਣ ਲੱਗੇ। ਉਨ੍ਹਾਂ ਦਾ ਆਪਣਾ ਵੱਖਰਾ ਜੀਵਨ ਢੰਗ ਸੀ ਪਰ ਉਸ ਦਾ ਕੁਝ ਵੱਖਰਾ ਰੂਪ ਨਾ ਰਹਿ ਕੇ ਪੰਜਾਬ ਦੇ ਲੋਕਾਂ ਦੇ ਜੀਵਨ ਤੇ ਉਹਦਾ ਪ੍ਰਭਾਵ ਪੈਂਦਾ ਰਿਹਾ ਅਤੇ ਉਹ ਪ੍ਰਭਾਵ ਅੱਜ ਤੱਕ ਪੰਜਾਬੀ ਸਭਿਆਚਾਰ ਵਿਚੋਂ ਪਛਾਣਿਆ ਜਾ ਸਕਦਾ ਹੈ।

ਸਦਾਚਾਰਕ ਕਦਰਾਂ ਕੀਮਤਾਂ ਦਾ ਆਰੰਭ ਪਰਿਵਾਰ ਵਿਚੋਂ ਹੁੰਦਾ ਹੈ। ਸਦਾਚਾਰ ਕਿਸੇ ਭਾਈਚਾਰੇ ਜਾਂ ਸਮਾਜ ਦੇ ਇਲਾਕਾਈ ਜੀਵਨ ਦਾ ਸ਼ੀਸ਼ਾ ਹੈ। ਪੰਜਾਬੀ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਦਾ ਆਧਾਰ ਪਰਿਵਾਰਕ ਇਕਾਈ ਬਣੇ ਰਿਸ਼ਤਿਆਂ ਦੀ ਸਾਂਝ ਹੈ। ਪਰਿਵਾਰ ਦੇ ਸਾਰੇ ਮੈਂਬਰਾਂ ਵਿਚ ਪਿਆਰ ਅਤੇ ਅਪਣੱਤ ਹੁੰਦੀ ਹੈ। ਪਰਿਵਾਰ ਦਾ ਮੈਂਬਰ ਹੁੰਦੇ ਹੋਏ ਵਿਅਕਤੀ ਦੇ ਦੂਜੇ ਰਿਸ਼ਤੇ ਬਣਦੇ ਹਨ। ਉਹ ਉਸਦੇ ਜੀਵਨ ਦਾ ਸਮਾਜਕ ਪੱਖ ਬਣਾਉਂਦੇ ਹਨ। ਪੰਜਾਬੀ ਭੈਣ ਭਰਾ, ਪਿਉ-ਪੁੱਤਰ, ਭਰਾ ਭਰਾ ਜੋ ਆਪਸ ਵਿਚ ਵਰਤਾਰਾ ਕਰਦੇ ਹਨ ਉਹ ਭਾਰਤ ਦੇ ਦੂਜਿਆਂ ਸੂਬਿਆਂ ਨਾਲੋਂ ਅਲੱਗ ਹੈ। ਪੰਜਾਬੀ ਸਭਿਆਚਾਰ ਵਿਚ ਭੈਣ ਭਰਾ ਦੇ ਰਿਸ਼ਤੇ ਨੂੰ ਅਟੁੱਟ ਸਮਝਿਆ ਗਿਆ ਹੈ। ਪੰਜਾਬੀ ਲੋਕ ਗੀਤ ਵੀ ਇਸ ਰਿਸ਼ਤੇ ਦੀ ਪਵਿੱਤਰਤਾ ਦੀ ਸ਼ਾਹਦੀ ਭਰਦੇ ਹਨ:

ਇਕ ਵੀਰ ਦੇਈਂ ਵੇ ਰੱਬਾ
ਸਹੁੰ ਖਾਣ ਨੂੰ ਬੜਾ ਦਿਲ ਕਰਦਾ।

ਸਹੁਰੇ ਬੈਠੀ ਭੈਣ ਆਪਣੇ ਭਰਾ ਦੀ ਹਮੇਸ਼ਾਂ ਉਡੀਕ ਕਰਦੀ ਹੈ। ਭਾਵੇਂ ਭੈਣ ਦੀ ਸਾਂਝ ਚਾਚੇ ਦੇ ਪੁੱਤਰ ਨਾਲ ਵੀ ਹੈ ਪਰ ਸਕੇ ਭਰਾ ਦੇ ਰਿਸ਼ਤੇ ਦਾ ਹੋਰ ਹੀ ਆਨੰਦ ਹੈ:

ਚਾਚੇ ਦਾ ਪੁੱਤ ਭਰਾ ਲਗਦਾ, ਕੋਲੋਂ ਦੀ ਲੰਘ ਗਿਆ,
ਜੇ ਵੀਰ ਹੋਵੇ ਆਪਣਾ, ਨਦੀਆਂ ਚੀਰ ਮਿਲੇ।

ਸਹਿਯੋਗ ਅਤੇ ਮਿਲਵਰਤਣ ਪੰਜਾਬੀ ਦੇ ਨਿੱਤਾ ਪ੍ਰਤੀ ਜੀਵਨ ਵਿੱਚ ਰਚੇ ਹੋਏ ਗੁਣ ਹਨ। ਗੁਆਂਢੀਆਂ ਨਾਲ ਮੇਲ ਜੋਲ, ਵਿਆਹਾਂ ਸ਼ਾਦੀਆਂ ਤੇ ਪੀੜੀਆਂ ਤੋਂ ਚਲੀ ਆ ਰਹੀ ਸਾਂਝ ਨੂੰ ਨਿਭਾਉਣ ਲਈ ਨਿਉਂਦਾ ਪਾਉਣ ਦੀਆਂ ਰੀਤਾਂ, ਧੀ ਦੇ ਕਾਰਜ ਵਿਚ ਸ਼ਾਮਲ ਹੋਣਾ, ਸਾਰਾ ਕੰਮ ਇਕੱਠੇ ਹੋ ਕੇ ਕਰਨਾ, ਆਏ ਮਹਿਮਾਨਾਂ ਦੀ ਸੇਵਾ ਇਕੱਠੇ ਕਰਨੀ, ਉਨ੍ਹਾਂ ਵਿਚ ਸਹਿਯੋਗ ਦੀ ਭਾਵਨਾ ਨੂੰ ਉਜਾਗਰ ਕਰਦਾ ਹੈ। ਤ੍ਰਿੰਞਣ ਦੀ ਰੀਤ ਸਹਿਯੋਗ ਅਤੇ ਪਿਆਰ ਦੀ· ਰੀਤ ਹੈ। ਕਮਾਦ ਬੀਜਣ, ਪੀੜਣ ਆਦਿ ਸਮੇਂ ਸਹਿਯੋਗ ਦੇਣਾ ਆਦਿ ਉਨ੍ਹਾਂ ਦੀ ਮਿਲਵਰਤਣ ਦੇਣ ਦੇ ਸਬੂਤ ਹਨ।

ਪੰਜਾਬੀਆਂ ਦੀ ਆਪਣੀ ਹੀ ਪਹਿਚਾਣ ਹੈ। ਕੋਈ ਪੰਜਾਬੀ ਦੇਸ਼ ਦੇ ਕਿਸੇ ਹਿੱਸੇ ਵਿਚ ਘੁੰਮ ਰਿਹਾ ਹੋਵੇ, ਹੋਟਲ ਵਿਚ ਰੋਟੀ ਖਾ ਰਿਹਾ ਹੋਵੇ, ਰੇਲ ਜਾਂ ਬੱਸ ਵਿਚ ਸਫਰ ਕਰ ਰਿਹਾ ਹੋਵੇ ਕੋਈ ਵੀ ਉਸ ਨੂੰ ਇਹ ਨਹੀਂ ਪੁੱਛੇਗਾ ਕਿ ਉਹ ਕੌਣ ਹੈ?

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਹਰ ਇਕ ਨੂੰ ਪੰਜਾਬੀ ਦੀ ਪਹਿਚਾਣ ਹੈ। ਪੰਜਾਬੀ ਪੁਣਾ ਉਨ੍ਹਾਂ ਵਿਚ ਝਲਕਾਂ ਮਾਰਦਾ ਹੈ। ਇਥੇ ਉਸ ਦਾ ਪਛਾਣ-ਚਿੰਨ੍ਹ ਉਸਦਾ ਧਰਮ ਨਹੀਂ ਸਗੋਂ ਪੰਜਾਬੀ ਪੁਣਾ ਹੈ। 1984 ਵਿਚ ਭਾਰਤ ਦੇ ਕਈ ਸ਼ਹਿਰਾਂ ਵਿਚ ਹੋਏ ਦੰਗਿਆਂ ਵਿਚ ਉਸ ਦੇ ਇਸ ਪਛਾਣ-ਚਿੰਨ੍ਹ ਨੇ ਉਸਦਾ ਬਹੁਤ ਮਾਲੀ ਅਤੇ ਜਾਨੀ ਨੁਕਸਾਨ ਕਰਵਾਇਆ ਹੈ। ਪਰ ਪੰਜਾਬੀਆਂ ਵਿਚ ਸਾਹਸ ਤੇ ਹੌਂਸਲਾ ਏਨਾ ਹੈ ਕਿ ਉਹ ਬਹੁਤ ਜਲਦੀ ਆਪਣੇ ਦੁਖਾਂ ਤੇ ਮੁਸੀਬਤਾਂ ਨੂੰ ਭੁੱਲ ਜਾਂਦਾ ਹੈ ਅਤੇ ਬੜੀ ਛੇਤੀ ਮੁੜ ਆਪਣੇ ਪੈਰਾਂ ਤੇ ਖੜਾ ਹੋ ਜਾਂਦਾ ਹੈ।

ਪੰਜਾਬ ਦੇ ਲੋਕ ਨਾਚ ਗਿੱਧਾ ਅਤੇ ਭੰਗੜਾ ਪੰਜਾਬ ਦੇ ਮੇਲੇ ਤੇ ਤਿਉਹਾਰ, ਲੋਕ ਗੀਤ ਆਦਿ ਪੰਜਾਬੀਆਂ ਦੇ ਸਭਿਆਚਾਰ ਦੇ ਵਿਲੱਖਣ ਗੁਣਾਂ ਦੀ ਪ੍ਰਤੀਨਿਧਤਾ ਕਰਦੇ ਹਨ। ਹਰ ਸਭਿਆਚਾਰ ਵਿਚ ਕੁਝ ਨਿੱਖੜਵੇਂ ਲੱਛਣ ਹੁੰਦੇ ਹਨ। ਅਜੇਹੀਆਂ ਵਿਲੱਖਤਾਵਾਂ ਦੀ ਪੰਜਾਬੀ ਸਭਿਆਚਾਰ ਵਿਚ ਵੀ ਆਪਣੀ ਨਵੇਕਲੀ ਮਹੱਤਾ ਹੈ।

(ਹ) ਪਰਿਵਾਰ, ਵਿਆਹ ਤੇ ਰਿਸ਼ਤੇ ਨਾਤੇ

ਪਰਿਵਾਰ

ਪਰਿਵਾਰ ਸਮਾਜਕ ਸੰਰਚਨਾ ਦੀ ਮੁੱਢਲੀ ਇਕਾਈ ਹੈ। ਪਰਿਵਾਰ ਦੋ ਤਰ੍ਹਾਂ ਦੇ ਹੁੰਦੇ ਹਨ, ਇਕਹਿਰੇ ਪਰਿਵਾਰ ਅਤੇ ਸੰਯੁਕਤ ਪਰਿਵਾਰ। ਇਕਹਿਰੇ ਪਰਿਵਾਰ ਵਿਚ ਮਾਤਾ ਪਿਤਾ ਅਤੇ ਬੱਚੇ ਸ਼ਾਮਲ ਹੁੰਦੇ ਹਨ। ਪੰਜਾਬੀ ਸਮਾਜ ਵਿਚ ਵਧੇਰੇ ਸੰਯੁਕਤ ਪਰਿਵਾਰਾਂ ਦੀ ਪ੍ਰਥਾ ਹੀ ਪ੍ਰਚਲਿਤ ਰਹੀ ਹੈ। ਇਸ ਪ੍ਰਥਾ ਦਾ ਆਰੰਭ ਵੈਦਿਕ ਕਾਲ ਸਮੇਂ ਹੋਇਆ। ਇਹ ਪਰਿਵਾਰ ਪਿਤਾ ਪੁਰਖੀ ਧਾਰਨਾ ਤੇ ਚਲਦਾ ਹੈ। ਇਸ ਵਿਚ ਘਰ ਦਾ ਸਭ ਤੋਂ ਸਿਆਣਾ ਵਿਅਕਤੀ ਪਰਿਵਾਰ ਦਾ ਮੁੱਖੀ ਹੁੰਦਾ ਹੈ ਜਿਸ ਨੂੰ ਲਾਣੇਦਾਰ ਵੀ ਆਖਿਆ ਜਾਂਦਾ ਹੈ। ਉਸ ਦੀ ਅਗਵਾਈ ਹੇਠ ਸਾਰਾ ਪਰਿਵਾਰ ਕੰਮ ਕਰਦਾ ਹੈ। ਇਹ ਸਾਂਝ ਤਿੰਨ ਪੀੜ੍ਹੀਆਂ ਤਕ ਵੀ ਚਲਦੀ ਰਹਿੰਦੀ ਹੈ। ਸੰਯੁਕਤ ਪਰਿਵਾਰ ਵਿਚ ਉਸ ਦੇ ਛੋਟੇ ਭਰਾ, ਭਤੀਜੇ, ਪੁੱਤਰ, ਭਰਜਾਈਆਂ, ਨੂੰਹਾਂ ਅਤੇ ਪੋਤਰੇ ਸਾਮਿਲ ਹੁੰਦੇ ਹਨ। ਸਾਰੇ ਪਰਿਵਾਰ ਲਈ ਇਕ ਥਾਂ ਰੋਟੀ ਪੱਕਦੀ ਹੈ। ਸਾਂਝੀ ਜਾਇਦਾਦ ਹੁੰਦੀ ਹੈ। ਪੰਜਾਬ ਵਿਚ ਜ਼ਮੀਨ ਦੀ ਟੁਕ ਟੁਕ ਵੰਡ ਨੂੰ ਰੋਕਣ ਲਈ ਸੰਯੁਕਤ ਪਰਿਵਾਰ ਵਧੇਰੇ ਲਾਭਕਾਰੀ ਸਿੱਧ ਹੋਏ ਹਨ। ਇਸੇ ਕਰਕੇ ਘਰ ਵਿਚ ਵੱਡੇ ਲੜਕੇ ਦਾ ਹੀ ਵਿਆਹ ਕੀਤਾ ਜਾਂਦਾ ਸੀ। ਬਾਕੀ ਛੜੇ ਹੀ ਰਹਿੰਦੇ ਸਨ। ਇਸ ਦਾ ਮੂਲ ਕਾਰਨ ਇਹ ਸੀ ਕਿ ਉਪਜੀਵਕਾ ਦੇ ਸਾਧਨਾਂ ਦੀ ਘਾਟ ਸੀ ਘਰ ਦਾ ਨਿਰਬਾਹ ਖੇਤੀ ਬਾੜੀ ਉਪਰ ਹੀ ਨਿਰਧਾਰਿਤ ਸੀ। ਜਿਉਂ ਜਿਉਂ ਉਪਜੀਵਕਾ ਦੇ ਸਾਧਨ ਵੱਧ ਰਹੇ ਹਨ ਤਿਉਂ ਤਿਉਂ ਸੰਯੁਕਤ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ ਹੋਂਦ ਵਿਚ ਆ ਰਹੇ ਹਨ।

ਨਵੇਂ ਕਿੱਤਿਆਂ ਦੀ ਭਾਲ ਤੇ ਨਵੀਂ ਵਿਦਿਅਕ ਪ੍ਰਣਾਲੀ ਦੇ ਪ੍ਰਭਾਵ ਨਾਲ ਵੀ ਸੰਯੁਕਤ ਪਰਿਵਾਰਾਂ ਦੀ ਥਾਂ ਇਕਹਿਰੇ ਪਰਿਵਾਰਾਂ ਦੀ ਰੁਚੀ ਪ੍ਰਬਲ ਹੋਈ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਆਰਥਿਕ ਮਜਬੂਰੀਆਂ ਨੇ ਵੀ ਸੰਯੁਕਤ ਪਰਿਵਾਰ ਦੇ ਪ੍ਰਬੰਧ ਨੂੰ ਢਾਹ ਲਾਈ। ਬਹੁ-ਪਤੀ ਤੇ ਬਹੁ-ਪਤਨੀ ਪਰਿਵਾਰ ਵੀ ਖ਼ਤਮ ਹੋਣੇ ਸ਼ੁਰੂ ਹੋ ਗਏ ਹਨ।

ਵਿਆਹ

ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ। ਪਰਿਵਾਰ ਦਾ ਮੁੱਖ ਕੰਮ ਸੰਤਾਨ ਪੈਦਾ ਕਰਨਾ ਹੈ। ਪਰਿਵਾਰ ਦੀ ਨਿਰੰਤਰ ਹੋਂਦ ਤਾਂ ਹੀ ਕਾਇਮ ਰਹਿ ਸਕਦੀ ਹੈ। ਇਸ ਲਈ ਪਰਿਵਾਰਕ ਵਾਧੇ ਲਈ ਵਿਆਹ ਬਹੁਤ ਜ਼ਰੂਰੀ ਹੈ। ਪੰਜਾਬ ਵਿਚ ਵਿਆਹ ਦੀਆਂ ਬਹੁਤ ਵੰਨਗੀਆਂ ਮਿਲਦੀਆਂ ਹਨ। ਇਨ੍ਹਾਂ ਪਰਿਵਾਰਕ ਵੰਨਗੀਆਂ ਤੋਂ ਇਹ ਸਾਬਤ ਹੁੰਦਾ ਹੈ ਕਿ ਪੰਜਾਬੀ ਸਭਿਆਚਾਰ ਦੀ ਪਰੰਪਰਾ ਗੁਆਂਢੀ ਸਭਿਆਚਾਰ ਤੋਂ ਵੱਖਰੀ ਹੈ।

1. ਪੁੰਨ ਦਾ ਵਿਆਹ

ਇੱਜ਼ਤਦਾਰ ਘਰਾਣੇ ਪੁੰਨ ਦਾ ਵਿਆਹ ਹੀ ਕਰਵਾਉਂਦੇ ਹਨ। ਇਸ ਵਿਚ ਕੰਨਿਆਦਾਨ ਦਿੱਤਾ ਜਾਂਦਾ ਹੈ। ਪਿਤਾ ਆਪਣੀ ਲੜਕੀ ਨੂੰ ਦੂਹਲੇ ਦੇ ਹੱਥ ਫੜਾ ਦਿੰਦਾ ਹੈ। ਵਿਆਹ ਵੇਲੇ ਗੋਤਾਂ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ। ਸਮਾਨ ਗੋਤਾਂ ਵ਼ਿਚ ਵਿਆਹ ਨਹੀਂ ਹੁੰਦੇ ਹਨ। ਇਸ ਬਾਰੇ ਭਿੰਨ ਭਿੰਨ ਜਾਤੀਆਂ ਵਿਚ ਵੱਖੋ ਵੱਖਰੇ ਢੰਗ ਹਨ। ਪੰਜਾਬ ਦੇ ਜੱਟ ਕਬੀਲੇ ਵਿਚ ਮਾਤਾ ਤੇ ਪਿਤਾ ਦੀ ਗੋਤ ਨੂੰ ਹੀ ਛੱਡਿਆ ਜਾਂਦਾ ਹੈ। ਕਈ ਜਾਤੀਆਂ ਵਿਚ ਚਾਰ ਗੋਤ ਛੱਡੇ ਜਾਂਦੇ ਹਨ। ਮਾਤਾ ਪਿਤਾ ਅਤੇ ਨਾਨਾ ਨਾਨੀ, ਦਾਦਾ ਦਾਦੀ ਆਦਿ ਦੇ ਗੋਤ ਸਾਂਝੇ ਹੋਣੇ ਚਾਹੀਦੇ ਹਨ। ਰਿਸ਼ਤੇ ਪਿੰਡੋਂ ਬਾਹਰ ਹੁੰਦੇ ਹਨ। ਪੁੰਨ ਦੇ ਵਿਆਹ ਨੂੰ ਸਭ ਤੋਂ ਉੱਤਮ ਵਿਆਹ ਦੀ ਵੰਨਗੀ ਮੰਨਿਆ ਗਿਆ ਹੈ।

2. ਵੱਟੇ ਦਾ ਵਿਆਹ

ਪੰਜਾਬ ਵਿਚ ਵੱਟੇ ਦਾ ਵਿਆਹ ਕੁੜੀਆਂ ਦੀ ਘਾਟ ਕਾਰਨ ਪ੍ਰਚਲਿਤ ਹੋਇਆ। ਇਹ ਵਿਆਹ ਉਹ ਲੋਕੀਂ ਕਰਦੇ ਹਨ ਜਿਨ੍ਹਾਂ ਦੀ ਆਰਥਿਕ ਹਾਲ ਭੈੜੀ ਹੁੰਦੀ ਹੈ। ਚੰਗੀ ਆਰਥਿਕ ਹਾਲਤ ਨਾ ਹੋਣ ਕਾਰਨ ਪੁੰਨ ਦਾ ਵਿਆਹ ਹੋ ਨਹੀਂ ਸਕਦਾ ਅਤੇ ਨਾ ਹੀ ਮੁੱਲ ਦਾ ਵਿਆਹ ਹੋ ਸਕਦਾ ਹੈ। ਪਰਿਵਾਰ ਦੀ ਹੋਂਦ ਕਾਇਮਮ ਰੱਖਣ ਲਈ ਵਿਆਹ ਜ਼ਰੂਰੀ ਹੈ। ਇਸ ਲਈ ਅਜੇਹੇ ਲੋਕੀਂ ਵੱਟੇ ਦਾ ਵਿਆਹ ਕਰਦੇ ਹਨ। ਆਪਣੀ ਧੀ ਕਿਸੇ ਦੇ ਮੁੰਡੇ ਨੂੰ ਵਿਆਹ ਦਿੱਤੀ ਅਤੇ ਉਸ ਦੀ ਧੀ ਆਪਣੇ ਮੁੰਡੇ ਨੂੰ ਵਿਆਹ ਦਿੱਤੀ। ਇਸ ਨੂੰ ਸਿੱਧਾ ਵੱਟਾ ਆਖਦੇ ਹਨ। ਕਈ ਵਾਰ ਵੱਟਾ ਅਸਿੱਧੇ ਢੰਗ ਨਾਲ ਕੀਤਾ ਜਾਂਦਾ ਹੈ। 'ੳ' 'ਅ' ਦੇ ਮੁੰਡੇ ਨੂੰ ਆਪਣੀ ਧੀ ਦਿੰਦਾ ਹੈ। 'ਅ' 'ੲ' ਦੇ ਨੂੰ ਤੇ 'ੲ' ਮੁੜ 'ੳ' ਦੇ ਮੁੰਡੇ ਨੂੰ। 'ੳ' ਦੀ ਧੀ ਤੇ ਪੁੱਤਰ ਦੋਵੇਂ ਵਿਆਹੇ ਜਾਂਦੇ ਹਨ। ਵਿਆਹ ਮੁਕਲਾਵੇ ਉਤੇ ਥੋੜਾ ਖਰਚ ਕੀਤਾ ਜਾਂਦਾਂ ਹੈ। ਜੇ ਖਰਚਾ ਵੀ ਨਾ ਕਰਨਾ ਹੋਵੇ ਤਾਂ ਬਿਨਾਂ ਖਰਚ ਵੀ ਸਾਰ ਲਿਆ ਜਾਂਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

3. ਟੱਕੇ ਜਾਂ ਮੁੱਲ ਦਾ ਵਿਆਹ

ਟੱਕੇ ਜਾਂ ਮੁੱਲ ਦੇ ਵਿਆਹ ਵਿਚ ਮੁੰਡੇ ਦਾ ਬਾਪ ਕੁੜੀ ਦਾ ਸੌਦਾ ਕਰ ਆਉਂਦਾ ਹੈ। ਇਹ ਸੌਦਾ ਕਿਸੇ ਨਾਈ ਜਾਂ ਵਿਚੋਲੇ ਰਾਹੀਂ ਹੁੰਦਾ ਹੈ। ਜੇ ਮੁੰਡੇ ਵਾਲੇ ਪੈਸੇ ਦੇ ਕੇ ਵੀ ਪੁੰਨ ਵਾਂਙ ਹੀ ਜਨੇਤ ਲਿਆ ਕੇ ਵਿਆਹ ਕਰਨਾ ਚਾਹੁੰਦੇ ਹੋਣ ਤਾਂ ਖਰਚਾ ਮੁੰਡੇ ਵਾਲੇ ਦੇਂਦੇ ਹਨ ਜਾਂ ਫਿਰ ਕੁੜੀ ਦਾ ਮੁੱਲ ਵਧੇਰੇ ਕਰ ਲਿਆ ਜਾਂਦਾ ਹੈ ਜਿਸ ਵਿਚ ਖਰਚਾ ਵੀ ਸ਼ਾਮਲ ਹੁੰਦਾ ਹੈ। ਮੁੱਲ ਦਾ ਵਿਆਹ ਬ੍ਰਾਹਮਣ ਤੇ ਖੱਤਰੀਆਂ ਤੋਂ ਇਲਾਰਾ ਪੰਜਾਬ ਦੀਆਂ ਬਾਕੀ ਸਾਰੀਆਂ ਜਾਤੀਆਂ ਵਿਚ ਪ੍ਰਚਲਿਤ ਹੈ। ਰਾਜਪੂਤ ਕੁੜੀ ਨੂੰ ਪਾਲਦੇ ਇਸ ਵਾਸਤੇ ਹਨ। ਰਾਜਪੂਤ ਤਾਂ ਜਿੰਨੇ ਸਾਲ ਦੀ ਕੁੜੀ ਹੋਵੇ ਉਨੇ ਸੌ ਰੁਪਏ ਮੁੱਲ ਪਾਉਂਦੇ ਹਨ। ਜੱਟਾਂ ਵਿਚ ਆਦਮੀਆਂ ਦੇ ਮੁਕਾਬਲੇ ਇਸਤਰੀਆਂ ਘਟ ਹੋਣ ਕਰਕੇ ਅਤੇ ਆਮਦਨੀ ਵਧੇਰੇ ਹੋਣ ਕਰਕੇ ਪੰਜ ਪੰਜ ਹਜ਼ਾਰ ਵੀ ਮੁੱਲ ਪੈਂਦਾ ਹੈ। ਅੰਗਹੀਣ ਮੁੰਡੇ ਨੂੰ ਇਸ ਤੋਂ ਵੀ ਜ਼ਿਆਦਾ ਪੈਸੇ ਦੇਣੇ ਪੈਂਦੇ ਹਨ। ਇਹ ਮੁੱਲ ਗੁਪਤ ਰੂਪ ਵਿਚ ਹੀ ਚਲਦਾ ਹੈ। ਵਿਆਹ ਮੁਕਲਾਵਾ ਪੁੰਨ ਦੇ ਵਿਆਹ ਦੀ ਤਰ੍ਹਾਂ ਹੀ ਹੁੰਦਾਹੈ। ਪਰ ਹੁਣ ਵੱਟੇ ਟੱਕੇ ਵਿਆਹ ਦਾ ਰਿਵਾਜ਼ ਘਟ ਗਿਆ ਹੈ। ਹੁਣ ਦੇ ਸਮੇਂ ਤਾਂ ਉਲਟਾ ਮੁੰਡੇ ਦਾ ਮੁੱਲ (ਦਾਜ ਦੇ ਰੂਪ ਵਿਚ) ਲਿਆ ਜਾਂਦਾ ਹੈ। ਬਾਣੀਏ ਲੋਕ ਤਾਂ ਮੁੰਡੇ ਦੀ ਪੜ੍ਹਾਈ ਲਿਖਾਈ ਦਾ ਖਰਚਾ ਵੀ ਕੁੜੀ ਵਾਲਿਆਂ ਪਾਸੋਂ ਲੈਂਦੇ ਹਨ।

4. ਕਰੇਵਾ

ਵਿਆਹ ਦੀ ਇਹ ਪ੍ਰਥਾ ਪੰਜਾਬ ਦੇ ਜੱਟਾਂ ਤੇ ਹਰਿਆਣੇ ਦੇ ਜਾਟਾਂ ਵਿਚ ਬਹੁਤ ਜ਼ਿਆਦਾ ਹੈ। ਇਸ ਵਿਚ ਔਰਤ ਅਤੇ ਮਰਦ ਦਾ ਬਕਾਇਦਾ ਵਿਆਹ ਨਹੀਂ ਹੁੰਦਾ ਹੈ। ਇਸ ਵਿਚ ਔਰਤ ਪੈਸੇ ਦੇ ਕੇ ਲਿਆਂਦੀ ਹੁੰਦੀ ਹੈ। ਕੋਈ ਜ਼ਰੂਰਤਮੰਦ ਔਰਤ ਆਪੇ ਆਦਮੀ ਨਾਲ ਸੰਬੰਧ ਕਾਇਮ ਕਰ ਲੈਂਦੀ ਹੈ। ਜਿਸ ਘਰ ਵਿਚ ਕੋਈ ਪੁੰਨ ਦਾ ਸਾਕ ਨਾ ਜੁੜੇ, ਵੱਡੀ ਉਮਰ ਹੋ ਜਾਣ ਕਾਰਨ ਸਾਕ ਨਾ ਹੁੰਦਾ ਹੋਵੇ ਜਾਂ ਪਹਿਲੀ ਔਰਤ ਮਰ ਗਈ ਹੋਵੇ ਤਾਂ ਅਜੇਹੇ ਲੋਕੀਂ ਅਜੇਹੇ ਵਿਆਹ ਕਰਵਾਉਂਦੇ ਹਨ। ਬ੍ਰਾਹਮਣਾਂ ਖੱਤਰੀਆਂ ਵਿਚ ਇਸ ਤਰ੍ਹਾਂ ਦੇ ਵਿਆਹ ਦੀ ਕੋਈ ਪ੍ਰਥਾ ਨਹੀਂ ਹੈ। ਕਰੇਵਾ ਕਰਨਾ ਜੱਟਾਂ ਅਤੇ ਰਾਜਪੂਤਾਂ ਦੀ ਖ਼ਾਸੀਅਤ ਹੈ।

5. ਚਾਦਰ ਪਾਉਣੀ

ਇਸ ਤਰ੍ਹਾਂ ਦਾ ਵਿਆਹ ਵੀ ਜੱਟਾਂ ਅਤੇ ਰਾਜਪੂਤਾਂ ਵਿਚ ਪ੍ਰਚਲਿਤ ਹੈ। ਇਸ ਵਿਆਹ ਦਾ ਮੁੱਖ ਉਦੇਸ਼ ਵਿਧਵਾ ਨੂੰ ਢੋਈ ਦੇਣੀ ਹੈ। ਜਦੋਂ ਕਿਸੇ ਜੁਆਨ ਔਰਤ ਦਾ ਪਤੀ ਮਰ ਗਿਆ ਹੋਵੇ ਤਾਂ ਉਸ ਨੂੰ ਆਮ ਤੌਰ ਤੇ ਪਤੀ ਦੇ ਛੋਟੇ ਭਰਾ ਦੇ ਘਰ ਬਿਠਾਇਆ ਜਾਂਦਾ ਹੈ। ਇਸ ਵਿਆਹ ਦੀ ਰਸਮ ਇਸ ਤਰ੍ਹਾਂ ਹੈ ਕਿ ਘਰ ਵਿਚ ਭਾਈਚਾਰਾਂ ਜਾਂ ਪੰਚਾਇਤ ਸੱਦ ਕੇ ਸੰਬੰਧਿਤ ਵਿਅਕਤੀ ਆਪਣੀ ਚ਼ਾਦਰ ਵਿਧਵਾ ਦੇ ਸਿਰ ਉਤੇ ਪਾ ਦਿੰਦਾ ਹੈ ਤੇ ਉਸ ਦੀ ਬਾਂਹ ਨੂੰ ਚੂੜੀ ਚੜ੍ਹਾ ਦਿੰਦਾ ਹੈ। ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਮੇਂ ਪੰਡਤ ਜਾਂ ਭਾਈ ਪਾਠ ਅਰਦਾਸ ਕਰਦੇ ਹਨ। ਇਸ ਪਿਛੋਂ ਪਤੀ ਚਾਦਰ ਲਾਹ ਦਿੰਦਾ ਹੈ, ਵਿਆਹ ਸੰਪੂਰਨ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਵਿਆਹ ਤੇ ਕੋਈ ਖਰਚਾ ਨਹੀਂ ਹੁੰਦਾ ਹੈ। ਵਿਧਵਾ ਤੋਂ ਬਿਨ੍ਹਾਂ ਵੀ ਪੰਜਾਬ ਦੇ ਜੱਟ ਕਿਸੇ ਹੋਰ ਜਾਤੀ ਦੀ ਇਸਤਰੀ ਨੂੰ ਵੀ ਆਪਣੇ ਘਰ ਵਸਾ ਲੈਂਦੇ ਹਨ। ਇਸ ਨੂੰ ਵੀ ਠੀਕ ਸਮਝਿਆ ਜਾਂਦਾ ਹੈ ਅਤੇ ਅਜੇਹੇ ਵਿਆਹ ਤੋਂ ਉਤਪੰਨ ਹੋਏ ਬੱਚੇ ਜਾਇਜ਼ ਸਮਝੇ ਜਾਂਦੇ ਹਨ ਤੇ ਉਹ ਜਾਇਦਾਦ ਦੇ ਮਾਲਕ ਬਣਦੇ ਹਨ।

ਉਪਰੋਕਤ ਵਿਆਹਾਂ ਤੋਂ ਬਿਨਾਂ ਹੁਣ ਨਵੇਂ ਪੱਛਮੀ ਸਭਿਆਚਾਰ ਦੇ ਅਸਰ ਨਾਲ ਪ੍ਰੇਮ ਵਿਆਹ ਹੋਣੇ ਪ੍ਰਚਲਿਤ ਹੋ ਗਏ ਹਨ। ਇਹ ਜਾਤੀ ਅਤੇ ਅੰਤਰਜਾਤੀ ਵੀ ਹੁੰਦੇ ਹਨ। ਕੋਰਟ ਮੈਰਿਜ ਵੀ ਪ੍ਰਚਲਿਤ ਹੋ ਰਹੀ ਹੈ। ਅਖਬਾਰਾਂ ਵਿਚ ਇਸ਼ਤਿਹਾਰ ਦੇ ਕੇ ਵੀ ਵਿਆਹ ਤ੍ਰਹਿ ਕਰ ਲਏ ਜਾਣ ਲਗ ਪਏ ਹਨ। ਅਜੋਕੇ ਵਿਆਹਾਂ ਵਿਚ ਨਾਈ ਦਾ ਮਹੱਤਵ ਘੱਟ ਗਿਆ ਹੈ ਅਤੇ ਉਸ ਦੀ ਥਾਂ ਕਈ ਸਾਕ ਸੰਬੰਧੀ ਵਿਚੋਲਾ ਬਣਦਾ ਹੈ। ਜਿਉਂ ਜਿਉਂ ਲੋਕਾਂ ਦੀ ਆਰਥਿਕ ਸਥਿਤੀ ਠੀਕ ਹੋ ਰਹੀ ਹੈ ਤਿਵੇਂ ਤਿਵੇਂ ਵਿਆਹ ਦੀਆਂ ਪ੍ਰਚਲਿਤ ਵੰਨਗੀਆਂ ਵਿਚੰ ਅੰਤਰ ਆ ਰਿਹਾ ਹੈ।

ਰਿਸ਼ਤੇ ਨਾਤੇ

ਮੂਲ ਪਰਿਵਾਰ ਵਿਚ ਅੱਠ ਕਿਸਮ ਦੇ ਰਿਸ਼ਤੇ ਮਿਲਦੇ ਹਨ ਜਿਵੇਂ ਪਤੀ, ਪਤੀ-ਪਤਨੀ, ਪਿਉ-ਪੁੱਤਰ, ਪਿਉ-ਧੀ, ਮਾਂ-ਪੁੱਤਰ, ਮਾਂ-ਧੀ, ਭਰਾ-ਭਰਾ ਅਤੇ ਭੈਣ-ਭਰਾ, ਦਾ ਰਿਸ਼ਤਾ ਮੂਲ ਹੈ। ਬਾਕੀ ਰਿਸ਼ਤੇ ਨਾਤੇ ਇਨ੍ਹਾਂ ਦੇ ਆਧਾਰ ਤੇ ਹੀ ਉਪਜਦੇ ਹਨ। ਚਾਚੇ ਤਾਏ ਦੀ ਸੰਤਾਨ ਪੁੱਤਰ ਧੀਆਂ ਨੂੰ ਵੀ ਮੂਲ ਰਿਸ਼ਤੇ ਵਜੋਂ ਸਮਝਿਆ ਜਾਂਦਾ ਹੈ। ਪਿੰਡ ਜਾਂ ਬਾਹਰ ਦੇ ਕਿਸੇ ਅਣਪਛਾਤੇ ਵਿਅਕਤੀ ਨੂੰ ਵੀ ਮੂਲ ਰਿਸ਼ਤੇ ਦੇ ਅਨੁਕੂਲ ਸਮਝਿਆ ਜਾਂਦਾ ਹੈ।

ਰਿਸ਼ਤੇ ਦੀਆਂ ਦੋ ਪ੍ਰਮੁੱਖ ਕਿਸਮਾਂ ਮਿਲਦੀਆਂ ਹਨ। ਪਹਿਲੀ ਸ਼੍ਰੇਣੀ ਖ਼ੂਨ ਦੇ ਰਿਸ਼ਤੇ ਦੀ ਹੁੰਦੀ ਹੈ। ਖ਼ੂਨ ਦੇ ਰਿਸ਼ਤੇ ਰੱਬੀ ਦਾਤ ਵਜੋਂ ਮਿਲਦੇ ਹਨ ਤੇ ਸਹਿਜ ਭਾ ਹੀ ਜੀਵਨ ਦਾ ਅੰਗ ਬਣਦੇ ਹਨ। ਇਸ ਸ਼੍ਰੇਣੀ ਦੇ ਰਿਸ਼ਤੇ ਨਾਲ ਉਸ ਦੇ ਜਨਮ ਕਰ ਕੇ ਸੰਬੰਧ ਹੁੰਦੇ ਹਨ। ਦੂਜੀ ਕਿਸਮ ਮਨੁੱਖ ਦੇ ਆਪ ਸਿਰਜੇ ਰਿਸ਼ਤੇ ਦੀ ਹੁੰਦੀ ਹੈ। ਆਪਸੀ ਮੇਲ ਮਿਲਾਪ ਕਰ ਕੇ। ਵਣਜਾਰਾ ਬੇਦੀ ਦੇ ਵਿਚਾਰ ਅਨੁਸਾਰ, "ਦੋਵੇਂ ਉਸ ਦੇ ਜੀਵਨ ਦੀਆਂ ਦੋ ਚੂਲਾਂ ਹਨ। ਜੀਵਨ ਦੀ ਫੁੱਲਕਾਰੀ ਵਿਚ ਸਭ ਤੋਂ ਪੀਡੀ ਤੰਦ ਲਹੂ ਮਾਸ ਦੀ ਹੁੰਦੀ ਹੈ, ਜੋ ਫਿੱਕੀ ਭਾਵੇਂ ਪੈ ਜਾਵੇ, ਪਰ ਜਿਉਂਦੇ-ਜੀਅ ਗੱਲ ਟੁੱਟਦੀ ਨਹੀਂ। ਪੰਜਾਬੀ ਸਾਕ ਸੰਬੰਧੀਆਂ ਨਾਲ ਭਾਵਕ ਤੌਰ ਉਤੇ ਕੁਝ ਵਧੇਰੇ ਹੀ ਬੱਝੇ ਹੁੰਦੇ ਹਨ ਅਤੇ ਰਿਸ਼ਤੇ ਦੀ ਨਿੱਘ ਤੇ ਮਿਠਾਸ ਨੂੰ, ਹੋਰਨਾਂ ਜਾਤੀਆਂ ਨਾਲੋਂ ਕੁਝ ਵਧੇਰੇ ਹੰਢਾਂਦੇ ਹਨ।"[24] ਇਹੀ ਲੇਖਕ ਰਿਸ਼ਤੇਦਾਰੀ ਦੀ ਮਹਾਨਤਾ ਦੱਸਦੇ ਅੱਗੇ ਲਿਖਦੇ ਹਨ ਕਿ ਰਿਸ਼ਤੇਦਾਰੀਆਂ ਦੀ ਭਰਪੂਰ ਫੁੱਲਵਾੜੀ ਵਿਚ ਹਰ ਤੰਦ ਦਾ ਆਪਣਾ ਨਿਵੇਕਲਾ ਸੁਹਜ ਹੋਣ ਕਰਕੇ ਉਸਦਾ ਖਾਸ ਮਹੱਤਵ ਹੈ।[25] ਹਰ ਸਾਕ ਸੰਬੰਧੀ ਰਿਸ਼ਤੇਦਾਰੀ ਅਨੁਸਾਰ ਹਰ ਦੁੱਖ ਸੁੱਖ ਵਿਚ ਭਾਈਵਾਲ ਬਣਦਾ ਹੈ। ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਆਪਣੇ ਕਰਤੱਵ ਤੇ ਜ਼ਿੰਮੇਂਵਾਰੀਆਂ ਪੂਰੀ ਵਫਾਦਾਰੀ ਨਾਲ ਨਿਭਾਉਂਦਾ ਹੈ ਜਿਸ ਕਾਰਨ ਰਿਸ਼ਤੇਦਾਰੀ ਦੀਆਂ ਗੰਢਾਂ ਆਪਸ ਵਿਚ ਬੜੀਆਂ ਪੱਕੀਆਂ ਅਤੇ ਪੀਡੀਆਂ ਹੁੰਦੀਆਂ ਹਨ। ਰਿਸ਼ਤੇਦਾਰੀ ਦੇ ਦੋ ਮੁੱਖ ਆਧਾਰ ਹਨ:

1. ਨਾਨਕੇ 2. ਦਾਦਕੇ

ਨਾਨਕਿਆਂ ਅਤੇ ਦਾਦਕਿਆਂ ਦੀ ਮਹਾਨਤਾ ਦੱਸਦੇ ਵਣਜਾਰਾ ਬੇਦੀ ਲਿਖਦੇ ਹਨ, "ਇਹ ਦੋ ਅਜਿਹੀਆਂ ਫੁੱਲਵਾੜੀਆਂ ਹਨ ਜਿਨ੍ਹਾਂ ਦਾ ਆਪੋ ਆਪਣਾ ਰਸ ਤੇ ਸਵਾਦ ਹੈ, ਇਕ ਦੇ ਫੁੱਲ ਤੇ ਮਹਿਕ ਦੂਜੀ ਵਿਚ ਨਹੀਂ ਮਿਲਦੀ। ਇਕ ਫੁੱਲਵਾੜੀ ਦਾ ਰਸ ਪੀ ਪੀ ਕੇ ਜਦੋਂ ਬੱਚਾ ਰੱਜ ਜਾਂਦਾ ਹੈ ਤਾਂ ਦੂਜੀ ਲਈ ਸਹਿਕਦਾ ਹੈ।"[26] ਇਨ੍ਹਾਂ ਦੋਹਾਂ ਦੇ ਹੱਕ ਤੇ ਫ਼ਰਜ਼ ਵੱਖੋ ਵੱਖਰੇ ਹੁੰਦੇ ਹਨ।

ਨਾਨਕੇ ਦਾ ਰਿਸ਼ਤਾ ਮਾਂ ਦੇ ਪਰਿਵਾਰ ਨਾਲ ਸੰਬੰਧ ਰੱਖਦਾ ਹੈ ਜਿਸ ਵ੍ਰਿਚ ਮਾਂ ਦਾ ਪਿਉ ਨਾਨਾ, ਮਾਂ ਦੀ ਮਾਂ ਨਾਨੀ, ਮਾਂ ਦੀ ਭੈਣ ਮਾਸੀ, ਮਾਂ ਦਾ ਭਰਾ ਮਾਮਾ ਆਦਿ ਰਿਸ਼ਤੇ ਨਾਨਕੇ ਘਰ ਨਾਲ ਸੰਬੰਧਿਤ ਹੁੰਦੇ ਹਨ। ਮਾਸੀ ਮਾਂ ਦਾ ਰੂਪ ਹੀ ਸਮਝੀ ਜਾਂਦੀ ਹੈ। ਮਾਸੀ ਦਾ ਰਿਸ਼ਤਾ ਭੂਆ ਤੇ ਚਾਚੀ ਦੇ ਰਿਸ਼ਤੇ ਨਾਲੋਂ ਵਧੇਰੇ ਨਿੱਘਾ ਤੇ ਹਲਾਸ ਭਰਿਆ ਹੁੰਦਾ ਹੈ। ਇਸ ਰਿਸ਼ਤੇ ਨਾਲ ਸੰਬੰਧਿਤ ਅਖਾਣ ਵੇਖੋ, "ਮਾਂ ਨਾ ਸੂਈ ਮਾਸੀ ਸੂਈ।"

100066

ਸਮਾਜਕ ਤੇ ਸਭਿਆਚਾਰਕ ਖੇਤਰ ਵਿਚ ਨਾਨਕਿਆਂ ਦੀ ਥਾਂ ਦਾਦਕਿਆਂ ਨਾਲੋਂ ਵੱਖ ਹੀ ਹੈ, ਫ਼ਰਜ਼ ਤੇ ਅਧਿਕਾਰ ਵੀ ਵੱਖਰੇ ਹਨ। ਵਿਆਹ ਸਮੇਂ ਨਾਨਕੇ ਧੀ ਲਈ ਦਾਜ, ਛੂਛਕ ਅਤੇ ਬੱਚਿਆਂ ਦੀ ਸ਼ੱਕ ਭਰਦੇ ਹਨ। ਕੰਨਿਆਦਾਨ ਕਰਦੇ ਹਨ। ਵਿਆਂਦੜ ਕੁੜੀ ਲਈ ਨਾਨਕੇ ਅਨੇਕਾਂ ਗਹਿਣੇ ਦੇਂਦੇ ਹਨ। ਰੰਗਲਾ ਚੂੜਾ, ਨੱਥ, ਮੁਰਕੀਆਂ ਆਦਿ ਨਾਨਕਿਆਂ ਵਲੋਂ ਗਹਿਣੇ ਦਿੱਤੇ ਜਾਂਦੇ ਹਨ। ਕਈ ਵਾਰੀ ਨਾਨਕੇ ਪੂਰਾ ਵਿਆਹ ਵੀ ਕਰ ਦਿੰਦੇ ਹਨ। ਜਵਾਈ ਅਤੇ ਦੋਹਤੇ ਨੂੰ ਸ਼ਗਨ ਅਤੇ ਕੁੜਮਾਂ ਦੀ ਮਿਲਣੀ ਦਾ ਭਾਰ ਵੀ ਨਾਨਕਿਆਂ ਉਪਰ ਹੀ ਪੈਂਦਾ ਹੈ। ਨਾਨਕੇ ਹਰ ਵਿਹਾਰ ਸਮੇਂ ਧੀ ਨੂੰ ਕੁਝ ਦੇਂਦੇ ਹਨ ਤੇ ਦਾਦਕੇ ਹਰ ਵਿਹਾਰ ਸਮੇਂ ਲੈਣ ਵਾਲੀ ਧਿਰ ਹੁੰਦੀ ਹੈ। ਨਾਨੀ ਵਾਸਤੇ ਦੋਹਤਾ, ਪੋਤਰੇ ਨਾਲੋਂ ਵਧੇਰੇ ਪਿਆਰਾ ਹੁੰਦਾ ਹੈ। ਨਾਨਕਿਆਂ ਦੇ ਪਿਆਰ ਵਿਚ ਮਾਂ ਦੀ ਆਂਦਰ ਦਾ ਨਿੱਘ ਹੁੰਦਾ ਹੈ। ਬੱਚੇ ਦੇ ਮਨ ਵਿਚ ਹਮੇਸ਼ਾਂ ਨਾਨਕੇ ਜਾਣ ਦੀ ਤਾਂਘ ਹੁੰਦੀ ਹੈ:

ਨਾਨਕੇ ਘਰ ਜਾਵਾਂਗੇ, ਲੱਡੂ ਪੇੜੇ ਖਾਵਾਂਗੇ, ਮੋਟੇ ਹੋ ਕੇ ਆਵਾਂਗੇ।

ਦੁਖ ਤਕਲੀਫ ਸਮੇਂ ਨਾਨਕਿਆਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਦੀ ਗਵਾਹੀ ਸਾਡੇ ਅਖਾਣ ਮੁਹਾਵਰੇ ਦਿੰਦੇ ਹਨ, 'ਨਾਨੀ ਚੇਤੇ ਆਉਣੀ,' 'ਨਾਨਕੇ ਯਾਦ ਆਉਣੇ।'

ਮਾਂ ਦਾ ਭਰਾ ਚਾਹੇ ਵੱਡਾ ਹੋਵੇ ਜਾਂ ਛੋਟਾ ਉਸ ਨੂੰ ਮਾਮਾ ਆਖਿਆ ਜਾਂਦਾ ਹੈ। ਜਦੋਂ ਕਿ ਪਿਤਾ ਦਾ ਵੱਡਾ ਭਰਾ ਤਾਇਆ ਅਤੇ ਛੋਟਾ ਚਾਚਾ ਹੁੰਦਾ ਹੈ। ਵੱਖ ਵੱਖ ਰਸਮਾਂ ਵੇਲੇ ਨਾਨਕੇ ਜੇਕਰ ਖਰਚ ਵਧੇਰੇ ਕਰਦੇ ਹਨ ਤਾਂ ਵਿਆਹ ਸਮੇਂ ਵਧੇਰੇ ਪੁੱਛ ਗਿੱਛ ਵੀ ਨਾਨਕੇ ਘਰ ਦੀ ਹੁੰਦੀ ਹੈ। ਹਰ ਕੰਮ ਉਨ੍ਹਾਂ ਦੀ ਪੁੱਛ ਤੋਂ ਬਿਨਾਂ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਹੀਂ ਕੀਤਾ ਜਾ ਸਕਦਾ ਹੈ। ਗੱਧੇ ਵਿਚ ਸਭ ਤੋਂ ਵਧੇਰੇ ਭਾਗ ਨਾਨਕਾ ਮੇਲ ਹੀ ਲੈਂਦਾ ਹੈ। ਨਾਨਕੇ ਘਰ ਨੂੰ ਇਤਨੀ ਮਹਾਨਤਾ ਪੰਜਾਬੀ ਸਮਾਜ ਵਿਚ ਹੀ ਮਿਲਦੀ ਹੈ।

ਜੇਕਰ ਨਾਨਕਿਆਂ ਦੀ ਇਤਨੀ ਮਹਾਨਤਾ ਹੈ ਤਾਂ ਦਾਦਕਿਆਂ ਦੀ ਵੀ ਘਟ ਨਹੀਂ ਹੈ। ਬੱਚੇ ਦਾ ਪਾਲਣ ਪੋਸਣ ਦਾਦਕੇ ਘਰ ਵਿਚ ਹੀ ਹੁੰਦਾ ਹੈ। ਬੱਚਾ ਪਿਤਾ ਪੁਰਖੀ ਰਸਮ ਰਿਵਾਜ ਦਾਦਕੇ ਘਰ ਵਿਚ ਹੀ ਸਿੱਖਦਾ ਹੈ। ਦਾਦਕੇ ਘਰ ਵਿਚ ਉਸ ਦੀਆਂ ਜੀਵਨ ਤੰਦਾਂ ਵਧੇਰੇ ਡੂੰਘੀਆਂ ਅਤੇ ਵਧੇਰੇ ਫੈਲੀਆਂ ਹੁੰਦੀਆਂ ਹਨ। ਬਰਾਦਰੀ ਜਾਂ ਭਾਈਚਾਰਕ ਸਾਂਝ ਦਾਦਕੇ ਪਿੰਡ ਹੁੰਦੀ ਹੈ। ਜੇਕਰ ਕਿਸੇ ਵਿਅਕਤੀ ਨੂੰ ਬਰਾਦਰੀ ਵਿਚੋਂ ਛੇਕ ਦਿੱਤਾ ਜਾਵੇ ਤਾਂ ਉਸ ਲਈ ਇਹ ਸਭ ਤੋਂ ਵਡੀ ਨਮੋਸ਼ੀ ਦਾ ਕਾਰਨ ਬਣਦੀ ਹੈ। ਪੰਜਾਬੀ ਭਾਵੇਂ ਕਿਸੇ ਵੱਡੇ ਸਿਵਲ ਅਫਸਰ ਸਾਹਮਣੇ ਨਾ ਝੁਕੇ ਪਰ ਉਹ ਬਰਾਦਰੀ ਦੇ ਸਾਹਮਣੇ ਝੁਕਦਾ ਹੈ। ਜੇਕਰ ਉਸ ਨੂੰ ਮਾਫੀ ਮੰਗਣ ਲਈ ਬਰਾਬਰੀ ਦੇ ਪੈਰਾਂ ਵਿਚ ਪੱਗ ਵੀ ਰੱਖਣੀ ਪਵੇ ਤਾਂ ਉਹ ਸੰਕੋਚ ਨਹੀਂ ਕਰੇਗਾ। ਇਕੋ ਬਜ਼ੁਰਗ ਦੀ ਸੰਤਾਨ ਹੋਣ ਕਾਰਨ ਬਰਾਦਰੀ ਵਿਚ ਲਹੂ ਦੀ ਸਾਂਝ ਅਤੇ ਦੁਖ-ਸੁਖ ਦੀ ਭਾਈਵਾਲੀ ਹੁੰਦੀ ਹੈ। ਸਾਰੀ ਬਰਾਦਰੀ ਦੀ ਇੱਜ਼ਤ ਸਾਂਝੀ ਹੁੰਦੀ ਹੈ। ਜੇ ਕਿਸੇ ਇਕ ਤੇ ਕੋਈ ਤੁਹਮਤ ਲੱਗ ਜਾਵੇ ਤਾਂ ਸਾਰੀ ਬਰਾਦਰੀ ਦਾ ਨੱਕ ਵੱਢਿਆ ਜਾਂਦਾ ਹੈ। ਖੁਸ਼ੀ ਮੌਕੇ ਤੇ ਜੇ ਸਾਰੀ ਬਰਾਦਰੀ ਇਕੱਠੀ ਹੋਵੇ ਤਾਂ ਸ਼ੋਭਾ ਵਧਦੀ ਹੈ।.

ਵਰਤ ਵਿਹਾਰ ਪੰਜਾਬੀ ਭਾਈਚਾਰੇ ਦਾ ਇਕ ਨਿੱਖੜਵਾਂ ਲੱਛਣ ਹੈ। ਹਰ ਸਮਾਗਮ ਤੇ ਰਸਮ ਰਿਵਾਜ ਵੇਲੇ ਸਭ ਸਾਕ ਸੰਬੰਧੀਆਂ ਦਾ ਇਕੱਠੇ ਹੋਣਾ ਲਾਜ਼ਮੀ ਹੈ। ਜੇਕਰ ਕੋਈ ਸਾਕ ਸੰਬੰਧੀ ਕਿਸੇ ਕਾਰਨ ਨਿਰਾਜ਼ ਹੋਵੇ ਤਾਂ ਉਸਨੂੰ ਉਚੇਚੇ ਤੌਰ ਤੇ ਮਨਾਇਆ ਜਾਂਦਾ ਹੈ।

ਹਰ ਰਿਸ਼ਤੇ ਦੇ ਆਪਣੀ ਨਿਵੇਕਲੀ ਮਹੱਤਾ ਹੁੰਦੀ ਹੈ। ਮਾਂ-ਪਿਉ, ਚਾਚਾ-ਚਾਚੀ, ਤਾਇਆ-ਤਾਈ, ਮਾਮਾ-ਮਾਮੀ, ਮਾਸੜ-ਮਾਸੀ, ਫੁਫੜ-ਭੂਆ, ਆਦਿ ਵੱਡੇ ਥੰਮ੍ਹ ਦੇ ਰਿਸ਼ਤੇ ਹਨ। ਵਿਅਕਤੀ ਸਦਾਚਾਰਕ ਤੌਰ ਤੇ ਇਨ੍ਹਾਂ ਦਾ ਸਤਿਕਾਰ ਕਰਦਾ ਹੈ। ਕਿਸੇ ਕਾਰਣ ਮਾਂ-ਪਿਉ ਦੀ ਅਣਹੋਂਦ ਸਮੇਂ ਇਸੇ ਪੱਧਰ ਦਾ ਰਿਸ਼ਤਾ ਹੀ ਘਾਟਾ ਪੂਰਾ ਕਰਦਾ ਹੈ। ਬਜ਼ੁਰਗ ਪੀੜ੍ਹੀ ਵਿਚ ਨਾਨਾ-ਨਾਨੀ, ਦਾਦਾ-ਦਾਦੀ ਨਸੀਹਤਾਂ ਅਤੇ ਵਰਤ-ਵਿਹਾਰ ਵਿਚ ਅਗਵਾਈ ਕਰਦੇ ਹਨ। ਇਨ੍ਹਾਂ ਰਿਸ਼ਤਿਆਂ ਚੋਂ ਕੁਝ ਇਕ ਅਜੇਹੇ ਰਿਸ਼ਤੇ ਹਨ ਜਿਨ੍ਹਾਂ ਦੀ ਆਪਣੀ ਵੱਖਰੀ ਮਹਾਨਤਾ ਹੈ। ਇਸ ਤਰ੍ਹਾਂ ਦੇ ਰਿਸ਼ਤਿਆਂ ਵਿਚ ਭੈਣ-ਭਰਾ, ਦੇਵਰ-ਭਰਜਾਈ, ਜੀਜਾ-ਸਾਲੀ ਆਦਿ ਸ਼ਾਮਲ ਹਨ।

ਭੈਣ-ਭਰਾ ਦਾ ਰਿਸ਼ਤਾ ਸਮਾਜਿਕ ਅਤੇ ਮਾਨਸਿਕ ਪੱਖ ਤੋਂ ਮੁੱਖ ਰਿਸ਼ਤਾ ਹੈ। ਇਸ ਰਿਸ਼ਤੇ ਦੀ ਆਪਣੀ ਨਵੇਕਲੀ ਮਹਾਨਤਾ ਹੈ। ਭਰਾ ਭੈਣ ਦੇ ਬੱਚਿਆਂ ਦਾ ਮਾਮਾ ਬਣਦਾ ਹੈ। ਮਾਮਾ ਇਕ ਤਰ੍ਹਾਂ ਦੀ ਮਰਦ ਮਾਤਾ ਹੁੰਦੀ ਹੈ। ਭੈਣ, ਭਰਾ ਦੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਬੱਚਿਆਂ ਦੀ ਭੂਆ ਬਣਦੀ ਹੈ ਜੋ ਇਕ ਤਰ੍ਹਾਂ ਇਸਤਰੀ ਪਿਤਾ ਹੋਣ ਦਾ ਰੁਤਬਾ ਰਖਦੀ ਹੈ। ਰੱਖੜੀ, ਟਿੱਕਾ ਭਾਈ ਦੂਜ ਆਦਿ ਤਿਉਹਾਰਾਂ ਇਸ ਰਿਸ਼ਤੇ ਦੀਆਂ ਗੰਢਾਂ ਪੀਡੀਆਂ ਕਰਦੇ ਹਨ। ਜਿਸ ਭੈਣ ਦਾ ਭਰਾ ਨਹੀਂ ਹੁੰਦਾ ਹੈ, ਉਹ ਰੱਬ ਕੋਲੋਂ ਵੀਰ ਮੰਗਦੀ ਹੈ। ਪੰਜਾਬੀ ਲੋਕ ਗੀਤ ਇਸ ਪਿਆਰ ਦਾ ਪ੍ਰਗਟਾ ਇਵੇਂ ਕਰਦਾ ਹੈ:

ਇਕ ਵੀਰ ਦੇਵੀਂ ਵੇ ਰੱਬਾ,
ਮੇਰਾ ਸਹੁੰ ਖਾਣ ਨੂੰ ਬੜਾ ਜੀਅ ਕਰਦਾ।

ਜੀਜਾ-ਸਾਲੀ, ਦਿਉਰ-ਭਰਜਾਈ ਕੁਝ ਰੁਮਾਂਟਿਕ ਭਾਵ ਦੇ ਰਿਸ਼ਤੇ ਹਨ। ਇਨ੍ਹਾਂ ਵਿਚ ਉਂਝ ਨਾਮ ਸੰਬੰਧਾਂ ਦੀ ਮਨਾਹੀ ਹੈ। ਸਾਲੀ ਤਾਂ ਅੱਧੀ ਘਰ ਵਾਲੀ ਹੁੰਦੀ ਹੈ। ਪੰਜਾਬੀ ਲੋਕ ਗੀਤ ਇਸ ਰਿਸ਼ਤੇ ਦੀ ਮਹਾਨਤਾ ਇਵੇਂ ਦਰਸਾਉਂਦਾ ਹੈ:

ਜੀਜਾ ਵਾਰ ਦੇ ਦੁਆਨੀ ਖੋਟੀ,
ਗਿੱਧੇ ਵਿਚ ਸਾਲੀ ਨੱਚਦੀ ।

ਦਿਉਰ-ਭਰਜਾਈ ਦਾ ਰਿਸ਼ਤਾ ਵੀ ਬੜਾ ਰੁਮਾਂਟਿਕ ਰਿਸ਼ਤਾ ਹੈ। ਇਸ ਰਿਸ਼ਤੇ ਵਿਚ ਭਰਜਾਈ ਦਾ ਹੱਥ ਉਪਰ ਹੁੰਦਾ ਹੈ। ਭਰਜਾਈ ਦਿਉਰ ਤੋਂ ਹਰ ਕੰਮ ਕਰਵਾ ਸਕਦੀ ਹੈ:

ਦਿਉਰਾ ਬੱਕਰੀ ਚਰ੍ਹਾ ਲਿਆ ਮੇਰੀ
ਮੈਂ ਨਾ ਤੇਰਾ ਹੱਕ ਰੱਖਦੀ।

ਭਰਜਾਈ ਨਿਰਾ ਦਿਉਰ ਤੇ ਰੋਅਬ ਹੀ ਨਹੀਂ ਰੱਖਦੀ, ਉਸ ਦਾ ਦਿਉਰ ਨਾਲ ਪਿਆਰ ਵੀ ਬਹੁਤ ਹੁੰਦਾ ਹੈ। ਜਿਥੇ ਉਸ ਨੂੰ ਜੇਠ ਨਾਲ ਨਫ਼ਰਤ ਹੈ ਉਥੇ ਦਿਉਰ ਵਾਸਤੇ ਪਿਆਰ ਅਤੇ ਸ਼ਰਧਾ:

ਅਸਾਂ ਜੇਠ ਨੂੰ ਲੱਸੀ ਨਹੀਂ ਦੇਣੀ,
ਦਿਉਰ ਭਾਵੇਂ ਦੁੱਧ ਪੀ ਲਵੇ।

ਸੱਸ ਨੂੰਹ ਅਤੇ ਭਰਜਾਈ ਨਣਦ ਦਾ ਰਿਸ਼ਤਾ ਵੀ ਸਮਾਜਕ ਪੱਖ ਤੋਂ ਬੜਾ ਮਹਾਨਤਾ ਰੱਖਦਾ ਹੈ। ਇੰਨ੍ਹਾਂ ਦੋਹਾਂ ਰਿਸ਼ਤਿਆਂ ਵਿਚ ਸਾੜਾ ਤੇ ਈਰਖਾ ਹੁੰਦੀ ਹੈ। ਸੱਸ ਲਈ ਨੂੰਹ ਭੈੜੀ ਤੇ ਧੀ ਚੰਗੀ ਹੁੰਦੀ ਹੈ। ਇਸੇ ਤਰ੍ਹਾਂ ਨਣਦ ਵਾਸਤੇ ਭਰਜਾਈ ਭੈੜੀ ਅਤੇ ਮਾਂ ਚੰਗੀ ਹੁੰਦੀ ਹੈ। ਇਹ ਦੋਵੇਂ ਰਿਸ਼ਤੇ ਆਪਾ ਵਿਰੋਧੀ ਹਨ। ਸੱਸ ਦਾ ਕਿਰਦਾਰ ਦੋਹਾਂ ਪਾਸਿਆਂ ਤੋਂ ਭੈੜਾ ਹੁੰਦਾ ਹੈ। ਚਾਹੇ ਉਹ ਮੁੰਡੇ ਜਾਂ ਕੁੜੀ ਕਿਸੇ ਦੀ ਵੀ ਸੱਸ ਹੋਵੇ। [ਲੋਕ ਗੀਤਾਂ ਵਿਚ ਪੰਜਾਬੀ ਰਿਸ਼ਤਿਆਂ ਲਈ ਵੇਖੋ: 'ਲੋਕ ਗੀਤਾਂ ਵਿਚ ਪੰਜਾਬੀ ਰਿਸ਼ਤੇ' (ਇਕਬਾਲ ਸਿੰਘ ਭੋਮਾ), 'ਪੰਜਾਬੀ ਲੋਕ ਗੀਤ' (ਬਿਕਰਮ ਸਿੰਘ ਘੁੰਮਣ)]

ਅੰਗਰੇਜੀ ਸਭਿਆਚਾਰ ਦੇ ਪ੍ਰਭਾਵ ਨਾਲ ਪੰਜਾਬੀ ਰਿਸ਼ਤੇ ਨਾਤੇ ਤੇਜ਼ੀ ਨਾਲ ਖ਼ਤਮ ਹੁੰਦੇ ਜਾ ਰਹੇ ਹਨ। ਆਪਣੀ ਨਜ਼ਦੀਕੀ ਰਿਸ਼ਤੇਦਾਰੀ ਜਿੰਨ੍ਹਾਂ ਨਾਲ ਖ਼ੂਨ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਂਝ ਹੈ ਉਨ੍ਹਾਂ ਨਾਲੋਂ ਮਿੱਤਰ ਦੋਸਤ ਵੱਧ ਮਹਾਨਤਾ ਰੱਖਣ ਲੱਗ ਪਏ ਹਨ। ਇੰਨ੍ਹਾਂ ਰਿਸ਼ਤਿਆਂ ਦੇ ਨਾਂ ਵੀ ਬਦਲ ਗਏ ਹਨ ਜਿਵੇਂ ਮਾਂ-ਪਿਓ ਦੀ ਥਾਂ ਮੰਮੀ ਡੈਡੀ ਜ ਡੈਡ, ਚਾਚਾ, ਤਾਏ, ਮਾਮੇ, ਮਾਸੜ ਆਦਿ ਦੀ ਥਾਂ ਅੰਕਲ, ਇਸੇ ਤਰ੍ਹਾਂ ਭੂਆ, ਮਾਸੀ, ਦੀ ਥਾਂ ਅੰਟੀ ਨੇ ਲੈ ਲਈ ਹੈ। ਵਰਤਮਾਨ ਸਮੇਂ ਵਿਚ ਰਿਸ਼ਤੇ ਨਾਤੇ ਦੀ ਪ੍ਰਣਾਲੀ ਵਿਚ ਆਪਸੀ ਪਿਆਰ ਅਤੇ ਮਿਲਵਰਤਨ ਦੀ ਭਾਵਨਾ ਖ਼ਤਮ ਹੋ ਕੇ ਖ਼ੁਦਗਰਜੀ ਅਤੇ ਨਿੱਜੀ ਲਾਭ ਨੇ ਮੱਲ ਲਈ ਹੈ।

(ਕ) ਪਹਿਰਾਵਾ

ਵਿਅਕਤੀ ਦੇ ਸਰੀਰ ਨੂੰ ਕੱਜਣ ਲਈ ਪਹਿਰਾਵੇ ਦੀ ਲੋੜ ਹੈ। ਆਦਿ ਕਾਲ ਤੋਂ ਹੀ ਵਿਅਕਤੀ ਆਪਣੇ ਸਰੀਰ ਨੂੰ ਢੱਕਣ ਲਈ ਜਤਨਸ਼ੀਲ ਰਿਹਾ ਹੈ। ਜੰਗਲੀ ਅਵੱਸਥਾ ਵਿਚ ਉਹ ਆਪਣੇ ਸਰੀਰ ਪੱਤਿਆਂ ਦੀਆਂ ਛਿੱਲਾਂ, ਪੱਤੇ ਅਤੇ ਜਾਨਵਰਾਂ ਦੀ ਖੱਲ੍ਹ ਨਾਲ ਢੱਕਦਾ ਸੀ। ਹਰ ਮਨੁੱਖੀ ਸਮਾਜ ਵਿਚ ਕਿਸੇ ਨਾ ਕਿਸੇ ਤਰ੍ਹਾਂ ਦੇ ਪਹਿਰਾਵੇ ਦੀ ਰਵਾਇਤ ਜ਼ਰੂਰ ਰਹੀ ਹੈ। ਕੌਰਵਾਂ-ਪਾਂਡਵਾਂ ਦੇ ਵੇਲੇ ਤੋਂ ਕਪੜਾ ਇੱਜ਼ਤ ਆਬਰੂ ਦੀ ਨਿਸ਼ਾਨੀ ਸਮਝਿਆ ਜਾਂਦਾ ਰਿਹਾ ਹੈ। ਦਰੋਪਤੀ ਦੇ ਚੀਰ-ਹਰਣ ਦੀ ਕਹਾਣੀ ਤੋਂ ਪਹਿਲਾਂ ਸ੍ਰੀ ਰਾਮ ਚੰਦਰ ਵਲੋਂ ਹਨੂੰਮਾਨ ਨੂੰ ਕੱਛਾ-ਪ੍ਰਦਾਨ ਕਰਨ ਦੀ ਗਾਥਾ ਤੋਂ ਵੀ ਪੰਜਾਬੀਆਂ ਦੇ ਕਪੜਾ ਵਰਤਣ ਦੇ ਪੁਰਾਤਨ ਚਿੰਨ੍ਹ ਹਨ।[27]

ਵਿਅਕਤੀ ਦੀ ਪੁਸ਼ਾਕ ਵਿਚ ਸਮੇਂ ਸਮੇਂ ਪਰਿਵਰਤਨ ਆਉਂਦੇ ਰਹੇ ਹਨ। ਜਿਵੇਂ ਸਭਿਆਚਾਰਕ ਪਰਿਵਰਤਨ ਅਤੇ ਵਿਕਾਸ ਹੋਇਆ ਉਸੇ ਨਾਲ ਉਸ ਦੇ ਪਹਿਰਾਵੇ ਵਿਚ ਵੀ ਪਰਿਵਰਤਨ ਹੁੰਦਾ ਗਿਆ। ਪਹਿਰਾਵਾ ਸਭਿਆਚਾਰ ਦੀ ਵਿਸ਼ੇਸ਼ ਪਹਿਚਾਣ ਹੈ। ਪੰਜਾਬੀ ਆਪਣੇ ਪਹਿਰਾਵੇ ਤੋਂ ਹੀ ਪਛਾਣੇ ਜਾ ਸਕਦੇ ਹਨ। ਕੋਈ ਵੀ ਸਭਿਆਚਾਰ ਪਹਿਰਾਵੇ ਤੋਂ ਪਛਾਣਿਆ ਜਾਂਦਾ ਹੈ ਕਿ ਮਨੁੱਖ ਕਿੱਥੇ ਦਾ ਰਹਿਣ ਵਾਲਾ ਹੈ ਅਤੇ ਕਿਸੇ ਸਭਿਆਚਾਰ ਨਾਲ ਸੰਬੰਧਿਤ ਹੈ। ਕਿਸੇ ਸਭਿਆਚਾਰ ਦੇ ਵਿਕਸਤ ਹੋਣ ਦੀ ਪਛਾਣ ਵੀ ਉਥੋਂ ਦੇ ਲੋਕਾਂ ਦੇ ਪਹਿਰਾਵੇ ਤੋਂ ਕੀਤੀ ਜਾ ਸਕਦੀ ਹੈ। ਕੋਈ ਵਿਅਕਤੀ ਕਿਸ ਤਰ੍ਹਾਂ ਦਾ ਪਹਿਰਾਵਾ ਪਾਉਂਦਾ ਹੈ ਉਸ ਤੋਂ ਹੀ ਉਸ ਦੀ ਬੌਧਿਕ ਅਤੇ ਮਾਨਸਿਕ ਹਾਲਤਾਂ ਦਾ ਪ੍ਰਗਟਾ ਹੁੰਦਾ ਹੈ। ਪਹਿਰਾਵੇ ਤੋਂ ਹੀ ਕਿਸੇ ਵਿਅਕਤੀ, ਸਮਾਜ ਦੀ ਆਰਥਿਕ ਖੁਸ਼ਹਾਲੀ ਦੀ ਪਛਾਣ ਹੁੰਦੀ ਹੈ।

ਪਹਿਰਾਵੇ ਦੀ ਬਣਤਰ ਦਾ ਇਤਿਹਾਸ ਬੜਾ ਪੁਰਾਣਾ ਹੈ। ਵੈਦਿਕ ਸਮੇਂ ਵਿਚ ਪੁਸ਼ਾਕ ਵੇਲੇ, ਫਰਵਾਂਹ, ਘਾਹ ਆਦਿ ਹੁੰਦਾ ਸੀ। ਇਹ ਸਰੀਰ ਦੇ ਕੁਝ ਖਾਸ ਅੰਗਾਂ ਨੂੰ ਢੱਕਣ ਲਈ ਵਰਤੀ ਜਾਂਦੀ ਸੀ। ਮੁਹੰਮਦ ਲਤੀਫ਼ ਪੰਜਾਬ ਦੇ ਪਹਿਰਾਵੇ ਬਾਰੇ ਆਪਣੀ ਪੁਸਤਕ ਪੰਜਾਬ ਦਾ ਇਤਿਹਾਸ ਵਿਚ ਲਿਖਦਾ ਹੈ: "ਪੁਰਾਣੇ ਹਿੰਦੂ ਸੂਤੀ ਕਪੜਾ ਪਾਉਂਦੇ ਹਨ। ਸੂਤੀ ਕਮੀਜ਼ਾਂ ਗੋਡਿਆਂ ਤਕ ਲੰਮੀਆਂ ਹੁੰਦੀਆਂ ਸਨ। ਕਮੀਜ਼ ਦੇ ਉਪਰ ਇਕ ਪਟਾਕਾ ਹੁੰਦਾ ਸੀ ਜਿਹੜਾ ਖੱਬੇ ਮੋਢੇ ਦੇ ਉਪਰ ਤੇ ਤੇ ਸੱਜੇ ਮੋਢੇ ਦੇ ਹੇਠ ਕਰਕੇ ਬੰਨ੍ਹਿਆਂ ਜਾਂਦਾ ਸੀ। ਸਰੀਰ ਦਾ ਇਕ ਪਾਸਾ ਮੋਢੇ ਉਤੇ ਚਾਦਰ ਸੁੱਟ ਕੇ ਚਲਿਆ ਜਾਂਦਾ ਸੀ। ਇਹ ਚਾਦਰ ਗੋਡਿਆਂ ਤਕ ਲਮਕਦੀ ਰਹਿੰਦੀ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਾਰੇ ਜਣੇ ਧੋਤੀ ਪਹਿਨਦੇ ਸਨ। ਮਰਦਾਂ ਦੀਆਂ ਲੰਮੀਆਂ ਦਾੜ੍ਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਉਹ ਲਾਲ ਸਬਜ਼, ਪੀਲੀਆਂ ਜਾਂ ਨੀਲੀਆਂ ਰੰਗ ਲੈਂਦੇ ਹਨ। ਤੀਵੀਆਂ ਕਪੜਿਆਂ ਨਾਲ ਸਜੀਆਂ ਹੁੰਦੀਆਂ। ਉਹ ਤੰਗ ਪੁਸ਼ਾਕ ਨਹੀਂ ਸਨ ਪਾਉਂਦੀਆਂ।"[28]

ਪੁਰਾਣੇ ਪੰਜਾਬ ਦੇ ਪਿੰਡਾਂ ਦੇ ਲੋਕ ਘਰਾਂ ਦੇ ਕੱਤੇ ਸੂਤਰ ਦੇ ਕਪੜੇ ਪਹਿਨਦੇ ਸਨ। ਪਿੰਡ ਦਾ ਦਰਜ਼ੀ ਜਾਂ ਘਰ ਦੀ ਇਸਤਰੀ ਆਪ ਹੀ ਸੂਈ ਧਾਗੇ ਨਾਲ ਸੀਉਂਕੇ ਸਾਧਾਰਨ ਕਿਸਮ ਦਾ ਕੁੜਤਾ ਤਿਆਰ ਕਰ ਲੈਂਦੀ ਸੀ। ਤੇੜ ਖੱਦਰ ਦਾ ਪਰਨਾ ਬੰਨ੍ਹ ਲਿਆ ਜਾਂਦਾ ਸੀ। ਹੌਲੀ ਹੌਲੀ ਕਮੀਜ਼ਾਂ ਬਣਨ ਲੱਗੀਆਂ - ਤਿੱਖੇ ਕਾਲਰ ਗੋਲ ਕਾਲਰ, ਲੰਮੇ ਕਾਲਰ, ਮਨੁੱਖੀ ਸੁਹਜ ਦੀ ਤ੍ਰਿਪਤੀ ਕਰਨ ਲੱਗੇ। ਇਹੋ ਕਮੀਜ਼ ਅੰਗਰੇਜ਼ੀ ਪ੍ਰਭਾਵ ਅਧੀਨ ਸ਼ਰਟ, ਟੀ ਸ਼ਰਟ, ਓਪਨ ਸ਼ਰਟ ਆਦਿ ਬਣ ਗਏ।

ਮਨੁੱਖੀ ਸਮਾਜ ਦੇ ਵਿਕਾਸ ਨਾਲ ਕਪੜੇ ਦੀ ਬਣਤਰ ਅਤੇ ਬੁਣਨ ਵਿਚ ਫ਼ਰਕ ਆਉਣ ਲੱਗਾ। ਸਮੇਂ ਦੀ ਤਬਦੀਲੀ ਹੋਣ ਨਾਲ ਪਹਿਰਾਵੇ ਦੀ ਨੁਹਾਰ ਵਿਚ ਵੀ ਪਰਿਵਰਤਨ ਆਉਂਦਾ ਹੈ। ਪਹਿਲੇ ਵਿਅਕਤੀ ਆਪਣੇ ਗੁਪਤ ਅੰਗਾਂ ਨੂੰ ਢਕਣ ਲਈ ਕਪੜੇ ਦੀ ਵਰਤੋਂ ਕਰਦੇ ਸਨ। ਪਰ ਹੌਲੀ ਹੌਲੀ ਸਮੁੱਚੇ ਸਰੀਰ ਢਕਣ ਦਾ ਰਿਵਾਜ ਚਲ ਪਿਆ। ਹਿੰਦੂ ਅਤੇ ਸਿੱਖ ਔਰਤਾਂ ਘੁੰਡ ਕੱਢਦੀਆਂ ਸਨ ਅਤੇ ਮੁਸਲਮਾਨ ਔਰਤਾਂ ਬੁਰਕਾ ਪਾਉਂਦੀਆਂ ਸਨ ਅਜੋਕੇ ਸਮੇਂ ਵਿਚ ਇਹ ਰੁਚੀ ਘਟਦੀ ਜਾ ਰਹੀ ਹੈ। ਆਧੁਨਿਕ ਇਸਤਰੀ ਆਪਣੇ ਸਰੀਰ ਦੇ ਅੰਗਾਂ ਦੀ ਪ੍ਰਦਰਸ਼ਨੀ ਕਰਨ ਲਈ ਸਰੀਰ ਦੇ ਥੋੜੇ ਹਿੱਸੇ ਤੇ ਹੀ ਕਪੜਾ ਪਹਿਨਦੀਆਂ ਹਨ। ਨੰਗੇਜ਼ ਪ੍ਰਵਿਰਤੀ ਪ੍ਰਬਲ ਹੋ ਰਹੀ ਹੈ। ਉਹ ਆਪਣਾ ਕਪੜਾ ਜਾਂ ਪੁਸ਼ਾਕ ਦਿਖਾਣ ਦੀ ਥਾਂ ਆਪਣੇ ਅੰਗਾਂ ਦੀ ਪ੍ਰਦਰਸ਼ਨੀ ਕਰਦੀਆਂ ਹਨ ਇਹੋ ਹੀ ਕਾਰਨ ਹੈ ਕਿ ਅਜੋਕੇ ਸਮੇਂ ਵਿਚ ਬਲਾਤਕਾਰ ਦੇ ਕੇਸ ਵਧ ਰਹੇ ਹਨ। ਅਜੋਕੇ ਨੌਜਵਾਨ ਅਤੇ ਮੁਟਿਆਰਾਂ ਆਪ ਵੀ ਪੁਰਾਤਨ ਪੁਸ਼ਾਕ ਨੂੰ ਛੱਡਕੇ ਫੈਸ਼ਨ ਮਗਰ ਲਗੇ ਹੋਏ ਹਨ। ਅੱਜ ਮੁੰਡਿਆਂ ਵਿਚ ਇਕ ਪ੍ਰਵਿਰਤੀ ਆ ਗਈ ਹੈ ਕਿ ਉਹ ਕੁੜੀਆਂ ਵਰਗੇ ਲਗਣ ਅਤੇ ਕੁੜੀਆਂ ਆਪਣੇ ਆਪ ਨੂੰ ਮੁੰਡਿਆਂ ਵਾਂਗ ਦਿਖਾਉਣਾ ਚਾਹੁੰਦੀਆਂ ਹਨ। ਇਸੇ ਕਰਕੇ ਉਹ ਅੱਜ ਮਰਦਾਵੇਂ ਕਪੜੇ ਪਹਿਨਣ ਨੂੰ ਫੈਸ਼ਨ ਦਾ ਅੰਗ ਸਮਝਦੇ ਹਨ।

ਪੰਜਾਬ ਵਿਚ ਅਨੇਕਾਂ ਜਾਤੀਆਂ ਅਤੇ ਧਰਮਾਂ ਦੇ ਲੋਕ ਰਹਿੰਦੇ ਹਨ, ਇਸੇ ਲਈ ਇਨ੍ਹਾਂ ਦੇ ਪਹਿਰਾਵੇ ਵਿਚ ਵੰਨ ਸੁਵੰਨਤਾ ਹੈ। ਸਕੂਲਾਂ ਦੇ ਬੱਚੇ, ਕਾਲਜੀਏਟ, ਹਾਲੀ, ਪਾਲੀ, ਸਾਧੂ, ਫਕੀਰ, ਨਿਹੰਗ ਸਿੰਘ, ਨਾਮਧਾਰੀਏ, ਕਰਮ ਕਾਂਡੀ ਪਾਂਧੇ, ਮਲਵਈ, ਮਝੈਲ ਅਤੇ ਦੁਆਬੀਆਂ ਦੇ ਪਹਿਰਾਵੇ ਵਿਚ ਵੱਖਰਤਾ ਹੈ। ਇਸ ਵੱਖਰਤਾ ਹੋਣ ਦੇ ਬਾਵਜੂਦ ਵੀ ਪਹਿਰਾਵੇ ਦੇ ਕੁਝ ਅਜੇਹੇ ਅੰਸ਼ ਸਾਂਝੇ ਹਨ ਜਿੰਨ੍ਹਾਂ ਦੀ ਵਰਤੋਂ ਸਾਰੇ ਪੰਜਾਬੀ ਕਰਦੇ ਹਨ। ਇਨ੍ਹਾਂ ਦਾ ਸੰਬੰਧ ਕਿੱਤੇ ਜਾਂ ਜਾਤ ਧਰਮ ਨਾਲ ਨਹੀਂ ਹੁੰਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬ ਦੇ ਮਰਦਾਂ ਦੇ ਪਹਿਰਾਵੇ ਦਾ ਖਾਸੀਅਤ ਪੱਗੜੀ ਹੈ। ਇਹ ਪੰਜਾਬੀਆਂ ਦਾ ਹਰਮਨ ਪਿਆਰਾ ਪਹਿਰਾਵਾ ਹੈ। ਭਾਵੇਂ ਦੇਸ਼ ਵਿਦੇਸ਼ ਦੇ ਲੋਕੀਂ ਪੱਗਾਂ ਬੰਨ੍ਹਦੇ ਹੋਣਗੇ ਪਰ ਪੰਜਾਬੀ ਪਹਿਰਾਵੇ ਵਿਚ ਜੋ ਸਨਮਾਨ ਪੱਗ ਨੂੰ ਹਾਸਲ ਹੈ ਹੋਰ ਕਿਤੇ ਨਹੀਂ ਹੈ। ਇਸ ਪਹਿਰਾਵੇ ਨ੍ਹਾਲ ਜੀਵਨ ਦੀਆਂ ਕਦਰਾਂ ਕੀਮਤਾਂ ਜੁੜੀਆਂ ਹੋਈਆਂ ਹਨ। ਕਿਸੇ ਦੇ ਸਿਰ ਤੋਂ ਪੱਗ ਲੱਥ ਜਾਵੇ ਤਾਂ ਬੜੀ ਬੇ-ਇੱਜ਼ਤੀ ਦਾ ਸਬੂਤ ਹੈ। ਜਿਸ ਵਿਅਕਤੀ ਦੀ ਪੱਗ ਦਾਗ਼ੀ ਹੋ ਜਾਵੇ ਉਸ ਵਿਅਕਤੀ ਨੂੰ ਭਾਈਚਾਰੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਖ਼ਾਸ ਖੁਸ਼ੀ ਦੇ ਮੌਕਿਆਂ ਤੇ ਆਪਣੇ ਸਾਕ ਸੰਬੰਧੀਆਂ ਜਾਂ ਸ਼ਰੀਕਾਂ ਨੂੰ ਮਨਾਉਣ ਲਈ ਪੱਗੜੀ ਪੈਰਾਂ ਤੇ ਰੱਖੀ ਜਾਂਦੀ ਹੈ। ਪੱਗ ਪੰਜਾਬੀ ਦੀ ਇੱਜ਼ਤ ਤੇ ਅਣੱਖ ਦਾ ਚਿੰਨ੍ਹ ਹੈ। ਧੀ ਧਿਆਣੀ ਨੂੰ ਵੀ ਬਦਚਲਣ ਹੋਣ ਤੋਂ ਰੋਕਣ ਲਈ ਪੱਗ ਦਾ ਵਾਸਤਾ ਪਾਇਆ ਜਾਂਦਾ ਹੈ। ਜਦੋਂ ਕਿਸੇ ਨੂੰ ਵਡੇਰੀ ਜ਼ੁੰਮੇਵਾਰੀ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਉਸ ਵੱਡੇ ਅਹੁਦੇ ਦੀ ਪੱਗ ਬਨ੍ਹਾਈ ਜਾਂਦੀ ਹੈ। ਭਾਵ ਕਿ ਬਰਾਦਰੀ ਦੀ ਇੱਜ਼ਤ ਅਤੇ ਅਣੱਖ ਨੂੰ ਬਚਾਉਣਾ ਉਸੇ ਵਿਅਕਤੀ ਦਾ ਫ਼ਰਜ਼ ਹੈ।

ਕੇਂਦਰੀ ਪੰਜਾਬ ਦਾ ਉੱਚੇ ਲੰਮੇ, ਸਡੋਲ ਜਿਸਮ ਦੇ ਚੌੜੇ ਮੋਢਿਆਂ ਵਾਲਾ ਪੁਰਸ਼ ਸਿਰ ਉੱਤੇ ਪੂਰੇ ਬਰ ਦਾ ਸਾਫਾ ਜਾਂ ਅੱਧੇ ਬਰ ਦੀ ਪੱਗ ਬੰਨ੍ਹਦਾ ਹੈ। ਛੋਟੀ ਪੱਗ ਸਾਫੇ ਦੇ ਥਲੇ ਕੇਵਲ ਸਿੱਖ ਹੀ ਬੰਨ੍ਹਦੇ ਹਨ। ਗੱਭਰੂ ਸਾਫੇ ਦਾ ਲੜ ਕੰਨ ਕੋਲੋਂ ਛੱਡ ਕੇ ਪਿਛਿਓਂ ਗਿੱਚੀ ਦੇ ਕਾਲੇ ਵਾਲ ਨੰਗੇ ਰਖਦੇ ਹਨ ਅਤੇ ਜੂੜੇ ਜਾਂ ਬੋਦੇ ਤੇ ਖੱਬੇ ਪਾਸਿਓਂ ਥੋੜ੍ਹਾ ਜਿਹਾ ਸੱਜੇ ਹੱਥ ਨੂੰ ਝੁਕਿਆ ਹੋਇਆ ਟੋਠਾ ਛੱਡਦੇ ਹਨ। ਵੈਸੇ ਪੰਜਾਬ ਦੀਆਂ ਵੱਖ ਵੱਖ ਜਾਤਾਂ ਦੇ ਲੋਕ, ਉਨ੍ਹਾਂ ਦੇ ਪੱਗ ਬੰਨ੍ਹਣ ਦੇ ਢੰਗ ਤੋਂ ਪਛਾਣੇ ਜਾ ਸਕਦੇ ਹਨ ਹਰ ਜਾਤੀ ਦਾ ਪੱਗ ਬੰਨ੍ਹਣ ਦਾ ਆਪਣਾ ਆਪਣਾ ਢੰਗ ਹੈ। ਇਸੇ ਕਰਕੇ ਪੰਜਾਬੀ ਪਹਿਰਾਵੇ ਵਿਚ ਪੱਗਾਂ ਵੀ ਕਿਤਨੇ ਰੰਗਾਂ ਅਤੇ ਵੰਨਗੀਆਂ ਦੀਆਂ ਹੁੰਦੀਆਂ ਹਨ। ਪੜ੍ਹੇ ਲਿਖੇ ਲੋਕ ਪਟਿਆਲੇ ਸ਼ਾਹੀ ਪੋਚਵੀਂ ਪੱਗ ਬੰਨ੍ਹਦੇ ਹਨ, ਨੌਜਵਾਨ ਤਿਖੀ ਟੂਟੀ ਵਾਲੀ, ਅਨਪੜ੍ਹ ਗੱਭਰੂ ਲੜ ਛੱਡ ਕੇ ਬੰਨ੍ਹਦਾ ਹੈ ਤੇ ਬੱਚੇ ਕੇਵਲ ਸਾਧਾਰਨ ਕਿਸਮ ਦੀ ਲਪੇਟਵੀਂ ਪੱਗ ਬੰਨ੍ਹਦੇ ਹਨ। ਪੱਗਾਂ ਦੇ ਰੰਗਾਂ ਵਿਚ ਵੀ ਸਮੇਂ ਸਮੇਂ ਪਰਿਵਰਤਨ ਹੁੰਦਾ ਰਿਹਾ ਹੈ। ਕਦੇ ਚਿੱਟੀਆਂ, ਕਦੇ ਮੂੰਗੀਆ, ਕਦੇ ਕਾਲੀਆਂ ਤੇ ਕਦੇ ਕੇਸਰੀ ਰੰਗ ਦੀਆਂ ਪੱਗਾਂ ਬੰਨ੍ਹਣ ਦਾ ਰਿਵਾਜ ਹੁੰਦਾ ਹੈ। ਪੱਗ ਬੰਨ੍ਹਣੀ ਵੀ ਕਿਸੇ ਕਿਸੇ ਨੂੰ ਹੀ ਆਉਂਦੀ ਹੈ। ਪੰਜਾਬੀ ਲੋਕ ਗੀਤਾਂ ਵਿਚ ਇਸ ਬਾਰੇ ਇਸ ਤਰ੍ਹਾਂ ਆਉਂਦਾ ਹੈ:

ਤੈਨੂੰ ਪੱਗ ਬੰਨਣੀ,
ਤੈਨੂੰ ਲੜ ਛੱਡਣਾ,
ਤੈਨੂੰ ਹਲ ਵਾਹੁਣਾ ਨਾ ਆਵੇਂ
ਤੇਰੇ ਘਰ ਕੀ ਵੱਸਣਾ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਢਾਕੇ ਦੀ 376 ਬਰੀਕ ਮਲ ਮਲ ਪੰਜਾਬ ਵਿਚ ਬੜੀ ਹਰਮਨ ਪਿਆਰੀ ਰਹੀ ਹੈ। ਇਸ ਤਰ੍ਹਾਂ ਬਰੀਕ ਮਲ ਮਲ ਦੀ ਪੱਗ ਨੂੰ ਸੰਧੂਰੀ ਰੰਗਾ ਕੇ ਬੰਨ੍ਹ ਕੇ ਕੋਈ ਗਭਰੂ ਮੇਲੇ ਜਾਂਦਾ ਸੀ ਤਾਂ ਪੰਜਾਬੀ ਮੁਟਿਆਰ ਨੂੰ ਬੜਾ ਪਿਆਰਾ ਲੱਗਦਾ ਸੀ।

ਮੈਨੂੰ ਮੱਸਿਆ 'ਚ ਪੈਣ ਭੁਲੇਖੇ,
ਤੇਰੀ ਵੇ ਸੰਧੂਰੀ ਪੱਗ ਦੇ।

ਇਸਤਰੀਆਂ ਦੀ ਪੁਰਾਣੀ ਪੁਸ਼ਾਕ ਕੁੜਤੀ ਤੇ ਸੁਥਣ ਜਾਂ ਰੇਬ ਪਜ਼ਾਮਾ ਸੀ। ਪੰਜਾਬੀ ਲੋਕ ਗੀਤਾਂ ਵਿਚ ਇਵੇਂ ਆਉਂਦਾ ਹੈ: "ਨੰਦ ਕੁਰ ਸੱਪ ਬਣ ਗਈ ਰੇਬ ਪਜ਼ਾਮਾ ਪਾ ਕੇ।" ਮੁਟਿਆਰ ਦੀ ਪੁਸ਼ਾਕ ਗੋਡਿਆਂ ਤਕ ਨੀਵੀਂ ਕਮੀਜ਼ ਤੇ ਸਲਵਾਰ ਕਹੀ ਜਾ ਸਕਦੀ ਹੈ। ਕਮੀਜ਼ ਦੀ ਥਾਂ ਹੁਣ ਜੰਪਰ ਨੇ ਲੈ ਲਈ ਹੈ। ਵਿਆਹ ਤੋਂ ਪਿਛੋਂ ਸੁਥਣ ਦੇ ਉਪਰੋਂ ਘੱਗਰਾ ਪਹਿਨਣ ਦਾ ਰਿਵਾਜ਼ ਸੀ। ਟਸਰ ਦੀ ਚਾਦਰ ਦੀ ਬੁੱਕਲ ਮਾਰਦੀਆਂ ਸਨ। ਇਹ ਸਭ ਕੁਝ ਪੰਜਾਬੀ ਮੁਟਿਆਰ ਦੇ ਹੁਸਨ ਨੂੰ ਚਾਰ ਚੰਨ ਲਾਉਂਦਾ ਸੀ। ਘੱਗਰੇ ਨਾਲ ਲੂੰਗੀ ਲਾਉਣਾ ਆਪਣੀ ਵੱਖਰੀ ਸ਼ਾਨ ਸੀ। ਘੱਗਰੇ ਨੂੰ ਵੀਹ ਵੀਹ ਗਜ਼ ਕਪੜਾ ਲਗਦਾ ਸੀ। ਲੋਕ ਗੀਤਾਂ ਵਿਚ ਘੱਗਰੇ ਦੀ ਲੋਕ ਪ੍ਰਿਯਤਾ ਦਾ ਪਤਾ ਲਗਦਾ ਹੈ:

1. ਮੇਰਾ ਘੱਗਰਾ ਸੂਫ਼ ਦਾ ਧਰਤੀ ਸੰਵਾਰਦਾ ਜਾਏ ਵੇ।
2. ਲੱਕ ਪਤਲਾ ਨਾੜ ਦਾ ਤੀਲਾ, ਘੱਗਰੇ ਦਾ ਭਾਰ ਨਾ ਸਹੇ।
3. ਕਾਲਾ ਘੱਗਰਾ ਸੰਦੂਕ ਵਿਚ ਮੇਰਾ, ਦੇਖ ਦੇਖ ਰੋਏਂਗਾ ਜੱਟਾ।
4. ਤੇਰਾ ਘੱਗਰਾ ਰਾਸ ਨਾ ਆਵੇ, ਸਾਹੁਰਿਆਂ ਦਾ ਪਿੰਡ ਆ ਗਿਆ।

ਸਮੇਂ ਦੀ ਤਬਦੀਲੀ ਨਾਲ ਕਪੜੇ ਵੀ ਨਵੀਂ ਨਵੀਂ ਕਿਸਮ ਦੇ ਆਉਣ ਲੱਗ ਪਏ ਹਨ ਅਤੇ ਉਨ੍ਹਾਂ ਦੇ ਪਹਿਨਣ ਦਾ ਢੰਗ ਵੀ ਬਦਲਦਾ ਜਾ ਰਿਹਾ। ਅੰਗਰੇਜ਼ੀ ਬੋਲੀ ਤੇ ਪਹਿਰਾਵੇ ਦਾ ਅਸਰ ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਵੱਡੀ ਪੱਧਰ ਤੇ ਹੋਣਾ ਸ਼ੁਰੂ ਹੋ ਗਿਆ ਸੀ। ਮੁਸਲਮਾਨਾਂ ਦੇ ਸਮੇਂ ਇਸਤਰੀਆਂ ਵਿਚ ਕਮੀਜ਼, ਸੁਥਣ ਪ੍ਰਚਲਿਤ ਹੋਈ ਤੇ ਮਨੁੱਖਾਂ ਵਿਚ ਵੀ ਸਲਵਾਰ ਚਲੀ। ਲਖਨਊ ਦੇ ਨਵਾਬਾਂ ਤੋਂ ਚਲਦੀ ਚਲਦੀ ਅਚਕਨ ਤੇ ਤੰਗ ਪੰਜਾਮੇ ਦੀ ਰੀਤ ਪੰਜਾਬ ਵਿਚ ਆਈ। ਕਾਂਗਰਸ ਦੀ ਲਹਿਰ ਸਮੇਂ ਇਹ ਅਚਕਨ ਤੇ ਚੂੜੀਦਾਰ ਪਜ਼ਾਮਾ ਕੌਮੀ, ਭਾਰਤੀ ਜਾਂ ਦੇਸੀ ਲਿਬਾਸ ਸਮਝਕੇ ਦੇਸ਼ ਭਗਤਾਂ ਤੇ ਆਗੂਆਂ ਨੇ ਅਪਨਾਇਆ ਤੇ ਇਸਤਰੀਆਂ ਵਿਚ ਕਮੀਜ਼ ਸਲਵਾਰ ਦੀ ਰੀਤ ਚਲੀ ਕਿਉਂਕਿ 1920 ਤਕ ਅੰਗਰੇਜ਼ਾਂ ਦੇ ਰਾਜ ਤੇ ਪ੍ਰਭਾਵ ਕਰਕੇ ਪਤਲੂਨ ਕੋਟ ਤੇ ਨਕਟਾਈ ਸਰਕਾਰੀ ਅਧਿਕਾਰੀਆਂ, ਕਰਮਚਾਰੀਆਂ ਤੇ ਧਨੀ ਲੋਕਾਂ ਦੇ ਪਹਿਰਾਵੇ ਦਾ ਅੰਗ ਬਣ ਚੁੱਕੇ ਹਨ।[30]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਮੁਟਿਆਰਾਂ ਅਤੇ ਗਭਰੂਆਂ ਦੇ ਪਹਿਰਾਵੇ ਵਿਚ ਅਨੇਕਾਂ ਕਿਸਮ ਦੇ ਪਹਿਰਾਵੇ ਸ਼ਾਮਲ ਹੋ ਗਏ ਹਨ। ਖਦਰ, ਲੱਠਾ, ਕਰੇਬ, ਲੀਲਨ, ਲੇਡੀ ਮਿੰਟਨ ਦੀ ਥਾਂ ਹੁਣ ਸਿਲਕ, ਗਾਰਡਨ, ਟੈਰੀਕਾਟ, ਰੂਬੀਆ ਆਦਿ ਪ੍ਰਚਲਿਤ ਹੋ ਗਏ ਹਨ।

ਪਰ ਪੰਜਾਬੀ ਔਰਤ ਦੇ ਦਿਲ ਨੂੰ ਕਾਲੀ ਸੂਫ ਅਤੇ ਛੀਂਟ ਹੀ ਜਿੱਤ ਸਕੀ ਹੈ:

1. ਜੱਟੀ ਹੱਟੀ ਤੇ ਸ਼ਰਾਬਣ ਹੋਈ,
ਸੱਪ ਰੰਗੀ ਛੀਂਟ ਦੇਖ ਕੇ।

2. ਸੁਥਣੇ ਸੂਫ ਦੀਏ,
ਤੈਨੂੰ ਸੱਸ ਮਰੀ ਤੋਂ ਪਾਵਾਂ।

ਪੰਜਾਬੀ ਔਰਤਾਂ ਪੈਰਾਂ ਵਿਚ ਪਿੰਡ ਦੇ ਮੋਚੀ ਦੀ ਬਣਾਈ ਜੁੱਤੀ ਪਹਿਨਦੀਆਂ ਸਨ। ਜੁੱਤੀ ਨੋਕ ਵਾਲੀ, ਘੋੜੀ ਦੀ ਖੱਲ ਦੀ ਬਹੁਤ ਮਸ਼ਹੂਰ ਸੀ। ਪੰਜਾਬੀ ਕੁੜੀਆਂ ਖੱਲ ਦੀ ਜੁੱਤੀ ਵਧੇਰੇ ਪਸੰਦ ਕਰਦੀਆਂ ਸਨ:

ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ
ਜ਼ੋਰ ਜਵਾਨੀ ਦਾ।

ਪਰ ਪੱਛਮੀ ਪ੍ਰਭਾਵ ਅਧੀਨ ਪੰਜਾਬੀਆਂ ਦੇ ਪਹਿਰਾਵੇ ਦੇ ਰੰਗ ਰੂਪ ਬਹੁਤ ਬਦਲ ਗਏ ਹਨ। ਅਸੀਂ ਆਏ ਦਿਨ ਪੱਛਮੀ ਪਹਿਰਾਵੇ ਦੀ ਨਕਲ ਕਰਦੇ ਹਾਂ। ਜਿਥੇ ਪਹਿਲਾ ਮਨੁੱਖ ਆਰਥਿਕ ਤੰਗੀ ਕਾਰਨ ਬਹੁਤੇ ਕਪੜੇ ਨਹੀਂ ਸਿਵਾ ਸਕਦਾ ਸੀ। ਉਥੇ ਉਸ ਦੀ ਆਰਥਿਕ ਖੁਸ਼ਹਾਲੀ ਨਾਲ ਉਸ ਕੋਲ ਕਈ ਤਰ੍ਹਾਂ ਦੇ ਪਹਿਰਾਵੇ ਪਹਿਨਣ ਲਈ ਹੋ ਗਏ ਹਨ। ਅੱਜ ਦੀ ਉਸ ਦੀ ਪੁਸ਼ਾਕ ਵੱਖਰੇ ਵੱਖਰੇ ਸਮੇਂ ਲਈ ਵੱਖਰੀ ਵੱਖਰੀ ਹੈ।

(ਖ) ਪੰਜਾਬੀ ਭਾਸ਼ਾ ਅਤੇ ਪੰਜਾਬੀਅਤ

ਬੋਲੀ ਕਿਸੇ ਦੇਸ਼ ਜਾਂ ਜਾਤੀ ਦੇ ਸਭਿਆਚਾਰ ਦੇ ਪੱਧਰ ਦੀ ਪਰਖ ਕਸੌਟੀ ਹੁੰਦੀ ਹੈ। ਜਿੰਨੀ ਕਿਸੇ ਖਿਤੇ ਦੇ ਲੋਕਾਂ ਦੀ ਬੋਲੀ ਉੱਨਤ ਹੋਵੇਗੀ ਉਨ੍ਹਾਂ ਹੀ ਉਸ ਦਾ ਸਭਿਆਚਾਰ ਅਤੇ ਸਭਿਅਤਾ ਉੱਨਤ ਹੋਵੇਗੀ। ਪੰਜਾਬ ਦੀ ਭਾਸ਼ਾ ਪੰਜਾਬੀ ਹੈ। ਇਹ ਬੜੀ ਪੁਰਾਤਨ ਭਾਸ਼ਾ ਹੈ। ਜਦੋਂ ਦਾ ਪੰਜਾਬ ਭੂਗੋਲਿਕ ਤੌਰ ਤੇ ਹੋਂਦ ਵਿਚ ਆਇਆ ਉਦੋਂ ਤੋਂ ਇਹ ਬੋਲੀ ਅਤੇ ਵਰਤੀ ਜਾਂਦੀ ਰਹੀ ਹੈ। ਭਾਸ਼ਾ ਹੀ ਸਮਾਜਕ ਸਾਂਝ ਦਾ ਪਹਿਲਾ ਸਾਧਨ ਹੈ। ਬੱਚਾ ਇਹ ਸਾਂਝ ਪਾ ਕੇ ਆਪਣੇ ਆਪ ਨੂੰ ਵੱਡਾ ਤੇ ਤਕੜਾ ਮਹਿਸੂਸ ਕਰਦਾ ਹੈ। ਕੋਈ ਵੀ ਵਿਅਕਤੀ ਆਪਣੇ ਮਨੋਭਾਵਾਂ ਦਾ ਪ੍ਰਗਟਾ ਆਪਣੀ ਮਾਤਰ ਭਾਸ਼ਾ ਵਿਚ ਕਰ ਸਕਦਾ ਕਿਸੇ ਹੋਰ ਬੋਲੀ ਵਿਚ ਨਹੀਂ। ਲਾਰਡ ਮਕਾਲੇ ਨੇ ਲਿਖਿਆ ਹੈ ਕਿ ਮਾਤ-ਬੋਲੀ ਤੋਂ ਬਿਨਾਂ ਹੋਰ ਕੋਈ ਪ੍ਰਗਟਾਵੇ ਦਾ ਸਾਧਨ ਉੱਤਮ ਰਚਨਾ ਲਈ ਨਹੀਂ ਹੋ ਸਕਦਾ ਹੈ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੰਜਾਬੀ ਜੀਵਨ ਅਤੇ ਸਭਿਆਚਾਰ ਦਾ ਪ੍ਰਗਟਾ ਪੰਜਾਬੀ ਕੇਵਲ ਆਪਣੀ ਮਾਤਰੀ ਭਾਸ਼ਾ ਪੰਜਾਬੀ ਵਿਚ ਹੀ ਕਰ ਸਕਦੇ ਹਨ। ਪੰਜਾਬੀ ਭਾਸ਼ਾ ਦੀਆਂ ਅਨੇਕਾਂ ਆਪਣੀਆਂ ਵਿਲੱਖਣਤਾਵਾਂ ਹਨ। ਇਹ ਸਾਦੀ ਤੇ ਸਰਲ ਭਾਸ਼ਾ ਹੈ ਜਿਸ ਨੂੰ ਆਮ ਵਿਅਕਤੀ ਬੜੀ ਆਸਾਨੀ ਨਾਲ ਸਿੱਖ ਸਕਦਾ ਹੈ। ਪ੍ਰੇਮ ਪ੍ਰਕਾਸ਼ ਸ਼ਿੰਘ ਦੇ ਵਿਚਾਰ ਅਨੁਸਾਰ, "ਪੰਜਾਬੀ ਬੋਲੀ ਆਪਣੀ ਬੁਕਲ ਵਿਚ ਉਨ੍ਹਾਂ ਸਾਰੇ ਆਰਯ ਬੋਲੀ ਦੇ ਭਾਖਈ ਰੂਪਾਂ ਤੇ ਅੰਸ਼ਾਂ ਨੂੰ ਸੰਭਾਲ ਕੇ ਬੈਠੀ ਹੈ ਜਿਨ੍ਹਾਂ ਵਿਚ ਵਟਦੀ, ਢਲਦੀ ਤੇ ਅੱਗੇ ਵਧਦੀ ਚਲੀ ਆਈ ਹੈ। ਇਸ ਲਈ ਵੈਦਿਕ ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦੇ ਬਚੇ ਖੁਚੇ ਅੰਸ਼ ਪੰਜਾਬੀ ਬੋਲੀ ਵਿਚੋਂ ਸਹਿਜੇ ਹੀ ਪ੍ਰਾਪਤ ਹੁੰਦੇ ਹਨ।[31] ਅਗੇ ਚਲਕੇ ਇਹੀ ਲੇਖਕ ਪੰਜਾਬੀ ਭਾਸ਼ਾ ਦੀ ਵਿਸ਼ੇਸ਼ਤਾ ਦਸਦੇ ਹੋਏ ਲਿਖਦੇ ਹਨ, "ਵੈਦਿਕ ਭਾਸ਼ਾ ਵਾਂਗ ਪੰਜਾਬੀ ਵਿਚ ਮਰਦਾਨਗੀ, ਮਰਦਾਊਪਣ ਅਜੇ ਮਿਲਦਾ ਹੈ। ਇਸ ਦਾ ਭਾਵ ਇਹ ਹੈ ਕਿ ਇਸ ਬੋਲੀ ਦਾ ਉਚਾਰਣ ਤੇ ਵਾਕ ਰਚਨਾ ਸਿਖਲ ਨਹੀਂ ਹੈ। ਇਕ ਪ੍ਰਕਾਰ ਦੀ ਵਾਰਤਾ ਸਪਿਰਟ ਹੈ।"[32]

ਪੰਜਾਬੀ ਭਾਸ਼ਾ ਵਿਚ ਪੰਜਾਬੀਅਤ ਦੇ ਅੰਸ਼ ਵਿਦਮਾਨ ਹਨ। ਪੰਜਾਬੀ ਦੀ ਭੂਗੋਲਿਕ ਅਤੇ ਇਤਿਹਾਸਕ ਸਥਿਤੀ ਵਿਲੱਖਣ ਹੋਣ ਕਰਕੇ ਪੰਜਾਬੀ ਲੋਕ ਦੂਜੇ ਪ੍ਰਾਂਤਾਂ ਨਾਲੋਂ ਅਨੋਖਾ ਸਥਾਨ ਰੱਖਦੇ ਹਨ। ਮੌਲਾ ਬਖ਼ਸ਼ ਕੁਸ਼ਤਾ ਲਿਖਦਾ ਹੈ, "ਪੰਜਾਬ, ਸਰਸਬਜ਼ੀ ਦੇ ਲਿਹਾਜ ਨਾਲ, ਜ਼ਮੀਨ ਉਪਜਾਊ ਹੋਣ ਦੇ ਲਿਹਾਜ ਨਾਲ, ਹਿੰਦੁਸਤਾਨ ਵਿਚ ਇਕ ਅਨੋਖਾ ਦਰਜਾ ਰੱਖਦਾ ਹੈ। ਪੰਜਾਬ ਦੀ ਉਨਤ ਹੋਈ ਬੋਲੀ ਤੋਂ ਵੀ ਵਧ ਕੇ ਉਨ੍ਹਾਂ ਲੋਕਾਂ ਦੀ ਜ਼ਬਾਨ ਵਿਚ ਮਿੱਠਤ, ਲਚਕ ਤੇ ਖਿੱਚ ਮੌਜੂਦ ਹੈ ਜੋ ਖਾਲਸ ਪੇਂਡੂ ਤੇ ਜਾਂਗਲੂ ਆਖੇ ਜਾਂਦੇ ਹਨ, ਅਤੇ ਜਿਨ੍ਹਾਂ ਤਕ ਨਵੀਂ ਰੌਸ਼ਨੀ ਦੀ ਵਬਾ ਵੀ ਨਹੀਂ ਅਪੜੀ। ਪੰਜਾਬੀ ਜ਼ਬਾਨ ਦੀ ਇਹ ਹਾਲਤ, ਇਹ ਮਿਠਾਸ ਤੇ ਇਹ ਕਸ਼ਸ਼, ਐਸੇ ਹਾਲਤ ਵਿਚ ਮੌਜੂਦ ਹੈ, ਜਦ ਕਿ ਇਸ ਨੂੰ ਕਿਸੇ ਦੀ ਸਰਪ੍ਰਸਤੀ ਨਹੀਂ ਜੁੜੀ।"[33]

ਪੰਜਾਬ ਵਿਚ ਅਨੇਕਾਂ ਹਮਲਾਅਵਰ ਅਤੇ ਕੌਮਾਂ ਆਈਆਂ ਹਨ। ਪੰਜਾਬੀਆਂ ਦਾ ਇਹ ਖਾਸਾ ਰਿਹਾ ਹੈ ਕਿ ਉਨ੍ਹਾਂ ਨੇ ਬਾਹਰਲੇ ਸਭਿਆਚਾਰ ਨੂੰ ਆਪਣੇ ਵਿਚ ਸਮੋ ਲਿਆ ਹੈ। ਪੰਜਾਬੀ ਨੇ ਇਹ ਪ੍ਰਭਾਵ ਬੜੀ ਜਲਦੀ ਕਬੂਲ ਕੀਤੇ ਹਨ ਜਿਸ ਕਾਰਨ ਪੰਜਾਬੀ ਸਭਿਆਚਾਰ ਇਕ ਮਿਸ਼ਰਤ ਸਭਿਆਚਾਰ ਬਣ ਗਿਆ ਹੈ, ਪਰ ਪੰਜਾਬੀਆਂ ਨੇ ਮੂਲ ਗੁਣਾਂ ਨੂੰ ਨਹੀਂ ਛੱਡਿਆ। ਇਸੇ ਤਰ੍ਹਾਂ ਪੰਜਾਬੀ ਭਾਸ਼ਾ ਦਾ ਹਾਜ਼ਮਾ ਬੜਾ ਤੇਜ਼ ਹੈ। ਇਸ ਨੇ ਅਨੇਕਾਂ ਬਦੇਸ਼ੀ ਭਾਸ਼ਾਵਾਂ ਦੇ ਸ਼ਬਦ ਜਿਵੇ ਅਰਬੀ, ਫ਼ਾਰਸੀ, ਅੰਗਰੇਜ਼ੀ ਸ਼ਬਦਾਂ ਨੂੰ ਆਪਣੇ ਵਿਚ ਸਮਾ ਲਿਆ ਹੈ। ਅੱਜ ਉਹ ਸ਼ਬਦ ਬਦੇਸ਼ੀ ਨਹੀਂ ਲੱਗਦੇ ਹਨ। ਮੌਲਾ ਬਖ਼ਸ਼ ਕੁਸ਼ਤਾ ਪੰਜਾਬੀ ਭਾਸ਼ਾ ਦੀ ਇਸ ਵਿਸ਼ੇਸ਼ਤਾ ਦਾ ਵਰਣਨ ਕਰਦੇ ਲਿਖਦੇ ਹਨ ਕਿ, "ਇਹ ਸ਼ੁਕਰ ਹੈ ਕਿ ਪੰਜਾਬੀ ਦਾ ਹਾਜ਼ਮਾ ਇੰਨਾ ਤੇਜ਼ ਹੈ ਕਿ ਇਸ ਨੇ ਹਿੰਦੀ, ਸੰਸਕ੍ਰਿਤ, ਅਪ੍ਰਭੰਸ਼, ਅਰਬੀ; ਫ਼ਾਰਸੀ ਜੋ ਵੀ ਇਸ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਨੂੰ ਲੱਭਾ ਬਿਨਾਂ ਡਕਾਰ ਦੇ ਪਚਾਈ ਗਈ। ਸਗੋਂ ਹੁਣ ਤੇ ਅੰਗਰੇਜ਼ੀ ਬੋਲੀ ਨੂੰ ਵੀ ਬੜੀ ਤੇਜ਼ੀ ਨਾਲ ਹਜ਼ਮ ਕਰਨ ਲੱਗ ਪਈ ਹੈ।''[34]

ਪੰਜਾਬੀ ਖੁਲ੍ਹੇ ਡੁਲ੍ਹੇ ਸੁਭਾਅ ਦੇ ਮਾਲਕ ਹਨ। ਇਨ੍ਹਾਂ ਨੇ ਆਪਣਾ ਜੀਵਨ ਬਹੁਤ ਬੰਧਨਾ ਵਿਚ ਨਹੀਂ ਬੰਨ੍ਹਿਆ ਹੈ। ਰੱਜ ਕੇ ਖਾਣਾ ਤੇ ਰੱਜ ਕੇ ਵਾਹੁਣਾ, ਮੌਜ ਮੇਲੇ ਕਰਨੇ ਇਨ੍ਹਾਂ ਦੀ ਰੁਚੀ ਹੈ। ਪੰਜਾਬੀ ਕਿਸੇ ਵੀ ਬੰਧਨ ਨੂੰ ਸਵੀਕਾਰ ਨਹੀਂ ਕਰਦਾ। ਇਸੇ ਤਰ੍ਹਾਂ ਪੰਜਾਬੀ ਦੇ ਕਾਵਿ ਰੂਪ ਕਿਸੇ ਬੰਧਨ ਵਿਚ ਬੱਝੇ ਨਹੀਂ। ਖੁਲ੍ਹੇ ਡੁਲ੍ਹੇ ਪੰਜਾਬੀ ਜੀਵਨ ਨੇ ਕਾਵਿ-ਰੂਪਾਂ ਵਿਚ ਵੀ ਖੁਲ੍ਹ ਕਾਇਮ ਰੱਖੀ ਹੈ। ਪੰਜਾਬੀ ਕਾਵਿ ਵਿਚ ਸੰਸਕ੍ਰਿਤ ਜਾਂ ਫ਼ਾਰਸੀ ਦੇ ਗਿਣੇ ਮਿਣੇ ਅਤੇ ਬੰਨ੍ਹੇ ਬਧਾਏ ਛੰਦ ਇੰਨੇ ਪ੍ਰਚਲਿਤ ਨਹੀਂ ਹੋ ਸਕੇ ਜਿੰਨੇ ਮਾਤ੍ਰਿਕ ਛੰਦ, ਸਗੋਂ ਬਹੁਤ ਕਾਵਿ ਤਾਂ ਲੋਕ ਗੀਤਾਂ ਦੀ ਧਾਰਨਾ ਤੇ, ਫ਼ਰੀਦ ਦੇ ਸ਼ਬਦਾਂ ਤੋਂ ਲੈ ਕੇ ਅੰਮ੍ਰਿਤਾ ਪ੍ਰੀਤਮ ਦੇ ਗੀਤਾਂ ਤੱਕ ਰਚਿਆ ਜਾਂਦਾ ਰਿਹਾ ਹੈ।

ਪੰਜਾਬੀ ਭਾਸ਼ਾ ਪੰਜਾਬੀ ਲੋਕਾਂ ਵਾਂਗ ਸਾਦ ਮੁਰਾਦੀ। ਇਸ ਵਿਚ ਪੰਜਾਬੀ ਜੀਵਨ ਵਾਂਗ ਬਹੁਤ ਅੜਕ ਮੜਕ ਨਹੀਂ ਹੈ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ, ''ਪੰਜਾਬੀ ਬੋਲੀ ਨੂੰ ਰਾਜ ਦਰਬਾਰ ਦਾ ਮਾਣ ਨਹੀਂ ਮਿਲਿਆ। ਇਹ ਆਮ ਲੋਕਾਂ ਦੇ ਵਿਹੜਿਆਂ ਵਿਚ ਪੈਲੀਆਂ ਦੇ ਖੇਤਾਂ ਵਿਚ, ਤੇ ਮੈਦਾਨਾਂ ਵਿਚ ਖੇਡੀ ਤੇ ਪਲੀ। ਇਸ ਲਈ ਇਸ ਨੇ ਦਰਬਾਰੀ ਲੋਕਾਂ ਦੀ ਅੜਕ ਮੜਕ ਨਹੀਂ ਸਿੱਖੀ। ਇਹ ਆਮ ਪੰਜਾਬੀ ਲੋਕਾਂ ਵਾਂਗ ਸਾਦਾ ਮੁਰਾਦੀ ਰਹੀ।''[35]

ਪੰਜਾਬੀ ਸਾਹਿਤ ਪੰਜਾਬੀ ਲੋਕਾਂ ਦੇ ਸੁਭਾਅ ਅਤੇ ਆਚਰਣ ਅਨੁਸਾਰ ਰਚਿਆ ਗਿਆ ਹੈ। ਪੰਜਾਬੀ ਸਾਹਿਤ ਪੰਜਾਬੀ ਜੀਵਨ ਤੇ ਸਭਿਆਚਾਰ ਦਾ ਸ਼ੀਸ਼ਾ ਹੈ। ਪੰਜਾਬੀ ਲੋਕ ਪਿਆਰ ਦੀ ਕਦਰ ਕਰਦੇ ਹਨ ਅਤੇ ਸੰਸਾਰਕ ਪਿਆਰ ਨੂੰ ਵੀ ਰੱਬੀ ਪਿਆਰ ਦੇ ਸਾਮਾਨ ਸਮਝਦੇ ਹਨ। ਤੇਜਾ ਸਿੰਘ ਅਨੁਸਾਰ.... ''ਪੰਜਾਬੀ ਸਾਹਿਤ ਇਸ ਪਿਆਰ ਦੀ ਰੋਮਾਂਸ ਨਾਲ ਰੰਗਿਆ ਪਿਆ ਹੈ। ਪੰਜਾਬੀ ਸਾਹਿਤ ਨਾਲੋਂ ਪੰਜਾਬੀਅਤ ਨਿਖੇੜੀ ਨਹੀਂ ਜਾ ਸਕਦੀ, ਇਸੇ ਲਈ ਕਿਸੇ ਚੰਗੀ ਪੰਜਾਬੀ ਰਚਨਾ ਦਾ ਕਿਸੇ ਹੋਰ ਬੋਲੀ ਵਿਚ ਠੀਕ ਠੀਕ ਉਲਥਾ ਨਹੀਂ ਹੋ ਸਕਦਾ। ਪੂਰਨ ਸਿੰਘ ਦੀ ਕਵਿਤਾ ''ਮੇਰਾ ਪੁਰਾਣਾ ਪੰਜਾਬ'' ਜਾਂ ''ਜਵਾਨ ਪੰਜਾਬ ਦੇ'' ਜੇਹੀਆਂ ਰਚਨਾਵਾਂ ਕਿਸੇ ਗ਼ੈਰ ਪੰਜਾਬੀ ਸਾਹਿਤ ਵਿਚ ਨਹੀਂ ਸਨ ਲਿਖੀਆਂ ਜਾ ਸਕਦੀਆਂ।''[36]

ਪੰਜਾਬੀ ਭਾਸ਼ਾ ਨੇ ਪੰਜਾਬੀਆਂ ਵਿਚ ਆਪਣੇ ਗੁਣ ਕੁੱਟ ਕੁੱਟ ਕੇ ਭਰੇ ਹਨ। ਕਿਸੇ ਵੀ ਬੋਲੀ ਦੇ ਬੋਲਣ ਵਾਲੇ ਆਪਣੇ ਦੁਖ ਸੁਖ, ਸੂਰਮਤਾ, ਸਹਿਨਸ਼ੀਲਤਾ ਕਰੜਾਈ ਅਤੇ ਨਿਮਰਤਾਈ ਦੇ ਭਾਵ ਆਪਣੀ ਮਾਤ ਭਾਸ਼ਾ ਰਾਹੀਂ ਪ੍ਰਗਟ ਕਰਦੇ ਹਨ।

ਪੰਜਾਬੀ ਸਾਹਿਤ ਵਿਚ ਪੰਜਾਬੀਅਤ ਦੇ ਗੁਣ ਰੂਪਮਾਨ ਹੁੰਦੇ ਹਨ। ਪੰਜਾਬੀ ਗੁਲਾਮੀ ਨੂੰ ਸਹਿਨ ਨਹੀਂ ਕਰ ਸਕਦੇ। ਉਨ੍ਹਾਂ ਦੇ ਲਈ ਪਰਾਇਆ ਘਰ ਮੌਤ ਬਰਾਬਰ ਹੈ। ਉਹ ਸਵੈਧੀਨਤਾ ਦਾ ਜੀਵਨ ਬਤੀਤ ਕਰਨਾ ਚਾਹੁੰਦੇ ਹਨ। ਉਹ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਅਣਖੀ ਜੀਵਨ ਜੀਊਣਾ ਚਾਹੁੰਦੇ ਹਨ। ਅਜੇਹੇ ਵਿਚਾਰ ਬਾਬਾ ਫ਼ਰੀਦ, ਗੁਰੂ ਨਾਨਕ. ਪੂਰਨ ਸਿੰਘ ਅਤੇ ਦੀਵਾਨ ਸਿੰਘ ਕਾਲੇ ਪਾਣੀਆਂ ਨੇ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤੇ ਹਨ। (ਇਸ ਦਾ ਵਿਸਥਾਰ ਸਹਿਤ ਵਰਣਨ ਪਿਛੇ ਪੰਜਾਬੀ ਸਭਿਆਚਾਰ ਦੇ ਨਿੱਖੜਵੇਂ ਲੱਛਣ ਵਿਚ ਕਰ ਚੁੱਕੇ ਹਾਂ)।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਪੰਜਾਬੀ ਪੰਜਾਬੀਆਂ ਦੀ ਮਾਂ ਬੋਲੀ ਹੈ। ਪੰਜਾਬੀ, ਪੰਜਾਬੀਆਂ ਦੀ ਜਿੰਦ ਜਾਨ ਹੈ। ਇਸ ਤੋਂ ਬਿਨਾਂ ਉਹ ਆਪਣੇ ਬੀਤ ਗਏ ਸਮੇਂ ਨਾਲੋਂ ਕੱਟ ਜਾਣਗੇ। ਪੰਜਾਬੀ ਬਿਨਾਂ ਪੰਜਾਬ ਨਹੀਂ ਰਹੇਗਾ, ਹੋਰ ਕੁਛ ਭਾਵੇਂ ਬਣ ਜਾਵੇ। ਪੰਜ ਦਰਿਆਵਾਂ ਦੀ ਧਰਤੀ ਦੇ ਵਸਨੀਕਾਂ ਦਾ ਭਾਸ਼ਾਈ-ਸੁਭਾ ਚੰਗੀ ਤਰ੍ਹਾਂ ਸਥਿਰ ਹੋ ਚੁੱਕਾ ਹੈ ਤੇ ਹਜ਼ਾਰਾਂ ਵਰ੍ਹਿਆਂ ਤੱਕ ਦੇ ਕਰੜੇ ਤੋਂ ਕਰੜੇ ਵਿਦੇਸ਼ੀ ਹਮਲੇ ਵੀ ਜਨ ਸਾਧਾਰਨ ਦੀ ਭਾਸ਼ਾ ਤੇ ਵਿਸ਼ੇਸ਼ ਪ੍ਰਭਾਵ ਨਹੀਂ ਪਾ ਸਕੇ।

ਹਵਾਲੇ ਤੇ ਟਿੱਪਣੀਆਂ

1 **ਸਭਿਆਚਾਰ : ਮੁੱਢਲੀ ਜਾਣ ਪਛਾਣ**, ਪੰਨੇ 98-99

2 **ਪੰਜਾਬ ਦੀ ਲੋਕਧਾਰਾ**, ਪੰਨੇ 214-15

3 ਉਹੀ, ਪੰਨਾ 2

4 ਉਹੀ

5 ਕਿਰਪਾਲ ਸਿੰਘ, "ਪੰਜਾਬ: ਨਾਮਕਰਣ ਤੇ ਸੀਮਾ", **ਸਮਾਜਿਕ ਵਿਗਿਆਨ ਪ੍ਰਤਿਕਾ**, ਜੁਲਾਈ ਦਸੰਬਰ 1967, ਪੰਨਾ 35 ਦੁਆਰਾ ਉਧਰਿਤ।

6 ਉਹੀ

7 **ਪੰਜਾਬ ਦੀ ਲੋਕਧਾਰਾ**, ਪੰਨੇ 3-4

8 ਤੇਜਾ ਸਿੰਘ, **ਸਹਿਜ ਸੁਭਾ**, ਪੰਨਾ 21

9 ਉਹੀ ਰਚਨਾ, ਪੰਨਾ 2

10. 'ਪੰਜਾਬੀ ਸਭਿਆਚਾਰ ਨੂੰ ਦਿਲ ਦੀ ਦੇਣ", **ਪੰਜਾਬੀ ਦੁਨੀਆ**, ਜੁਲਾਈ 1980 ਪੰਨਾ 53

11. ਡੀ.ਐਨ. ਕੁੰਦਰਾ, **ਪ੍ਰਾਚੀਨ ਭਾਰਤ ਦਾ ਇਤਿਹਾਸ**, ਪੰਨਾ 62

12. ਗਿਆਨੀ ਲਾਲ ਸਿੰਘ, "ਮੁਖ ਬੰਦ", **ਪੰਜਾਬ ਦਾ ਸੰਖੇਪ ਇਤਿਹਾਸ** ਦੁਆਰਾ ਉਧਰਿਤ।

13. **ਪੰਜਾਬ ਦੀ ਲੋਕਧਾਰਾ**, ਪੰਨਾ 1

14. ਕ੍ਰਿਪਾਲ ਸਿੰਘ ਨਾਰੰਗ, "ਪੰਜਾਬ ਦੀ ਦੇਣ" (**ਪੰਜਾਬ**, ਸੰਪਾਦਕ ਮਹਿੰਦਰ ਸਿੰਘ ਰੰਧਾਵਾ) ਪੰਨਾ 530

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

15. ਡੀ. ਐਨ. ਕੁੰਦਰਾ. **ਪ੍ਰਾਚੀਨ ਭਾਰਤ ਦਾ ਇਤਿਹਾਸ** ਪੰਨਾ 93
16. ਸਮਸ਼ੇਰ ਸਿੰਘ ਮਾਸ਼ਕੋ. **ਪੰਜਾਬੀ ਜੀਵਨ ਤੇ ਸੰਸਕ੍ਰਿਤੀ**, ਪੰਨਾ 29
17. **ਪੰਜਾਬੀ ਸਾਹਿਤ**, ਪੰਨੇ 91-92
18. ਪਰਮਿੰਦਰ ਸਿੰਘ, '1850-1900 ਵਿਚਲੇ ਪੰਜਾਬੀ ਸਾਹਿਤ ਦਾ ਆਲੋਚਨਾਤਮਿਕ ਅਧਿਐਨ'. ਪੀਐਚ. ਡੀ ਖੋਜ-ਪ੍ਰਬੰਧ (ਅਣਪ੍ਰਕਾਸ਼ਿਤ) ਪੰਨਾ 155
19. **ਦੀ ਇੰਡੀਅਨ ਹੈਰੀਟੇਜ਼**, ਪੰਨੇ 96-97
20. **ਏਵੋਲੂਸ਼ਨ ਆਫ਼ ਦੀ ਇੰਡੀਅਨ ਕਲਚਰ**, ਪੰਨਾ 669
21. ਸੁਰਿੰਦਰ ਸਿੰਘ ਕੋਹਲੀ, **ਪੰਜਾਬੀ ਸਾਹਿਤ ਦਾ ਇਤਿਹਾਸ**, ਪੰਨਾ 443
22. ਅਤਰ ਸਿੰਘ, **ਦ੍ਰਿਸ਼ਟੀ ਕੋਣ**, ਪੰਨੇ 41-42
23. **ਪੰਜਾਬ ਦੀ ਲੋਕਧਾਰਾ**, ਪੰਨੇ 1-2
24. ਉਹੀ, ਪੰਨਾ 81
25. ਉਹੀ
26. ਉਹੀ
27. ਸ.ਸ ਅਮੋਲ, **ਪੰਜਾਬੀ ਸਭਿਆਚਾਰ ਦੀ ਰੂਪ ਰੇਖਾ**, ਪੰਨਾ 76
28. ਗੁਲਜ਼ਾਰ ਸਿੰਘ ਸੰਧੂ, ''ਹਾਰ ਸ਼ਿੰਗਾਰ ਦੇ ਪਹਿਰਾਵਾ'', **ਪੰਜਾਬ**, ਪੰਨਾ 140 ਦੁਆਰਾ ਉਧਰਿਤ।
29. ਉਹੀ
30. ਸ.ਸ. ਅਮੋਲ, **ਪੰਜਾਬੀ ਸਭਿਆਚਾਰ ਦੀ ਰੂਪ ਰੇਖਾ**, ਪੰਨਾ 78
31. **ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ**, ਪੰਨਾ 204
32. ਉਹੀ
33. 'ਮੁੱਖ ਬੰਦ', **ਪੰਜਾਬ ਦੇ ਹੀਰੇ**, ਪੰਨਾ 9
34. ਉਹੀ, ਪੰਨਾ 16
35. **ਸਾਹਿਤ ਦਰਸ਼ਨ**, ਪੰਨਾ 30
36. **ਪ੍ਰਿੰਸੀਪਲ ਤੇਜਾ ਸਿੰਘ ਦੇ ਚੋਣਵੇਂ ਲੇਖ**, ਪੰਨਾ 99

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਕੋਮਲ ਕਲਾਵਾਂ

ਕਲਾ ਜਾਂ ਸਾਹਿਤ, ਸਮਕਾਲੀ ਜੀਵਨ ਦਾ ਦਰਪਣ ਹੁੰਦਾ ਹੈ। ਕਲਾਕਾਰ ਜਾਂ ਸਾਹਿਤਕਾਰ ਆਪਣੇ ਸਮੇਂ ਦੀ ਤਸਵੀਰ ਤੂਲਕ ਜਾਂ ਕਲਮ ਰਾਹੀਂ ਬਿਆਨ ਕਰਦਾ ਹੈ। ਸਾਡੇ ਸਮਾਜਕ ਜੀਵਨ ਦੀ ਤਸਵੀਰ ਪ੍ਰਚੱਲਤ ਰਾਜਨੀਤਕ ਢਾਂਚੇ ਵਿਚੋਂ ਹੀ ਦੇਖੀ ਜਾ ਸਕਦੀ ਹੈ। ਇਸ ਲਈ ਜਿਹੋ ਜਿਹਾ ਰਾਂਜਨੀਤਕ ਪੱਧਰ ਹੋਵੇਗਾ, ਉਹੋ ਜਿਹਾ ਜੀਵਨ ਕਲਾ ਜਾਂ ਸਾਹਿਤ ਦੀ ਰਚਨਾ ਕਰੇਗਾ।

ਕਲਾ ਦੀ ਵੱਖ ਵੱਖ ਵਿਦਵਾਨਾਂ ਵੱਖੋ ਵੱਖਰੀ ਪਰਿਭਾਸ਼ਾ ਦਿੱਤੀ ਹੈ। ਇਨ੍ਹਾਂ ਵਿਚ ਪ੍ਰਮੁੱਖ ਚਿੰਤਕ ਹਨ, ਤਲੋਟੀਨਸ, ਰਸਕਿਨ, ਟਾਲਸਟਾਏ, ਅਰਸਤੂ, ਕਾਂਤ, ਕ੍ਰੋਚੇ ਅਤੇ ਸਪਿਨ ਗਾਰਨ ਆਦਿ। ਕਿਸੇ ਇਕ ਸਮੇਂ ਕਾਲ ਦੀ ਇਕੋ ਪਰਿਭਾਸ਼ਾ ਸਰਵ-ਪ੍ਰਵਾਨਤ ਨਹੀਂ ਰਹੀਂ ਸਗੋਂ ਵੱਖੋ ਵੱਖ ਵਿਦਵਾਨ ਕਲਾ ਦੀਆਂ ਵੱਖੋ ਵੱਖ ਪਰਿਭਾਸ਼ਾਵਾਂ ਦੇਂਦੇ ਰਹੇ ਹਨ। ਅਜੇ ਤੱਕ ਵੀ ਕੋਈ ਸਥਾਈ ਅਤੇ ਨਿਸ਼ਚਿਤ ਪਰਿਭਾਸਾ ਨਹੀਂ ਮੰਨੀ ਗਈ ਅਤੇ ਨਾ ਹੀ ਮੰਨੀ ਜਾਵੇਗੀ, ਕਿਉਂਕਿ ਪਰਿਵਰਤ-ਸ਼ੀਲਤਾ ਇਸ ਬ੍ਰਹਿਮੰਡ ਦਾ ਪ੍ਰਮੁੱਖ ਗੁਣ ਹੈ। ਸਮੇਂ ਦੇ ਨਾਲ ਨਾਲ ਮਾਨਵ ਬਦਲ ਰਿਹਾ ਹੈ, ਸਭਿਅਤਾ ਬਦਲ ਰਹੀ ਹੈ, ਵਿਚਾਰ ਬਦਲ ਰਹੇ ਹਨ। ਸੋ ਇਸ ਸਭ ਕੁੱਝ ਦੇ ਨਾਲ ਨਾਲ ਕਲਾ ਦੀ ਪਰਿਭਾਸ਼ਾ ਦਾ ਬਦਲਦੇ ਰਹਿਣਾ ਸੁਭਾਵਿਕ ਹੈ। ਪਰ ਇਸ ਨਾਲ ਸਾਰੇ ਸਹਿਮਤ ਹਨ ਕਿ ਕਲਾ ਰਾਹੀ ਮਨੁੱਖ ਆਪਣੇ ਵਿਚਾਰ੍ਹਾਂ ਦਾ ਪ੍ਰਗਟਾਵਾ ਕਰਦਾ ਹੈ ਅਤੇ ਮਨ ਦੀ ਬਹਿਬਲਤਾ ਨੂੰ ਦੂਜਿਆਂ ਅੱਗੇ ਰੱਖ ਸਕਦਾ ਹੈ।

400 ਈਸਵੀ ਪੂਰਬੀ ਵਿਚ ਕੋਟੱਲਿਆ ਨੇ ਕਲਾ ਨੂੰ ਦੋ ਮੁੱਖ ਰੂਪਾਂ ਵਿਚ ਵੰਡਿਆ ਹੈ (1) ਉਪਯੋਗਤਾਵਾਦੀ ਕਲਾ : ਜਿਸ ਵਿਚ ਕੇਵਲ ਉਪਯੋਗਤਾ ਨੂੰ ਵਧੇਰੇ ਮਹੱਤਾ ਦਿੱਤੀ ਜਾਂਦੀ ਸੀ। (2) ਲਲਿਤ ਕਲਾ: ਇਸ ਦੇ ਖੇਤਰ ਵਿਚ ਆਰਥਕ ਅਤੇ ਸਮਾਜਕ ਉਪਯੋਗ। ਇ੍ਸ ਦੇ ਨਾਲ ਨਾਲ ਕੋਮਲਤਾ, ਸੂਖ਼ਮਤਾ, ਨਾਜ਼ੁਕਤਾ, ਸੁਹੱਪਣ ਅਤੇ ਮਨੋਰੰਜਨ ਦੇ ਸੂਖਮ ਤੱਤ ਰੱਖਣ ਵਾਲੇ ਖੇਤਰ ਕਵਿਤਾ, ਸੰਗੀਤ, ਚਿੱਤ੍ਰਕਲਾ, ਮੂਰਤੀ ਕਲਾ, ਭਵਨ ਨਿਰਮਾਣ ਕਲਾ ਅਤੇ ਡਰਾਮੇ ਨੂੰ ਰੱਖਿਆ ਗਿਆ ਹੈ। ਪਰ ਯੂਰਪੀਅਨ ਵਿਦਵਾਨ੍ਹਾਂ ਨੇ ਕਲਾ ਵਿਚ ਉਦਯੋਗਤਾ ਦੀ ਖੋਜ ਨੂੰ ਠੀਕ ਨਹੀਂ ਮੰਨਿਆ ਹੈ। ਉਨ੍ਹਾਂ ਤੇ ਕਲਾ ਦਾ ਉਦੇਸ਼ ਅਭਿਵਿਅਜਨ ਦੱਸਿਆ। ਪਰ ਭਾਰਤੀ ਲਲਿਤ ਕਲਾ- ਵਿਗਿਆਨ ਵਿਚ ਵਸਤੂ ਦੇ ਭੌਤਿਕ ਅਤੇ ਅਧਿਆਤਮਕ (ਆਂਤਰਿਕ ਅਤੇ ਬਾਹਰੀ) ਦੋਹਾਂ ਪੱਖਾਂ ਨੂੰ ਸਮਾਨ ਦਰਜਾ ਕਿਹਾ ਹੈ। ਇਥੇ ਅਸੀਂ ਪ੍ਰਮੁੱਖ ਲਲਿਤ ਕਲਾਵਾਂ ਚਿਤਰਕਾਰੀ, ਸੰਗੀਤ ਕਲਾ ਅਤੇ ਭਵਨ ਨਿਰਮਾਣ ਕਲਾ ਦਾ ਹੀ ਵਰਣਨ ਕਰਾਂਗੇ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ੳ) ਚਿੱਤਰਕਾਰੀ

ਭਾਰਤ ਵਿਚ ਚਿੱਤਰਕਾਰੀ ਦੀ ਪਰੰਪਰਾ ਬਹੁਤ ਪੁਰਾਣੀ ਹੈ। ਅਜੇ ਤੱਕ ਭਾਰਤ ਵਿਚ ਮਨੁੱਖ ਦੀ ਪੁਰਾਤਨਤਾ ਦਾ ਸਹੀ ਸਮਾਂ ਨਿਸ਼ਚਿਤ ਨਹੀਂ ਕੀਤਾ ਜਾ ਸਕਿਆ। ਪਰ ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਭਾਰਤ ਵਿਚ ਮਨੁੱਖ ਦਾ ਜੀਵਨ ਲਗ ਭਗ ਪੰਜ ਲੱਖ ਸਾਲ ਪਹਿਲੇ ਆਰੰਭ ਹੋਇਆ. ਉਹ ਲੋਕ ਕਿਸੇ ਥਾਂ ਸਥਾਈ ਤੌਰ ਤੇ ਬੱਝ ਕੇ ਨਹੀਂ ਸਨ ਰਹਿੰਦੇ ਸਗੋਂ ਸ਼ਿਕਾਰ ਅਤੇ ਹੋਰ ਖਾਣ ਵਾਲੀਆਂ ਚੀਜ਼ਾਂ ਦੀ ਭਾਲ ਵਿਚ ਜੰਗਲਾਂ ਵਿਚ ਫਿਰਦੇ ਰਹਿੰਦੇ ਸਨ। ਪਾਣੀ ਦੀ ਥੁੜ ਤੋਂ ਬਚਣ ਲਈ ਉਹ ਆਮ ਤੌਰ ਤੇ ਨਦੀਆਂ ਦੇ ਲਾਗੇ ਝੋਂਪੜੀਆਂ ਬਣਾਕੇ ਤੇ ਜਾਂ ਗੁਫਾਵਾਂ ਵਿਚ ਰਹਿੰਦੇ ਹਨ। ਇਹ ਲੋਕ ਪੱਥਰ ਦੇ ਭੱਦੇ ਜੇਹੇ ਸੰਦਾਂ ਦੀ ਵਰਤੋਂ ਕਰਦੇ ਸਨ। ਧਾਤਾਂ ਦੀ ਵਰਤੋਂ ਦਾ ਇਨ੍ਹਾਂ ਨੂੰ ਕੋਈ ਗਿਆਨ ਨਹੀਂ ਸੀ। ਇਸ ਜੰਗਲੀ ਮਾਨਵ ਦੀ ਸੰਤਾਨ ਦੇ ਕਬੀਲੇ ਅਜੇ ਵੀ ਦੱਖਣੀ ਭਾਰਤ ਵਿਚ ਅਤੇ ਅੰਡੇਮਾਨ ਟਾਪੂਆਂ ਵਿੱਚ ਮਿਲਦੇ ਹਨ। ਇਨ੍ਹਾਂ ਲੋਕਾਂ ਵਿਚ ਚਿੱਤਰ ਬਣਾਉਣ ਦੀ ਰੁਚੀ ਸੀ। ਪੂਰਵ ਇਤਿਹਾਸਕ ਗੁਫਾ ਚਿੱਤਰਾਂ ਨੂੰ ਵੇਖਦਿਆਂ ਆਦਿ ਮਾਨਵ ਦੀ ਕਲਾ-ਰੁਚੀ ਨੂੰ ਅਨੁਭਵ ਕਰਕੇ ਬੜੀ ਹੈਰਾਨੀ ਹੁੰਦੀ ਹੈ। ਇਹ ਪੁਰਾਣੀਆਂ ਕਲਾ ਕ੍ਰਿਤੀਆਂ ਹੀ ਮਾਨਵ ਦੀ ਪ੍ਰਗਤੀ ਦਾ ਵਿਸ਼ਵਾਸ ਯੋਗ ਇਤਿਹਾਸ ਹਨ। ਅਜਿਹੇ ਗੁਫਾ-ਚਿੱਤਰ ਭਾਰਤ ਤੋਂ ਸਿਵਾ ਸਪੇਨ, ਫ਼ਰਾਂਸ, ਅਲਾਸਕਾ, ਲੌਸੇਕਸ ਅਤੇ ਦੱਖਣੀ ਰੋਡੇਸ਼ੀਆ ਆਦਿ ਥਾਵਾਂ ਤੇ ਵੀ ਮਿਲੇ ਹਨ, ਜਿਨ੍ਹਾਂ ਦਾ ਸਮਾਂ 50,000 ਈ. ਪੂਰਵ ਤੋਂ 10,000 ਈ. ਪੂਰਵ ਦਾ ਨਿਸ਼ਚਿਤ ਕੀਤਾ ਗਿਆ ਹੈ। ਇਸ ਤੋਂ ਪਿਛੋਂ ਲਗਪਗ 4,000 ਈ. ਪੂਰਵ ਤੱਕ ਦੇ ਹਜ਼ਾਰਾਂ ਸਾਲਾਂ ਦੇ ਕਲਾ ਨਮੂਨੇ ਨਹੀਂ ਮਿਲੇ। ਏਥੋਂ ਤਕ ਪਹੁੰਚ ਕੇ ਮਾਨਵ ਨੂੰ ਧਾਤ ਦੀ ਵਰਤੋਂ ਦਾ ਪਤਾ ਲੱਗ ਚੁੱਕਾ ਸੀ।

ਉਪਰੋਕਤ ਥ਼ਾਵਾਂ ਤੋਂ ਪੂਰਵ-ਪੱਥਰ ਯੁੱਗ ਦੇ ਮਿਲੇ ਸਾਰੇ ਚਿੱਤਰਾਂ ਵਿਚ ਜੰਗਲੀ ਪਸ਼ੂ ਅਤੇ ਉਹਨਾਂ ਦੇ ਸ਼ਿਕਾਰ ਦਾ ਵਿਸ਼ਾ ਹੀ ਪ੍ਰਧਾਨ ਹੈ। ਭਾਰਤ ਵਿਚ ਅਜੇਹੇ ਚਿੱਤਰ ਮੱਧ ਪ੍ਰਦੇਸ਼ ਦੇ ਪੰਚਮੜੀ, ਆਦਮਗੜ੍ਹ, ਰਾਏਗੜ੍ਹ ਰਿਆਸਤ ਵਿਚ ਸਿੰਘਨਪੁਰ, ਮਿਰਜ਼ਾਪੁਰ, ਧੌਰਮਪੁਰ ਵਾਲੇ ਚਿਤਰਾਂ ਦਾ ਸਮਾਂ 3000 ਈ. ਪੂਰਵ ਮਿਥਿਆ ਗਿਆ ਹੈ। ਭਾਰਤ, ਮੱਧ ਏਸ਼ੀਆ ਅਤੇ ਚੀਨ ਦੀ 4,000 ਤੋਂ 3,000 ਈ. ਪੂਰਵ ਦੀ ਸਭਿਅਤਾ ਨੂੰ ''ਮੁਰਦਿਆਂ ਦੇ ਭਾੜਿਆਂ'' ਦੀ ਸਭਿਅਤਾ ਕਿਹਾ ਜਾਂਦਾ ਹੈ। ਭਾਰਤ ਵਿਚ ਮੋਹਨ-ਜੋਦੜੋ, ਹੜੱਪਾ ਅਤੇ ਲੋਥਲ ਤੋਂ ਮਿੱਟੀ ਦੇ ਪਕਾਏ ਹੋਏ ਭਾਂਡੇ ਮਿਲੇ ਹਨ, ਜਿਨ੍ਹਾਂ ਉਪੱਰ ਜਿਆਮਿਤਕ ਅਤੇ ਫੁੱਲ ਪੱਤੀਆਂ ਦੇ ਅਲਕਰਣ ਮਾਨਵ ਅਤੇ ਪਸ਼ੂ ਮੰਡੀਆਂ ਦੀਆਂ ਆਕ੍ਰਿਤੀਆਂ ਬਣੀਆਂ ਹੋਈਆਂ ਹਨ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲਗਭਗ 1400 ਈ. ਪੂਰਵ ਤੱਕ ਆਰੀਆ ਭਾਰਤ ਵਿਚ ਆਉਣ ਲੱਗ ਪਏ ਸਨ। ਇਸ ਸਮੇਂ ਹੜੱਪਾ, ਸਭਿਅਤਾ ਸਵਾਰਾਸ਼ਟਰ ਅਤੇ ਗੁਜਰਾਤ ਵਿਚ ਜਿਉਂਦੀ ਸੀ। ਇਸ ਸਮੇਂ ਦੇ ਕੁਝ ਸ਼ਿਲਾਚਿਤਰ ਹੋਸ਼ਗਾਬਾਦ, ਪੰਚਮੜੀ, ਮਿਰਜ਼ਾਪੁਰ ਅਤੇ ਨਾਮਕ ਥਾਵਾਂ ਤੇ ਮਿਲੇ ਹਨ। ਇਸ ਤੋਂ ਪਿਛੋਂ ਬੁੱਧਮਤ ਦੇ ਸਮੇਂ ਅਰਥਾਤ 500 ਈ. ਪੂਰਵ ਤੋਂ ਕਲਾ ਨੂੰ ਰਾਜਿਆਂ ਦੀ ਸਰਪ੍ਰਸਤੀ ਦਾ ਮਾਣ ਮਿਲਦਾ ਹੈ। ਇਸ ਪਿਛੋਂ ਮੁਸਲਮਾਨਾਂ ਦੇ ਆਉਣ ਨਾਲ ਭਾਰਤ ਚਿੱਤਰ ਕਲਾ ਵਿਚ ਨਵਾਂ ਨਿਖਾਰ ਆਇਆ। ਈਰਾਨ ਆਦਿ ਦੇਸ਼ ਤੋਂ ਆਏ ਕਲਾਕਾਰਾਂ ਨੇ ਆਪਣੇ ਆਪ ਨੂੰ ਨਵੇਂ ਵਾਤਾਵਰਣ ਅਨੁਸਾਰ ਢਾਲ ਲਿਆ। ਭਾਰਤੀ ਕਲਾਕਾਰਾਂ ਨਾਲ ਮਿਲਕੇ ਕੰਮ ਕਰਨ ਨਾਲ ਉਨ੍ਹਾਂ ਦੀ ਈਰਾਨੀ ਕਲਾ ਸ਼ੈਲੀ ਵਿਚ ਕੁਝ ਪਰਿਵਰਤਨ ਆ ਗਿਆ। ਇਸ ਤਰ੍ਹਾਂ ਭਾਰਤੀ ਦੌਰ ਸਦਕਾ ਇਕ ਨਵੀਂ ਕਲਾ ਸ਼ੈਲੀ ਦਾ ਜਨਮ ਹੋਇਆ, ਜਿਸ ਦਾ ਨਾਉਂ ਮੁਗਲ ਸ਼ੈਲੀ ਰੱਖਿਆ ਗਿਆ।

ਮੁਗਲ ਆਪ ਤਾਂ ਬਾਹਰੋਂ ਆਏ ਸਨ, ਪਰ ਉਨ੍ਹਾਂ ਇਥੇ ਰਾਜ ਕਰਦਿਆਂ ਭਾਰਤ ਨੂੰ ਆਪਣਾ ਘਰ ਬਣਾ ਲਿਆ ਸੀ। ਇਵੇਂ ਹੀ ਮੁਗਲ ਸ਼ੈਲੀ ਦਾ ਮੁਖ ਸੋਮਾ ਭਾਵੇਂ ਬਾਹਰਲਾ ਸੀ, ਪਰ ਭਾਰਤ ਵਿਚ ਆ ਕੇ ਇੰਥੇਂ ਦੀ ਸਥਾਨਕ ਕਲਾ ਨਾਲ ਇਤਨੀ ਘੁਲਮਿਲ ਗਈ ਕਿ ਇਹ ਨਿਰੀ ਭਾਰਤੀ ਹੀ ਜਾਪਣ ਲੱਗ ਪਈ। ਈਰਾਨ ਵਿਚੋਂ ਆਏ ਅਬਦੁਲ ਸਮੱਦ ਸ਼੍ਰੀਰਾਜ਼ੀ ਅਤੇ ਮੀਰ ਸੱਯਦ ਅਲੀ ਤਬਰੀਜ਼ ਦੇ ਉੱਘੇ ਕਲਾਕਾਰਾਂ ਨੇ ਭਾਰਤੀ ਕਲਾਕਾਰਾਂ ਬਾਸਵਾਨ, ਦਸਵੰਧ, ਕੇਸ਼ੋਰਾਮ ਆਦਿ ਨਾਲ ਮਿਲਕੇ ਕੰਮ ਕਰਨਾ ਸ਼ੁਰੂ ਕੀਤਾ। ਆਪਸੀ ਪ੍ਰਭਾਵ ਕਾਰਨ ਹੌਲੀ ਹੌਲੀ ਉਨ੍ਹਾਂ ਦੀ ਕਲਾ ਵੀ ਭਾਰਤੀ ਕਲਾ ਦਾ ਰੂਪ ਧਾਰਨ ਕਰ ਗਈ।

ਮੁਗਲ ਕਲਾ ਦਾ ਵਿਸ਼ੇਸ਼ ਚਿੰਨ੍ਹ ਯਥਾਰਥਵਾਦ ਹੀ ਰਿਹਾ ਹੈ। ਭਾਵ ਇਹ ਕਿ ਕੁਦਰਤ ਨੂੰ ਹੂ ਬ ਹੂ ਚਿਤ੍ਰਣ ਵਿਚ ਹੀ ਵਿਸ਼ਵਾਸ ਰਖਦੇ ਹਨ। ਉਨ੍ਹਾਂ ਦੀ ਕਲਾ ਦਾ ਮੱਖ ਵਿਸ਼ਾ ਦਰਬਾਰੀ ਸ਼ਾਨ ਦਾ ਪ੍ਰਗਟਾਵਾ ਕਰਨਾ ਹੀ ਸੀ। ਮੁਢਲੇ ਸਮੇਂ ਵਿਚ ਚਿਤਰ ਦਾ ਆਕਾਰ ਛੋਟੇ ਰੂਪ ਦਾ ਹੀ ਰਿਹਾ ਹੈ। ਮਹਾਨ ਅਕਬਰ ਤੋਂ ਪਿਛੋਂ ਉਸ ਦੇ ਪੁੱਤਰ ਜਹਾਂਗੀਰ ਦੇ ਸਮੇਂ ਕਲਾ ਹੋਰ ਵੀ ਪ੍ਰਫੁਲਤ ਹੋਈ। ਚਿੱਤਰਾਂ ਦਾ ਆਕਾਰ ਵੀ ਵੱਡਾ ਹੋ ਗਿਆ। ਵਿਸ਼ੇ ਦਾ ਘੇਰਾ ਵੀ ਚੌੜਾ ਹੋ ਗਿਆ। ਹੁਣ ਪਰੋਤਰੇਤ ਤੇ ਸ਼ਿਕਾਰ ਦੇ ਦ੍ਰਿਸ਼ ਬੜੀ ਮਿਹਨਤ ਤੇ ਲਗਨ ਨਾਲ ਬਣਾਏ ਜਾਣ ਲੱਗ ਪਏ। ਕੁਦਰਤੀ ਫੁੱਲ, ਫ਼ਲ, ਜਾਨਵਰ, ਪੰਛੀ ਆਦਿ ਬੜੇ ਹੀ ਸ਼ੌਕ ਤੇ ਗਹੁ ਨਾਲ ਚਿਤਰੇ ਗਏ। ਜਹਾਂਗੀਰ ਦੇ ਸਮੇਂ ਅੰਗਰੇਜ਼ ਕਲਾਕਾਰ ਵੀ ਭਾਰਤ ਵਿਚ ਆਉਣ ਲੱਗ ਪਏ ਸਨ। ਉਨ੍ਹਾਂ ਦੀਆਂ ਤਸਵੀਰਾਂ ਵੀ ਨਕਲ ਹੋਣ ਲੱਗ ਪਈਆਂ ਸਨ। ਪਰ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਸੀ। ਕਲਾ ਦਾ ਪੱਧਰ ਜਿਹੜਾ ਕਿ ਜਹਾਂਗੀਰ ਦੇ ਸਮੇਂ ਸਿਖ਼ਰ ਤੇ ਪੁੱਜ ਚੁੱਕਾ ਸੀ, ਉਸ ਦੇ ਪੁੱਤਰ, ਸ਼ਾਹ ਜਹਾਨ ਦੇ ਸਮੇਂ ਕੁਝ ਢਹਿੰਦੀਆਂ ਕਲਾ ਵਲ ਚਲਾ ਗਿਆ ਸੀ। ਪ੍ਰਸਤਾਵਨ, ਰਚਨਾ ਤੇ ਰੰਗਾਂ ਵਿਚ ਅਮੀਰੀ ਆ ਗਈ ਸੀ, ਪਰ ਇਹ ਜ਼ਿਆਦਾਤਰ ਸਜਾਵਟੀ ਬਣ ਗਏ ਅਤੇ ਇਨ੍ਹਾਂ ਵਿਚ ਕੁਦਰਤੀ ਸਾਦਗੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਨਾ ਰਹੀ। ਸ਼ਾਹ ਜਹਾਨ ਦੀ ਚਿੱਤਰ ਕਲਾ ਨਾਲੋਂ ਸ਼ਿਲਪ ਕਲਾ ਵੱਲ ਵਧੇਰੇ ਰੁਚੀ ਸੀ। ਔਰੰਗਜ਼ੇਬ ਦੀ ਕਲਾ ਵਿਚ ਕੋਈ ਵਿਸ਼ੇਸ਼ ਰੁਚੀ ਨਹੀਂ ਸੀ, ਜਿਸ ਕਾਰਨ ਮੁਗਲ ਕਲਾ ਦਾ ਪੱਤਨ ਹੋਣਾ ਸ਼ੁਰੂ ਹੋ ਗਿਆ। ਦਰਬਾਰੀ ਕਲਾਕਾਰ ਆਪਣੀ ਰੋਜ਼ੀ ਲਈ ਹੋਰ ਦੂਜੇ ਥਾਵਾਂ ਤੇ ਚਲੇ ਗਏ। ਉਨ੍ਹਾਂ ਰੋਜ਼ੀ ਖਾਤਰ ਬਾਜ਼ਾਰੀ ਚਿੱਤਰ ਬਣਾਉਣੇ ਸ਼ੁਰੂ ਕਰ ਦਿੱਤੇ ਅਤੇ ਹੌਲੀ ਹੌਲੀ ਮੁਗਲ ਕਲਾ ਦਾ ਅੰਤ ਹੀ ਹੋ ਗਿਆ।

ਮੁਗਲਾਂ ਤੋਂ ਬਾਅਦ ਭਾਰਤ ਵਿਚ ਅੰਗਰੇਜ਼ੀ ਰਾਜ ਆ ਗਿਆ ਸੀ। ਅੰਗਰੇਜ ਮੁਸਲਮਾਨਾਂ ਵਾਂਗ ਆਪ ਇਥੋਂ ਦੇ ਵਾਸੀ ਨਹੀਂ ਬਣੇ। ਇਹ ਬਾਹਰੋਂ ਆਏ ਸਨ, ਬਾਹਰਲੇ ਰਹੇ ਅਤੇ ਬਾਹਰੋਂ ਹੀ ਰਾਜ ਕਰਦੇ ਰਹੇ। ਮੁਸਲਮਾਨ ਰਾਜਿਆਂ ਨੇ ਭਾਰਤ ਨੂੰ ਆਪਣਾ ਘਰ ਹੀ ਨਹੀਂ ਸੀ ਬਣਾਇਆ ਸਗੋਂ ਆਪ ਵੀ ਭਾਰਤੀ ਬਣ ਗਏ ਸਨ। ਅੰਗਰੇਜ਼ੀ ਸਭਿਅਤਾ ਦਾ ਸਭ ਤੋਂ ਵੱਧ ਪ੍ਰਭਾਵ ਕਲਾ ਉਤੇ ਪਿਆ। ਭਾਰਤ ਵਿਚ ਪਾਣੀ ਦੇ ਰੰਗ ਵਾਲੇ ਲਘੂ ਚਿੱਤਰਾਂ ਅਤੇ ਦੀਵਾਰੀ ਚਿਤਰਾਂ ਦੀ ਥਾਂ ਤੇਲ ਵਾਲੇ ਰੰਗਾਂ ਰਾਹੀਂ ਤਿਆਰ ਕੀਤੀਆਂ ਤਸਵੀਰਾਂ ਨੇ ਲੈ ਲਈ। ਚਿੱਤਰਕਲਾ ਅਧਿਆਤਮਕ ਹੋਣ ਦੀ ਥਾਂ ਰੁਮਾਂਟਿਕ ਹੋ ਗਈ। 1947 ਈ. ਵਿਚ ਭਾਰਤ ਸੁਤੰਤਰ ਹੋ ਗਿਆ। ਆਜ਼ਾਦ ਭਾਰਤ ਦੇ ਜੀਵਨ ਦੀਆਂ ਕੀਮਤਾਂ ਵਿਚ ਪਰਿਵਰਤਨ ਆਉਣਾ ਆਰੰਭ ਹੋ ਗਿਆ ਹੈ ਅਤੇ ਇਸ ਭਾਵਨਾ ਦਾ ਪ੍ਰਭਾਵ ਗਕਲਾ ਦੇ ਖੇਤਰ ਵਿਚ ਬਹੁਤ ਮਹਿਸੂਸ ਕੀਤਾ ਗਿਆ।

ਪੰਜਾਬ ਦੀ ਚਿੱਤਰਕਾਰੀ

ਪੰਜਾਬ ਦੀ ਲੋਕ ਕਲਾ ਵਧੇਰੇ ਕਾਂਗੜੇ ਨਾਲ ਸੰਬੰਧਤ ਹੈ। ਔਰੰਗਜ਼ੇਬ ਦੀ ਜਦੋਂ ਕਲਾ ਵੱਲ ਅਰੁੱਚੀ ਹੋ ਗਈ ਤਾਂ ਬਹੁਤੇ ਕਲਾਕਾਰ ਕਾਂਗੜੇ ਦੀਆਂ ਪਹਾੜੀਆਂ ਵਲ ਚਲੇ ਗਏ। ਉਥੇ ਉਨ੍ਹਾਂ ਨੇ ਆਪਣੇ ਸ਼ੌਕ ਨੂੰ ਜਾਰੀ ਰਖਿਆ। ਜਦੋਂ ਮਹਾਰਾਜਾ ਰਣਜੀਤ ਸਿੰਘ ਨੇ ਇਸ ਖਿੱਤੇ ਤੇ ਅਧਿਕਾਰ ਕਰ ਲਿਆ ਤਾਂ ਇਥੋਂ ਦੇ ਕਲਾਕਾਰਾਂ ਨੇ ਪੰਜਾਬ ਦੇ ਲੋਕ ਜੀਵਨ ਵਿਚ ਵਧੇਰੇ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਕਾਂਗੜੇ ਦੀ ਕਲਾ ਸ਼ੈਲੀ ਦੇ ਨਮੂਨੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ, ਸ੍ਰੀ ਅਕਾਲ ਤਖਤ ਅਤੇ ਹਰਿਮੰਦਰ ਸਾਹਿਬ ਵਿਚ ਕਲਾ ਚਿੱਤਰ ਮਿਲਦੇ ਹਨ। ਪੰਜਾਬ ਦੀ ਚਿੱਤਰਕਾਰੀ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ:

1. ਆਮ ਚਿੱਤਰਕਾਰੀ
2. ਹੁਨਰੀ ਚਿੱਤਰਕਾਰੀ

1.ਆਮ ਚਿੱਤਰਕਾਰੀ

ਇਹ ਚਿੱਤਰਕਾਰੀ ਘਰੇਲੂ ਔਰਤਾਂ ਵਲੋਂ ਆਪਣੇ ਕੱਚੇ ਘਰਾਂ ਨੂੰ ਸਜਾਉਣ ਲਈ ਕੀਤੀ ਜਾਂਦੀ ਹੈ। ਸਾਧਾਰਨ ਪੇਂਡੂ ਔਰਤਾਂ ਕੱਚੀਆਂ ਕੰਧਾਂ ਉਪਰ ਪੋਚੂ ਫੇਰਦੀਆਂ ਹਨ ਅਤੇ ਫਿਰ ਕਲੀ/ਚੂਨੇ, ਗੇਰੂ, ਕਾਲੇ ਆਦਿ ਰੰਗਾਂ ਨਾਲ ਇਨ੍ਹਾਂ ਉਪਰ ਚਿੱਤਰਕਾਰੀ ਕਰਦੀਆਂ ਹਨ। ਇਨ੍ਹਾਂ ਕੰਧਾਂ ਉਪਰ ਚੰਡੀ ਮਾਈ, ਸਾਂਝੀ ਮਾਈ, ਕੁੱਤੇ,

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਬਿੱਲਿਆਂ, ਖ਼ਰਖੋਸ਼ਾਂ, ਮੋਰ, ਹਿਰਨ, ਚਿੜੀਆਂ, ਸ਼ੇਰ, ਹਾਥੀ, ਮਿਰਗ ਆਦਿ ਦੇ ਚਿੱਤਰ ਬਣਾਉਂਦੀਆਂ ਹਨ। ਇਹ ਚਿੱਤਰ ਉਹ ਘਰ ਵਿਚ ਦਾਣਿਆਂ ਵਾਲੀ ਕੋਠੀ ਆਦਿ ਉਪਰ ਵੀ ਬਣਾਉਂਦੀਆਂ ਹਨ। ਇਸ ਚਿੱਤਰਕਾਰੀ ਸੰਬੰਧੀ ਉਹ ਕੋਈ ਟਰੇਨਿੰਗ ਪ੍ਰਾਪਤ ਨਹੀਂ ਕਰਦੀਆਂ ਹਨ। ਸਗੋਂ ਇਹ ਕੰਮ ਉਹ ਸਹਿਜ ਸੁਭਾ ਜਾਂ ਦੂਜੇ ਘਰਾਂ ਦੀਆਂ ਇਸਤਰੀਆਂ ਵਲੋਂ ਚਿੱਤਰੇ ਚਿੱਤਰ ਤੋਂ ਵੇਖ ਕੇ ਕਰ ਲੈਂਦੀਆਂ ਹਨ। ਭਾਵੇਂ ਇਹ ਕਿਸੇ ਖ਼ਾਸ ਤਰਤੀਬ ਵਿਚ ਨਹੀਂ ਬਣੇ ਹੁੰਦੇ ਪਰ ਫਿਰ ਵੀ ਚੰਗੇ ਲਗਦੇ ਹਨ। ਪਰ ਹੁਣ ਇਹ ਚਿੱਤਰਕਾਰੀ ਦੇ ਪੁਰਾਣੇ ਨਮੂਨੇ ਹੋ ਰਹੇ ਹਨ। ਕਿਉਂਕਿ ਲੋਕਾਂ ਦੇ ਪੱਕੇ ਮਕਾਨ ਬਣ ਗਏ ਹਨ। ਦਾਣੇ ਆਦਿ ਰਖਣ ਲਈ ਵੀ ਪੱਕੀਆਂ ਕੋਠੀਆਂ ਜਾਂ ਲੋਹ ਦੇ ਢੋਲਾਂ ਆਦਿ ਦੀ ਵਰਤੋਂ ਹੋਣ ਲੱਗ ਪਈ ਹੈ। ਨਵੀਆਂ ਪੜ੍ਹੀਆਂ ਲਿਖੀਆਂ ਕੁੜੀਆਂ ਨੂੰ ਅਜੇਹੀ ਚਿੱਤਰਕਾਰੀ ਵਿਚ ਕੋਈ ਦਿਲਚਸਪੀ ਨਹੀਂ ਹੈ।

2. ਹੁਨਰੀ ਚਿੱਤਰਕਾਰੀ

ਇਹ ਚਿੱਤਰਕਾਰੀ ਹੁਨਰਮੰਦ ਕਲਾਕਾਰ ਵਲੋਂ ਕੀਤੀ ਜਾਂਦੀ। ਉਹ ਇਸ ਸੰਬੰਧੀ ਕਿਸੇ ਚੰਗੇ ਕਲਾਕਾਰ ਉਸਤਾਦ ਪਾਸੋਂ ਟਰੇਨਿੰਗ ਪ੍ਰਾਪਤ ਕਰਦੇ ਹਨ। ਇਨ੍ਹਾਂ ਵਿਚ ਵਰਤੇ ਰੰਗਾਂ ਨੂੰ ਇਕ ਵਿਸ਼ੇਸ਼ ਤਰਤੀਬ ਦਿੱਤੀ ਹੁੰਦੀ ਹੈ। ਇਨ੍ਹਾਂ ਚਿੱਤਰਾਂ ਵਿਚ ਵਿਅਕਤੀ ਦੀ ਮਨੋਵਿਗਿਆਨ ਸਥਿਤੀ ਦਾ ਚਿਤਰਨ ਵੀ ਹੁੰਦਾ ਹੈ। ਇਨ੍ਹਾਂ ਵਿਚ ਫ਼ਿਲਾਸਫ਼ੀਕਲ ਚਿੱਤਰ ਹੁੰਦਾ ਹੈ। ਉਹ ਵਿਅਕਤੀ ਦੀ ਕਿਸੇ ਵਿਸ਼ੇਸ਼ ਮਾਨਸਿਕ ਸਥਿਤੀ ਨੂੰ ਪ੍ਰਤੀਕਾਂ ਰਾਹੀਂ ਚਿਤਰਿਤ ਕਰਦੇ ਹਨ। ਇਸ ਦੁਆਰਾ ਲੋਕ ਪਰੰਪਰਾ ਦਾ ਚਿਤਰਨ ਵੀ ਕੀਤਾ ਜਾਂਦਾ ਹੈ। ਮਹਾਂਭਾਰਤ ਅਤੇ ਰਾਮਾਇਣ ਵਿਚੋਂ ਝਾਕੀਆਂ ਚਿੱਤਰੀਆਂ ਜਾਂਦੀਆਂ ਹਨ। ਪਟਿਆਲੇ ਦੇ ਸ਼ੀਸ਼ ਮਹੱਲ ਆਰਟ ਗੈਲਰੀ ਵਿਚ ਕ੍ਰਿਸ਼ਨ ਦੀਆਂ ਗੋਪੀਆਂ ਦੀ ਅਵਸਥਾ ਦਰਸਾਉਣ ਲਈ ਵੱਖਰੇ ਵੱਖਰੇ ਪ੍ਰਤੀਕ ਵਰਤੇ ਗਏ ਹਨ। ਇਥੇ ਕੁਝ ਰਾਜਪੂਰੀ ਸ਼ੈਲੀ ਦੇ ਚਿੱਤਰ ਵੀ ਲਗੇ ਹੋਏ ਹਨ ਜੋ ਪੰਜਾਬੀ ਸ਼ੈਲੀ ਤੋਂ ਭਿੰਨ ਹਨ। ਇਥੇ ਸਿੱਖ ਗੁਰੂਆਂ ਦੇ ਚਿੱਤਰਾਂ ਵਿਚ ਮੁਸਲਮਾਨ ਅਤੇ ਕਾਂਗੜਾ ਸ਼ੈਲੀ ਦਾ ਪ੍ਰਭਾਵ ਪ੍ਰਤੱਖ ਦਿਖਾਈ ਦੇ ਰਿਹਾ ਹੈ। ਇਸ ਤਰ੍ਹਾਂ ਦੀ ਚਿੱਤਰਕਾਰੀ ਦੇ ਨਮੂਨੇ ਪੰਜਾਬ ਦੇ ਪਿੰਡਾਂ ਵਿਚ ਵੱਡੀਆਂ ਹਵੇਲੀਆਂ, ਮੰਦਰਾਂ ਗੁਰਦੁਆਰਿਆਂ ਵਿਚ ਮਿਲਦੇ ਹਨ। ਪੰਜਾਬ ਦੀ ਚਿੱਤਰਕਲਾ ਉਤੇ ਮੁਸਲਿਮ ਸ਼ੈਲੀ ਦਾ ਪ੍ਰਤੱਖ ਪ੍ਰਭਾਵ ਦਿਖਾਈ ਦਿੰਦਾ ਹੈ ਜਿਵੇਂ ਕਿ ਅਸੀਂ ਪਹਿਲੇ ਬਿਆਨ ਕਰ ਚੁੱਕੇ ਹਾਂ। ਨਿਰੋਲ ਮੁਸਲਿਮ ਸ਼ੈਲੀ ਵਿਚ ਬਣੇ ਚਿਤਰ ਰੋਜ਼ਾ ਸ਼ਰੀਫ ਸਰਹਿੰਦ ਵਿਖੇ ਵੇਖੇ ਜਾ ਸਕਦੇ ਹਨ। ਇਹੋ ਜਿਹੇ ਚਿੱਤਰ ਜਨਮ ਸਾਖੀਆਂ ਅਤੇ ਹੱਥ-ਲਿਖਤਾਂ ਵਿਚ ਮਿਲਦੇ ਹਨ। ਪੁਰਾਤਨ ਜਨਮ ਸਾਖੀ ਵਿਚ ਅਜੇਹੇ ਚਿੱਤਰਾਂ ਦੀ ਬਹੁਤਾਤ ਹੈ। ਇਥੇ ਗੁਰੂ ਨਾਨਕ, ਬਾਲਾ, ਮਰਦਾਨਾ, ਗੋਰਖਨਾਥ ਆਦਿ ਦੇ ਚਿੱਤਰ ਮਿਲਦੇ ਹਨ।

ਸਿੱਖ ਰਾਜ ਸਮੇਂ ਚਿੱਤਰਕਾਰੀ

ਸਿੱਖ ਰਾਜ ਸਮੇਂ ਦੀ ਚਿੱਤਰਕਾਰੀ ਵਿਚ ਕਾਂਗੜਾ ਕਲਾ ਤੇ ਬਸੌਲੀ, ਚੰਬਾ, ਨੂਰਪੁਰ ਤੇ ਕੁਲੂ ਵਾਦੀ ਦੀਆਂ ਪਹਾੜੀ ਪਰਪਾਟੀਆਂ ਦੀ ਚਿੱਤਰਕੁਲਾ ਦੇ ਬਚੇ ਖੁਚੇ ਅੰਸ਼ ਹਨ। ਇਨ੍ਹਾਂ ਸਭ ਦੇ ਚਾਰਾਂ ਦੀਆਂ ਸ਼ੈਲੀਆਂ ਵੱਲੋਂ ਵੱਖਰੀਆਂ ਸਨ ਤੇ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਸਭ ਨੂੰ ਮਿਲਾ ਕੇ ਇਸ ਨੂੰ ਹਿਮਾਲੀਆ ਦੀ ਕਲਾ ਆਖਿਆ ਜਾਂਦਾ ਸੀ। ਇਸ ਕਲਾ ਦੀ ਪ੍ਰਮੁੱਖ ਵਿਲੱਖਣਤਾ ਚੇਤੰਨ ਸੰਗੀਤਕਤਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਮੰਦਰਾਂ ਤੇ ਮਹਾਂਕਾਵਿ ਪਲੱਸਤਰ-ਚਿੱਤਰਕਾਰੀ ਦੇ ਕਾਗਜ਼ ਉਤੇ ਆਉਣ ਤੱਕ ਦਰਬਾਰੀ ਚਿੱਤਰਕਾਰੀ ਵਾਲੇ ਉਘੜਵੀ ਲੈ ਬੱਸ ਰੇਖਾ ਦੇ ਚਿੱਤਰਕਾਰਾਂ ਨੇ ਦਰਬਾਰੀ ਵਾਤਾਵਰਨ ਦੀ ਕੋਮਲਤਾ ਤੇ ਸੁੱਘੜਤਾ ਨੂੰ ਆਪਣੀ ਕਲਾ ਵਿਚ ਰਚਾ ਕੇ ਇਕ ਨਵਾਂ ਮਿਸ਼ਰਨ ਜਿਹਾ ਬਣਾ ਲਿਆ ਹੋਇਆ ਸੀ। ਇਸ ਕਲਾ ਦਾ ਰੂਪ ਆਪਣੇ ਆਪ ਵਿਚ ਤਾਂ ਆਮ ਤੌਰ ਤੇ ਰਿਵਾਇਤੀ ਹੀ ਸੀ ਪਰ ਮੌਲਿਕ ਜਜ਼ਬਿਆਂ ਨਾਲ ਭਰਪੂਰ ਸੀ ਅਤੇ ਇਹ ਜਜ਼ਬੇ ਚਿੱਤਰਕਾਰਾਂ ਦੀ ਵਿਅਕਤੀਗਤ ਪ੍ਰਤਿਭਾ ਦੀਆਂ ਉਪਜਾਂ ਸਨ। ਅਸਲ ਕਾਂਗੜੇ ਦੀ ਕਲਾ ਦੇ ਹਲਕੇ ਕੋਮਲ ਭਾਵੀ ਰੰਗਾਂ ਤੋਂ ਲੈ ਕੇ ਬਸੌਲੀ ਦੇ ਗੂੜ੍ਹੇ ਅੰਤੇ ਭੜਕੀਲੇ ਰੰਗਾਂ ਤਕ ਦੀ ਵਰਤੋਂ ਕੀਤੀ ਜਾਂਦੀ ਸੀ ਜੋ ਪਹਾੜੀ ਚਿੱਤਰ ਕਲਾਕਾਰਾਂ ਨੇ ਸਿੱਖ ਦਰਬਾਰ ਵਿਚ ਲਿਆਂਦੇ ਜਾਂ ਹਾਰੇ ਹੋਏ ਸਰਦਾਰਾਂ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਤੋਹਫੇ ਦੇ ਰੂਪ ਵਿਚ ਦਿੱਤੇ ਜਾਂ ਲੁੱਟ ਵਿਚ ਮਿਲੇ, ਉਨ੍ਹਾਂ ਸਭਨਾਂ ਵਿਚ ਪਹਾੜੀ ਕਲਾ ਦੀ ਮਸ਼ਹੂਰੀ ਦੇ ਸਭ ਗੁਣ ਅਜੇ ਮੌਜੂਦ ਸਨ।

ਲਾਹੌਰ ਦਰਬਾਰ ਵਿਚ ਆਏ ਕਲਾਕਾਰ ਆਪਣੀਆਂ ਅਦੁੱਤੀ ਸ਼ੈਲੀਆਂ ਵਰਤਦੇ ਰਹੇ ਤੇ ਉਘੇ ਚਿੱਤਰ ਬਣਾਉਂਦੇ ਰਹਨ। ਭਾਰਤ ਦੇ ਦਰਬਾਰੀ ਕਲਾਕਾਰਾਂ ਵਿਚ ਆਪਣਾ ਨਾਂ-ਪਤਾ ਦੇਣ ਦਾ ਰਿਵਾਜ਼ ਨਹੀਂ ਸੀ ਇਸ ਲਈ ਇਨ੍ਹਾਂ ਚਿੱਤਰਾਂ ਦੇ ਬਣਾਉਣ ਵਾਲੇ ਵਿਸ਼ੇਸ਼ ਚਿੱਤਰਕਾਰਾਂ ਦੇ ਨਾਂ ਜਾਨਣਾ ਸੰਭਵ ਨਹੀਂ। ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਪਹਾੜੀ ਕਲਾ ਦੇ ਸਰਬੋਤਮ ਮਹੱਤਾ ਵਾਲੇ ਸ਼ਾਹਕਾਰਾਂ ਵਿਚੋਂ ਕੁਝ ਕੁ ਸਿੱਖ ਦਰਬਾਰ ਦੀ ਸਰਪਰਸਤੀ ਦੇ ਅਧੀਨ ਲਾਹੌਰ ਵਿਚ ਹੀ ਚਿੱਤਰੇ ਗਏ ਸਨ। ਇਨ੍ਹਾਂ ਵਿਚ ਕੁਝ ਅਜੇਹੇ ਚਿੱਤਰ ਹਨ ਜੋ ਪਹਾੜੀ ਕਲਾਕਾਰਾਂ ਦੇ ਸ਼ਗਿਰਦਾਂ ਦੇ ਬਣਾਏ ਸਨ। ਇਹ ਆਮ ਤੌਰ ਉਤੇ ਹਿੰਦੂ ਜਾਂ ਮੁਸਲਮਾਨ ਹੁੰਦੇ ਸਨ, ਪਰ ਕਈ ਸਿੱਖ ਵੀ ਸਨ ਤੇ ਲਾਹੌਰ ਦਾ ਕਿਸ਼ਨ ਸਿੰਘ ਇਨ੍ਹਾਂ ਵਿਚੋਂ ਬਹੁਤ ਮਸ਼ਹੂਰ ਸੀ। ਇਨ੍ਹਾਂ ਚਿੱਤਰਾਂ ਵਿਚ ਅਚਾਨਕ ਹੀ ਪਹਾੜੀ ਚਿੱਤਰਕਾਰੀ ਨਾਲੋਂ ਭਿੰਨਤਾ ਆ ਗਈ। ਸਿੱਖ ਰਾਜ ਦੇ ਵਿਚਕਾਰਲੇ ਸਮੇਂ ਦੇ ਚਿੱਤਰਾਂ ਵਿਚੋਂ ਬਹੁਤ ਹੀ ਘਟ ਅਜੇਹੀਆਂ ਕ੍ਰਿਤੀਆਂ ਹਨ, ਜਿਨ੍ਹਾਂ ਵਿਚ ਅਸਲ ਕਾਂਗੜੇ ਦੀ ਕਲਮ ਜਾਂ ਲਾਹੌਰ ਦੀਆਂ ਸ਼ੁਰੂ ਦੀਆਂ ਤਸਵੀਰਾਂ ਦੀ ਤੀਬਰਤਾ ਹੋਵੇ। ਇਸ ਤਬਦੀਲੀ ਦੇ ਕੁਝ ਚਿੰਨ੍ਹ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਵੇਖੇ ਜਾ ਸਕਦੇ ਹਨ। ਇਥੇ ਗੂੜ੍ਹੇ ਰੰਗਾਂ ਵਾਲੇ ਅਤੇ ਕਾਂਗੜੇ ਤੇ ਇਸ ਦੇ ਆਲੇ ਦੁਆਲੇ ਦੀਆਂ ਪਹਾੜੀਆਂ ਦੇ ਮੰਦਰਾਂ ਅਤੇ ਮਕਾਨਾਂ ਦੀਆਂ ਦੀਵਾਰਾਂ ਅਤੇ ਮਹਾਂਕਾਵਾਂ, ਮਿਥਿਹਾਸਕ ਕਹਾਣੀਆਂ ਪੁਰਾਣਕ ਕਥਾਵਾਂ ਦੇ ਦਰਸਾਉਣ ਵਿਚ ਇਕ ਦੂਜੇ ਨਾਲ ਗੂੜ੍ਹੇ ਰੂਪ ਵਿਚ ਸੰਬੰਧਿਤ, ਲੋਕ ਰੂਪਾਂ ਦੀ ਸ਼ਾਨ ਦੀ ਥਾਂ ਇਕ ਅਜਿਹੇ ਰਿਵਾਜ਼ੀ ਢੰਗ ਨੇ ਲੈ ਲਈ ਜਿਸ ਵਿਚ ਆਕਾਰਾਂ ਰੁੱਖਾਂ ਅਤੇ ਵਾਤਾਵਰਨ ਦਾ ਵਿਉਂਤ ਅਨੁਸਾਰ ਚਿੱਤਰਨਾ ਅਤੇ ਰਵਾਇਤੀ ਢੰਗ ਅਨੁਸਾਰ ਰੰਗ ਭਰਨਾ ਤਾਂ ਜਾਰੀ ਰਹੇ ਪਰ ਇਨ੍ਹਾਂ ਵਿਚ ਅੰਦਰੂਨੀ ਚਮਕ ਨਾ ਆ ਸਕੀ ਤੇ ਇਹ ਚਮਕ ਹੀ ਪਹਾੜੀ ਕਲਾਕਾਰਾਂ ਦੇ ਡੂੰਘੇ ਵਿਚਾਰਾਂ ਦੀ ਸਾਰ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਇਹ ਕਲਾ ਅਧਿਆਤਮਕ ਰੂਪ ਵਿਚ ਹਿੰਦੂ ਦਰਬਾਰ ਦੇ ਵਾਤਾਵਰਨ ਦੀ ਥਾਂ ਸਿੱਖ ਦਰਬਾਰ ਦੀ ਖੁਲ੍ਹੀ ਤੇ ਤਿਆਰ ਬਰ ਤਿਆਰ ਜ਼ਿੰਦਗੀ ਨੇ ਮੱਲ ਲਈ ਸੀ। ਕਾਂਗੜੇ ਦੀ ਕਲਾ ਦੀ ਨਜ਼ਾਰਤ ਤਾਂ ਬਾਕੀ ਸੀ ਪਰ ਅੰਦਰੂਨੀ ਸੰਬੰਧ ਚਿੱਤਰਾਂ ਵਿਚੋਂ ਲੋਪ ਹੁੰਦਾ ਜਾ ਰਿਹਾ ਸੀ।

ਸਿੱਖਾਂ ਦੇ ਰਾਜ ਦੇ ਛੋਟੇ ਜਿਹੇ ਸਮੇਂ ਵਿਚ ਬਣਾਏ ਚਿੱਤਰਾਂ ਵਿਚ ਵੰਨ-ਸਵੰਨਤਾ ਜ਼ਰੂਰ ਸੀ। ਇਸ ਦਾ ਕਾਰਨ ਇਹ ਸੀ ਕਿ ਸਰਪਰਸਤੀ ਕੇਵਲ ਕੇਂਦਰੀ ਦਰਬਾਰ ਤੱਕ ਹੀ ਸੀਮਤ ਨਹੀਂ ਸੀ। ਸਗੋਂ ਵੱਕੋ ਵੱਖ ਸੂਬੇਦਾਰਾਂ ਨੇ ਵੀ ਕਾਂਗੜੇ ਤੇ ਲਾਹੌਰ ਦੇ ਕੁਝ ਕੁ ਕਲਾਕਾਰਾਂ ਨੂੰ ਆਪਣੇ ਕੋਲ ਰੱਖਿਆ ਹੋਇਆ ਸੀ ਜਿਵੇਂ ਕਿ ਨਵੇਂ ਰਾਜ ਦੇ ਸਥਾਪਨ ਹੋਣ ਨਾਲ ਸੁਭਾਵਕ ਹੀ ਹੁੰਦਾ ਹੈ. ਲਾਹੌਰ ਤੇ ਇਸ ਦੇ ਜਾਗੀਰਦਾਰੀ ਸੂਬਿਆਂ ਵਿਚ ਮੂਰਤਾਂ ਦੀ ਮੰਗ ਬਹੁਤ ਵਧ ਗਈ। ਥੋੜ੍ਹੀ ਬਹੁਤ ਮਹਾਨਤਾ ਵਾਲੇ ਸਰਦਾਰਾਂ ਨੇ ਵੀ ਚਿੱਤਰ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਉਹ ਆਪਣੇ ਅਤੇ ਆਪਣੇ ਖ਼ਾਨਦਾਨ ਨਾਲ ਸੰਬੰਧਤ ਚਿੱਤਰ ਵੀ ਇਕੱਠੇ ਕਰਦੇ. ਪਰ ਇਹ ਚਿੱਤਰ ਮੁਗਲੀਆ ਦਰਬਾਰ ਦੇ ਚਿੱਤਰਾਂ ਵਰਗੇ ਕੋਮਲ ਨਹੀਂ ਸਨ। ਮੁਗਲਈ ਕਿਸਮ ਦੇ ਚਿੱਤਰ ਬਣਾਉਣ ਦੀ ਪ੍ਰੇਰਨਾ ਨੇ ਤਾਂ ਪਹਾੜਾਂ ਵਿਚ ਵੀ ਪੈਰ ਨਹੀਂ ਸਨ ਜਮਾਏ ਜਿਥੇ ਕਿ ਪਹਾੜੀ ਚਿੱਤਰਕਾਰੀ ਨੇ ਜਨਮ ਲਿਆ ਸੀ। ਇਸ ਲਈ ਜਦੋਂ ਕਾਂਗੜੇ ਦਾ ਪ੍ਰਭਾਵ ਹੋਰ ਵੀ ਦੁਰੇਡੇ ਦਾ ਹੋ ਗਿਆ। ਕੁਝ ਸਿਰ ਕੱਢ ਚਿੱਤਰ ਵੀ ਹਨ. ਜਿਵੇਂ ਕਿ ਸ੍ਰੀਮਤੀ ਰੋਬਨਸਟਾਈਨ ਦੇ ਸੰਗ੍ਰਿਹ ਵਿਚ ਖੜਕ ਸਿੰਘ ਦਾ ਚਿੱਤਰ। ਇਸ ਦਾ ਰੇਖਾ ਉਲੀਕਣ ਬਹੁਤ ਉੱਚੀ ਪੱਧਰ ਦਾ ਹੈ ਅਤੇ ਦਿੱਲੀ. ਆਗਰੇ. ਦੱਖਣੀ ਰਾਜਸਥਾਨ ਅਤੇ ਹਿਮਾਲਿਆ ਦੀ ਤਲਹਟੀ ਵਿਚ ਅਠਾਰ੍ਹਵੀਂ ਸਦੀ ਦੇ ਅਖ਼ੀਰ ਵਿਚ ਬਣਾਏ ਇਸ ਕਿਸਮ ਦੇ ਚੰਗੇ ਚਿੱਤਰਾਂ ਦਾ ਮੁਕਾਬਲਾ ਕਰ ਸਕਦਾ ਹੈ। ਸਿੱਖ ਸਰਦਾਰਾਂ ਦੇ ਹੋਰ ਚਿੱਤਰਾਂ ਵਿਚੋਂ ਕੁਝ ਕੁ ਜਿਵੇਂ ਕਿ ਧਿਆਨ ਸਿੰਘ ਅਤੇ ਉਸ ਦੇ ਲੜਕਿਆਂ ਦਾ ਚਿੱਤਰ ਤਕਨੀਕ ਦੇ ਦ੍ਰਿਸ਼ਟੀਕੋਣ ਤੋਂ ਨਿਪੁੰਨ ਹਨ। ਪਰ ਸਿੱਖ ਦਰਬਾਰ ਵਿਚ ਬਣਾਏ ਚਿੱਤਰਾਂ ਵਿਚੋਂ ਬਹੁਤਿਆਂ ਵਿਚ ਨਿਪੁੰਨਤਾ ਹੌਲੀ ਹੌਲੀ ਘਟਦੀ ਹੀ ਨਜ਼ਰ ਆਉਂਦੀ ਹੈ। ਕਾਗਜ਼ ਅਤੇ ਹਾਥੀ ਦੰਦ ਉਤੇ ਬਣਾਈਆਂ ਯੂਰਪੀ ਸੂਖ਼ਮ-ਰੂਪ ਮੂਰਤਾਂ ਆ ਪਹੁੰਚੀਆਂ ਅਤੇ ਲਾਹੌਰ ਦੇ ਸੂਖਮ-ਰੂਪ ਮੂਰਤੀ ਦੇ ਚਾਹਵਾਨਾਂ ਨੂੰ ਸਸਤੀਆਂ ਮਿਲਣ ਲੱਗ ਪਈਆਂ। ਇਹ ਸ਼ੈਲੀ ਇਕ ਬਾਜ਼ਾਰੀ ਸ਼ੈਲੀ ਦਾ ਰੂਪ ਧਾਰ ਗਈ। ਇਹ ਮੂਰਤਾਂ ਜਾਪਦੀਆਂ ਸਨ ਜਿਵੇਂ ਪੈਰਾਂ ਨਾਲ ਉਲੀਕੀਆਂ ਹੋਣ। ਇਨ੍ਹਾਂ ਦੇ ਰੰਗ ਭੱਦੇ ਹੁੰਦੇ ਸਨ ਅਤੇ ਇਹ ਖਾਲਸਾ ਸਿਪਾਹੀਆਂ ਕੋਲ ਮੁਫ਼ਤ ਦੇ ਭਾ ਵੇਚੀਆਂ ਜਾਂਦੀਆਂ ਸਨ।

ਜਿਥੋਂ ਤਕ ਸਿੱਖ ਗੁਰੂਆਂ ਦੀਆਂ ਮੂਰਤਾਂ ਦਾ ਸੰਬੰਧ ਹੈ ਇਨ੍ਹਾਂ ਵਿਚ ਇਹ ਰਿਵਾਜ ਬਹੁਤ ਤੇਜ਼ੀ ਨਾਲ ਫੈਲਿਆ। ਜਨਤਾ ਵਿਚ ਇਨ੍ਹਾਂ ਦੀ ਬਹੁਤ ਜ਼ਿਆਦਾ ਮੰਗ ਸੀ ਤੇ ਬਾਜ਼ਾਰੀ ਕਲਾਕਾਰਾਂ ਨੇ. ਵਿਸ਼ੇਸ਼ ਕਰਕੇ ਅੰਮ੍ਰਿਤਸਰ ਵਿਚ. ਮੁਗਲ ਸਮੇਂ ਵਿਚ ਬਣਾਈਆਂ ਗੁਰੂਆਂ ਦੀਆਂ ਉੱਤਮ ਮੂਰਤਾਂ ਦੀਆਂ ਨਕਲਾਂ ਉਤਾਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਉਤਾਰ ਕੇ ਅਤੇ ਯੂਰਪੀ ਕਿਸਮ ਦੀਆਂ ਸੈਂਕੜੇ ਸੂਖਮ-ਰੂਪ ਮੂਰਤਾਂ ਬਣਾ ਬਣਾ ਕੇ ਬਹੁਤ ਧਨ ਕਮਾਇਆ।

ਦਰਬਾਰੀ ਨਜ਼ਾਰਿਆਂ, ਘਰੋਗੀ ਜ਼ਿੰਦਗੀ ਅਤੇ ਪੁਰਾਣਿਕ ਵਿਸ਼ਿਆਂ ਦੀਆਂ ਮੂਰਤਾਂ ਵਿਚ ਕੁਝ ਜਾਨ ਬਾਕੀ ਸੀ, ਜਿਵੇਂ ਕਿ ਪਹਿਲੀ ਸਿੱਖ ਲੜਾਈ ਦੇ ਖ਼ਤਮ ਹੋਣ ਤੇ, 9 ਮਾਰਚ, 1846 ਨੂੰ ਲਾਹੌਰ ਵਿਚ ਹੋਈ ਸੰਧੀ ਦੇ ਹਸਤਾਖਰ ਹੋਣ ਸਮੇਂ ਦੇ ਚਿੱਤਰ ਵਿਚ, ਅਨੋਖੀ ਕਾਰੀਗਰੀ ਦਾ ਅੰਦਾਜ ਹੈ ਅਤੇ ਮੁੱਖ ਨਜ਼ਾਰੇ ਦੇ ਇਰਦ-ਗਿਰਦ ਦੇ ਕਾਮਯਾਬ ਚਿੱਤਰਨ ਤੋਂ ਬਿਨਾਂ ਚਾਰ ਅੰਗਰੇਜ਼ਾਂ ਦੇ ਚਿੱਤਰ ਵੀ ਕਾਫੀ ਕਾਮਯਾਬੀ ਨਾਲ ਚਿੱਤਰੇ ਹਨ, ਪਰ ਇਸ ਸਮੇਂ ਭਾਰਤੀ ਚਿੱਤਰਕਾਰ ਆਪਣੇ ਵਡੇਰਿਆਂ ਦੀ ਡੂੰਘਾਈ ਅਤੇ ਤੀਬਰਤਾ ਨੂੰ ਛੱਡ ਕੇ ਬੇਲੋੜੀ ਕਾਰੀਗਰੀ ਦੀ ਸਫਾਈ ਨਾਲ ਪੁਰਾਣੀਆਂ ਚੀਜ਼ਾਂ ਨੂੰ ਦੁਹਰਾਉਂਦਾ ਹੀ ਨਜ਼ਰ ਆਉਂਦਾ ਹੈ ਅਤੇ ਇਸ ਮਤਲਬ ਲਈ ਉਪਰੋਕਤ ਚਿੱਤਰ ਨੂੰ ਮੁਗਲ ਦਰਬਾਰ ਦੇ ਸੋਲ੍ਹਵੀਂ ਸਦੀ ਦੇ ਆਭਾ-ਭਰਪੂਰ ਸੰਗ੍ਰਹਿਆਂ ਨਾਲ ਤਾਂ ਕੀ, ਕਾਂਗੜੇ ਦੇ ਸੰਸਾਰ ਚੰਦ ਦੇ ਸਮੇਂ ਚਿੱਤਰੇ ਦਰਬਾਰੀ ਨਜ਼ਾਰਿਆਂ ਨਾਲ ਮਿਲਾ ਲੈਣਾ ਕਾਫੀ ਹੀ ਹੋਵੇਗਾ।

ਇਹੋ ਚੀਜ਼ ਕਿਲਿਆਂ, ਮੰਦਰਾਂ ਤੇ ਸਿੱਖ ਹਾਕਮਾਂ ਤੇ ਸਰਦਾਰਾਂ ਦੀਆਂ ਸਮਾਧੀਆਂ ਦੀਆਂ ਕੰਧਾਂ ਉੱਤੇ ਬਣਾਏ ਗਿੱਲੇ ਪਲੱਸਤਰ ਉਤਲੇ ਚਿੱਤਰਾਂ ਤੇ ਵੀ ਲਾਗੂ ਹੁੰਦੀ ਹੈ। ਇਹ ਚਿੱਤਰਕਾਰੀ ਪਹਾੜਾਂ ਦੀ ਦੀਵਾਰੀ ਚਿੱਤਰਕਾਰੀ ਦੇ ਆਧਾਰ ਤੇ ਕੀਤੀ ਗਈ ਸੀ। ਆਪਣੇ ਮੌਲਿਕ ਵਾਤਾਵਰਨ ਵਿਚ ਇਸ ਪ੍ਰਣਾਲੀ ਵਿਚ ਉਹ ਜਾਤੀ-ਭਾਵਨਾ ਵਿਆਪਕ ਦਿਸਦੀ ਹੈ ਜੋ ਹਿੰਦੂ ਪਹਾੜੀ ਸਮਾਜ ਨੂੰ, ਵੈਸ਼ਨਵ ਮਤ ਦਾ ਸ਼ਰਧਾਲੂ ਹੋਣ ਕਾਰਨ, ਆਪਸ ਵਿਚ ਇਕੱਠਿਆਂ ਰੱਖਦੀ ਹੈ। ਜਦੋਂ ਇਸ ਤਕਨੀਕ ਨੂੰ ਉਥੋਂ ਲਿਆ ਕੇ ਪੰਜਾਬ ਦੇ ਮੈਦਾਨਾਂ ਵਿਚ ਇਕ ਹੋਰ ਧਰਮ ਲਈ ਵਰਤਿਆ ਗਿਆ ਤਾਂ ਕਾਂਗੜੇ ਦੇ ਹਿੰਦੂ ਕਲਾਕਾਰ ਉਹ ਜਜ਼ਬਾ ਪੈਦਾ ਨਾ ਕਰ ਸਕੇ ਜਿਸਦੀ ਉਨ੍ਹਾਂ ਨੂੰ ਘਰ ਵਿਚ ਪ੍ਰੇਰਨਾ ਮਿਲੀ ਸੀ ਅਤੇ ਨਾ ਹੀ ਏਨਾ ਸਮਾਂ ਸੀ ਕਿ ਸਿੱਖ ਧਰਮ ਦੇ ਅਨੁਕੂਲ ਸਭਿਆਚਾਰਕ ਵੰਨਗੀਆਂ ਵਾਸਤੇ ਸਿੱਖ ਕਲਾਕਾਰਾਂ ਨੂੰ ਸਿਖਲਾਈ ਦਿੱਤੀ ਜਾ ਸਕਦੀ।[1]

ਸਿੱਖ ਰਾਜ ਦੇ ਸ਼ੁਰੂ ਵਿਚ ਪਰਬੀਨ ਚਿੱਤਰਕਾਰੀ ਆਪਣੀ ਸਿਖ਼ਰ ਤੇ ਪਹੁੰਚ ਗਈ। ਪਰ ਛੇਤੀ ਹੀ ਹੁਨਰੀ ਕਲਾ ਨੇ ਢਹਿੰਦੀ ਕਲਾ ਵਲ ਵਧਣਾ ਸ਼ੁਰੂ ਕਰ ਦਿੱਤਾ। ਇਸ ਦਾ ਮੁੱਖ ਕਾਰਨ ਇਹ ਸੀ ਕਿ ਉਤਰੀ ਭਾਰਤ ਦੇ ਪੁਰਾਣੇ ਸਭਿਆਚਾਰ ਸੰਬੰਧੀ ਸਿੱਖ ਦਰਬਾਰ ਦਾ ਰਵੱਈਆ ਬੇਪਰਵਾਹੀ ਵਾਲਾ ਸੀ। ਸਿੱਖ ਵਧੇਰੇ ਲੜਨ ਭਿੜਨ ਵਿਚ ਰੁਚਿਤ ਰਹੇ। ਮਹਾਰਾਜਾ ਰਣਜੀਤ ਸਿੰਘ ਮਗਰੋਂ ਘਰੇਲੂ ਜੰਗ ਛਿੜ ਪਈ। ਇਸ ਲਈ ਵਾਤਾਵਰਣ ਕੋਮਲ ਕਲਾਵਾਂ ਪ੍ਰਫੁੱਲਤ ਹੋਣ ਦੇ ਅਨੁਕੂਲ ਨਹੀਂ ਸੀ।

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

(ਅ) ਸੰਗੀਤ

ਸੰਗੀਤ ਉੱਚ ਕੋਟੀ ਦੀ ਉੱਤਮ ਕਲਾ ਹੈ। ਸੰਗੀਤ ਵਿਚ ਮਾਨਵ ਮਨ ਨੂੰ ਆਕਰਸ਼ਿਤ ਕਰਨ ਦੀ ਅਥਾਹ ਸ਼ਕਤੀ ਹੈ। ਇਹ ਪ੍ਰਾਣੀ ਵਰਗ ਲਈ ਈਸ਼ਵਰ ਦੀ ਅਦੁੱਤੀ ਦੇਣ ਹੈ। ਇਸ ਰਾਹੀਂ ਮਾਨਸਿਕ ਅਤੇ ਸਰੀਰਕ ਦੋਹਾਂ ਪ੍ਰਕਾਰਾਂ ਦੇ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਇਹ ਇਕ ਅਧਿਆਤਮਕ ਕਲਾ ਹੈ ਜੋ ਧਾਰਮਿਕ ਭਾਵਨਾਵਾਂ ਅਤੇ ਆਂਤਰਿਕ ਜੀਵਨ ਨਾਲ ਸੰਬੰਧ ਰੱਖਦੀ ਹੈ। ਇਸ ਵਿਚ ਛੋਟੇ-ਵੱਡੇ, ਉੱਚੇ-ਨੀਵੇਂ ਦਾ ਕੋਈ ਭੇਦ ਭਾਵ ਨਹੀਂ ਹੈ। ਇਸ ਨੂੰ ਕੋਈ ਵਿਅਕਤੀ ਹੀ ਸਿੱਖ ਸਕਦਾ ਹੈ। ਸਾਡੇ ਆਧੁਨਿਕ ਜੀਵਨ ਵਿਚ ਵੀ ਇਸ ਦੀ ਬਹੁਤ ਮਹਾਨਤਾ ਹੈ। ਅਜੋਕਾ ਮਨੁੱਖ ਵਧੇਰੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਅਤੇ ਕੁਝ ਰੁੱਝਾ ਹੋਇਆ ਹੈ।

ਜਦ ਵੀ ਅਸੀਂ ਕੋਈ ਸਾਜ, ਰਾਗ ਜਾਂ ਨਾਚ ਸੁਣਦੇ ਵੇਖਦੇ ਹਾਂ ਸਾਡੇ ਮਨਾਂ ਉਤੇ ਬਹੁਤ ਵਧੀਆ ਪ੍ਰਭਾਵ ਪੈਦਾ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸੰਗੀਤ ਦਾ ਮਨੁੱਖੀ ਜੀਵਨ ਨਾਲ ਬਹੁਤ ਗੂੜ੍ਹਾ ਸੰਬੰਧ ਹੈ। ਇਸ ਕਾਰਨ ਹੀ ਮਨ ਵਿਚ ਨਿਮਰਤਾ ਪੈਦਾ ਹੁੰਦੀ ਹੈ। ਨਿਮਰਤਾ ਤੋਂ ਹਮਦਰਦੀ ਉੱਘੜਦੀ ਹੈ ਅਤੇ ਹਮਦਰਦੀ ਪਿਆਰ ਨੂੰ ਜਨਮ ਦੇਂਦੀ ਹੈ। ਇਸ ਤਰ੍ਹਾਂ ਦੁਨੀਆਂ ਵਿਚ ਖਿੱਚ ਦਾ ਸਾਧਨ ਸੰਗੀਤ ਬਣ ਜਾਂਦਾ ਹੈ। ਇਹ ਜੋੜਨ ਦਾ ਕੰਮ ਕਰਦਾ ਹੈ।

ਅਜੋਕੇ ਯੁੱਗ ਵਿਚ ਸੰਗੀਤ ਦੇ ਪ੍ਰਭਾਵ ਬਾਰੇ ਅਨੇਕ ਤਜ਼ਰਬੇ ਕੀਤੇ ਜਾ ਰਹੇ ਹਨ ਜਿਵੇਂ ਸਵੀਡਨ ਵਿਚ ਸੰਗੀਤ ਦੀ ਸਹਾਇਤਾ ਨਾਲ ਗਊਆਂ ਵੱਧ ਤੋਂ ਵੱਧ ਦੁੱਧ ਦੇਂਦੀਆਂ ਹਨ। ਬੀਮਾਰਾਂ ਦੀ ਬੀਮਾਰੀ ਦੂਰ ਕਰਨ ਲਈ ਖਾਸ ਕਿਸਮ ਦੀ ਟਿਊਨ ਵਰਤਣ ਨਾਲ ਸਹਾਇਤਾ ਮਿਲਦੀ ਹੈ। ਸੰਗੀਤ ਇਕ ਅਜੇਹੀ ਸ਼ਕਤੀ ਹੈ ਜੋ ਪੌਦਿਆਂ ਦੇ ਵੱਧਣ ਅਤੇ ਫੁੱਲਣ ਵਿਚ ਵੀ ਆਪਣਾ ਰੋਲ ਅਦਾ ਕਰ ਰਹੀ ਹੈ। ਸੱਪ ਨੂੰ ਸਪੇਰਾ ਬੀਨ ਵਜਾ ਕੇ ਮੋਹਤ ਕਰਵਾ ਲੈਂਦਾ ਹੈ।

ਆਮ ਵਿਚਾਰ ਹੈ ਕਿ ਸੰਗੀਤ ਆਤਮਾ ਦੀ ਖੁਰਾਕ ਹੈ। ਸੰਗੀਤ ਦਾ ਨਿਵਾਸ, ਪ੍ਰਸਿੱਧ ਫ਼ਿਲਾਸਫ਼ਰ ਪਲੈਟੋ ਆਪਣੀ ਪੁਸਤਕ 'ਰੀਪਬਲਿਕ' ਵਿਚ ਕਹਿੰਦਾ ਹੈ, ਮਨੁੱਖੀ ਆਤਮਾ ਦੀਆਂ ਡੂੰਘਾਈਆਂ ਵਿਚ ਹੈ। ਸੰਗੀਤ ਅੰਦਰ ਦੀ ਦੁਨੀਆਂ ਨੂੰ ਪ੍ਰਫੁਲਤ ਕਰਦਾ ਹੈ ਅਤੇ ਸਰੋਤੇ/ਦਰਸ਼ਕ ਨੂੰ ਆਨੰਦ ਦੇਂਦਾ ਹੈ।

ਸੰਗੀਤ ਦੀ ਉਤਪਤੀ ਸੰਬੰਧੀ ਵੱਖੋ ਵੱਖ ਵਿਚਾਰ ਪੇਸ਼ ਕੀਤੇ ਗਏ ਹਨ। ਇਹ ਮੰਨਿਆ ਜਾਂਦਾ ਹੈ ਕਿ ਸੰਗੀਤ ਦਾ ਮੁੱਢ ਸਾਮਵੇਦ ਤੋਂ ਹੋਇਆ ਹੈ ਪਰ ਕਈ ਸ਼ਿਵ ਜੀ ਦੇ ਡਊਰੋ ਵਜਾਣ ਤੋਂ ਆਰੰਭ ਲੱਭਦੇ ਹਨ। 'ਨਾਟਯ ਸ਼ਾਸਤਰ' ਨਾਂ ਦਾ ਗ੍ਰੰਥ ਸੰਗੀਤ ਦਾ ਚੰਗਾ ਵੇਰਵਾ ਦੇਂਦਾ ਹੈ। ਭਰਤ ਮੁਨੀ ਇਸ ਦਾ ਰਚਾਇਤਾ ਹੈ। ਤੇਰ੍ਹਵੀਂ ਸਦੀ ਵਿਚ ਅਮੀਰ ਖੁਸਰੋ ਨੇ ਪਖਾਵਜ ਨੂੰ ਵਿਚਕਾਰੋਂ ਕੱਟ ਕੇ ਉਸ ਦੇ ਦੋ ਹਿੱਸੇ ਬਣਾ ਕੇ ਉਸ ਨੂੰ ਤਬਲੇ ਦਾ ਰੂਪ ਦਿੱਤਾ। ਆਹੋਬਲ ਨੇ ਆਪਣੇ ਗ੍ਰੰਥ 'ਸੰਗੀਤ ਪਰਿਜਾਤ' ਵਿਚ ਵੀਣਾਂ ਦੀਆਂ ਤਾਰਾਂ ਉਤੇ ਸਵਰਾਂ ਦਾ ਸਥਾਨ ਨਿਸ਼ਚਿਤ ਕਰ ਦਿੱਤਾ। ਤਾਨਸੈਨ ਨੇ ਨਵੇਂ ਰਾਗ ਤਿਆਰ ਕੀਤੇ। ਪਹਿਲਾਂ ਭਾਰਤ ਦਾ ਸੰਗੀਤ ਮੌਖਿਕ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਚਲਦਾ ਆ ਰਿਹਾ ਸੀ। ਫਿਰ ਇਕ ਜ਼ਮਾਨਾ ਆਇਆ ਜਦੋਂ ਅੰਗਰੇਜ਼ਾਂ ਦੇ ਭਾਰਤ ਵਿਚ ਆਉਣ ਨਾਲ ਭਾਰਤੀਆਂ ਨੇ ਸੰਗੀਤ ਨੂੰ ਅੰਗਰਜ਼ ਸੰਗੀਤਕਾਰਾਂ ਦੀ ਨਕਲ ਉਤੇ ਭਾਰਤੀ ਸੰਗੀਤ ਵੀ ਲਿੱਪੀ-ਬੱਧ ਹੋਣ ਲੱਗ ਪਿਆ। ਪੰਡਤ ਵਿਸ਼ਨੂੰ ਨਾਰਾਇਣ ਭਾਤ ਖੰਡੇ ਨੇ ਭਾਰਤੀ ਪੁਰਾਤਨ ਸੰਗੀਤ ਰਚਨਾਵਾਂ ਨੂੰ ਲਿੱਪੀ-ਬੱਧ ਕੀਤਾ। ਫਿਰ ਪੰਡਤ ਵਿਸ਼ਨੂੰ ਦਿਗੰਬਰ ਪੁਲਸਕਾਰ ਨੇ ਘੁੰਮ ਘੁੰਮਾ ਕੇ ਸੰਗੀਤ ਦਾ ਪ੍ਰਚਾਰ ਕੀਤਾ। ਭਾਰਤ ਵਿਚ ਕਈ ਸੰਗੀਤ ਘਰਾਣੇ ਹਨ ਜਿੰਨ੍ਹਾਂ ਨੇ ਸੰਗੀਤ ਨੂੰ ਉੱਨਤ ਕਰਨ ਤੇ ਕਾਇਮ ਰੱਖਣ ਵਿਚ ਕਾਫੀ ਸਹਾਇਤਾ ਕੀਤੀ। ਪ੍ਰਸਿੱਧ ਘਰਾਣਿਆਂ ਦੇ ਨਾਮ ਹਨ-ਪਟਿਆਲਾ ਘਰਾਣਾ, ਆਗਰਾ ਘਰਾਣਾ, ਜੈਪੁਰ ਘਰਾਣਾ ਅਤੇ ਗਵਾਲੀਅਰ ਘਰਾਣਾ ਆਦਿ।

ਸੰਗੀਤ ਦੇ ਅਰਥ music ਨਹੀਂ ਕੀਤੇ ਜਾ ਸਕਦੇ। ਮਿਊਜ਼ਕ ਤੋਂ ਭਾਵ ਉਹ ਕਲਾ ਹੈ ਜਿਸ ਵਿਚ ਆਵਾਜ਼ਾਂ ਨੂੰ ਖਾਸ ਤਰਬੀਰ ਰਾਹੀਂ ਰੂਪ ਦਿੱਤਾ ਜਾਂਦਾ ਹੈ ਅਤੇ ਸਰੋਤੇ ਉਤੇ ਮਧੁਰਤਾ ਅਤੇ ਇਕਸੁਰਤਾ ਦਾ ਪ੍ਰਭਾਵ ਪੈਂਦਾ ਹੈ ਜਦ ਕਿ ਸੰਗੀਤ ਸਬਦ ਦੇ ਅਰਥ music ਨਾਲੋਂ ਵਿਸ਼ਾਲ ਹਨ। ਸਾਰੰਗਦੇਵ ਦੇ ਗ੍ਰੰਥ 'ਸੰਗੀਤ ਰਤਨਾਕਰ' ਵਿਚ ਗਾਇਨ + ਵਾਦਨ + ਨ੍ਰਿਤ = ਸੰਗੀਤ। ਇਸ ਵਿਚ ਨ੍ਰਿਤ (ਨਾਚ-Dance) ਵਾਦਨ ਦੇ ਅਧੀਨ ਹੈ ਜਦ ਕਿ ਵਾਦਨ ਗਾਇਨ ਦੇ ਅਧੀਨ ਹੈ। ਇਸ ਲਈ ਗਾਇਨ ਦਾ ਪਹਿਲਾ ਅਸਥਾਨ, ਵਾਦਨ ਦਾ ਦੂਜਾ ਅਸਥਾਨ ਅਤੇ ਨਾਚ ਦਾ ਤੀਜਾ ਅਸਥਾਨ ਗਿਣਿਆ ਗਿਆ ਹੈ।

ਸੰਗੀਤ, ਸਾਹਿਤ, ਚਿੱਤਰਕਾਰੀ ਅਤੇ ਬੁੱਤ ਤਰਾਸ਼ੀ ਕੋਲ ਕਲਾਵਾਂ ਹਨ ਅਤੇ ਇਹਨਾਂ ਦਾ ਮੰਤਵ ਮਨੁੱਖ ਦੇ ਕੋਮਲ ਭਾਵਾਂ ਦਾ ਪ੍ਰਗਟਾਵਾ ਕਰਨਾ ਹੁੰਦਾ ਹੈ। ਸਾਹਿਤ ਦੇ ਪ੍ਰਗਟਾ ਦਾ ਮਾਧਿਅਮ ਸ਼ਬਦ ਹਨ, ਬੁੱਤ ਤਰਾਸ਼ੀ ਦਾ ਮਾਧਿਅਮ ਹਥੌੜੀ ਛੈਂਵੀ ਰਾਹੀ ਪੱਥਰ ਨੂੰ ਤਰਾਸ਼ਣਾ, ਨੱਚਣਵਾਲਾ ਸਰੀਰਕ ਮੁਦਰਾਵਾਂ ਰਾਹੀਂ, ਸੰਗੀਤ ਸੁਰਾਂ ਰਾਹੀਂ ਮਨ ਦੇ ਕੋਮਲ ਭਾਵਾਂ ਨੂੰ ਪ੍ਰਗਟ ਕਰਦਾ ਹੈ। ਇਥੇ ਸੰਗੀਤ ਨੂੰ ਸੌੜੇ ਅਰਥਾਂ ਵਿਚ ਵਰਤ ਗਏ ਹਾਂ ਜਿਸਦਾ ਆਧਾਰ ਨਾਦ ਅਤੇ ਲੈਅ ਹੈ। ਨਾਦ (sound) ਤੋਂ ਸਵਰਾਂ ਦਾ ਜਨਮ ਤੇ ਵਿਕਾਸ ਹੁੰਦਾ ਹੈ ਅਤੇ ਲੈਅ ਤੋਂ ਤਾਲਾਂ ਦੀ ਸਿਰਜਨਾ ਕੀਤੀ ਜਾਂਦੀ ਹੈ।

ਸੰਗੀਤ ਦੇ ਸੱਤ ਸੁਰਾਂ ਦੀ ਉਤਪਤੀ ਇਉਂ ਦੱਸੀ ਜਾਂਦੀ ਹੈ ਜਿਵੇਂ ਸਾ (ਮੋਰ ਦੀ ਆਵਾਜ਼ ਤੋਂ), ਰੇ (ਪਪੀਹੇ ਦੀ ਆਵਾਜ਼ ਤੋਂ) ਗਾ (ਬੱਕਰੇ ਦੀ ਆਵਾਜ਼ ਤੋਂ) ਮਾ (ਚਕੋਰ-ਪੰਛੀ ਦੀ ਆਵਾਜ਼ ਤੋਂ) ਪਾ (ਕੋਇਲ ਦੀ ਆਵਾਜ਼ ਤੋਂ) ਧਾ (ਡੱਡੂ ਦੀ ਆਵਾਜ਼ ਤੋਂ) ਅਤੇ ਨੀ (ਹਾਥੀ ਦੀ ਆਵਾਜ਼ ਤੋਂ)। ਸ਼ਿਵ ਪੁਰਾਣ ਵਿਚ ਕਥਾ ਹੈ ਕਿ ਸ਼ਿਵ ਜੀ ਨੇ ਆਪਣੇ ਅਨੇਕ ਮੂੰਹਾਂ ਤੋਂ ਵੱਖ ਵੱਖ ਸਵਰਾਂ ਦੀ ਸਿਰਜਨਾ ਕੀਤੀ। ਫ਼ਾਰਸੀ ਵਿਚ ਕਥਾ ਪ੍ਰਚਲਤ ਹੈ ਕਿ "ਆਤਸ਼ਜਨਾ" ਪੰਛੀ ਦੀ ਚੁੰਝ ਵਿਚ ਸੱਤ ਮੋਰੀਆਂ ਹਨ ਅਤੇ ਜਦੋਂ ਚਹਿਚਹਾਉਂਦਾ ਹੈ ਤਾਂ ਸੱਤ ਵੱਖ ਵੱਖ ਸੁਰਾਂ ਨਿਕਲਦੀਆਂ ਹਨ। ਆਖਰ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਤੇ ਅਸੀਂ ਸੰਗੀਤ ਵਿਚ ਕੁਝ ਵਾਰ ਵਾਰ ਵਰਤੇ ਜਾਣ ਵਾਲੇ ਸ਼ਬਦਾਂ ਦੀ ਸੰਖੇਪ ਵਿਆਖਿਆ ਕਰਨਾ ਚਾਹੁੰਦੇ ਹਾਂ।

1. ਧੁਨੀ : ਜਦੋਂ ਅਸੀਂ ਕਿਸੇ ਚੀਜ਼ ਨੂੰ ਹਿਲਾਉਂਦੇ ਹਾਂ. ਜਦ ਕੰਨਾਂ ਰਾਹੀਂ ਸੁਣਿਆ ਜਾਂਦਾ ਹੈ ਤਾਂ ਧੁਨੀ ਜਾਂ ਆਵਾਜ਼ (sound) ਕਹਿ ਸਕਦੇ ਹਾਂ ਮਨੁੱਖ ਦੇ ਕੰਨ ਵਿਚ ਵੀ ਹਿਲਜੁਲ ਆਵਾਜ਼ ਜਾਂ ਧੁਨੀ ਪੈਦਾ ਕਰਦੀ ਹੈ।
2. ਤਾਲ ਸਮਾ ਨਾਪਣ ਦੇ ਸਾਧਨ ਨੂੰ ਤਾਲ ਕਿਹਾ ਜਾਂਦਾ ਹੈ। ਤਾਲ ਮਾਤਰਾਂ ਦਾ ਸਮੂੰਹ ਹੁੰਦਾ ਹੈ।
3. ਲੈਅ . ਲੈਅ ਦਾ ਅਰਥ ਹੈ ਰਫਤਾਰ ਜਾਂ ਚਾਲ। ਬਹੁਤ ਹੌਲੀ ਲੈਅ ਨੂੰ ਵਿਲੰਬਤ. ਵਿਚਕਾਰ ਦੀ ਲੈਅ ਨੂੰ ਮੱਧ ਅਤੇ ਤੇਜ਼ ਲੈਅ ਨੂੰ ਦਰੁਤ ਕਹਿੰਦੇ ਹਨ।
4. ਤਾਨ ਤਾਨ ਦਾ ਅਰਥ ਹੈ ਫੈਲਾਉਣਾ।
5. ਅਲਾਪ : ਰਾਗੀ ਜਦੋਂ ਕਿਸੇ ਰਾਗ ਦਾ ਸੁਰਾਂ ਰਾਹੀਂ ਧੀਮੀ ਲੈਅ ਵਿਚ ਵਿਸਥਾਰ ਕਰਦਾ ਹੈ ਤਾਂ ਅਲਾਪ ਕਹਿੰਦੇ ਹਨ।
6. ਸੱਤ ਸੁਰਾਂ : ਸੱਤ ਸੁਰਾਂ ਦੇ ਅਸਲ ਨਾਮ ਬਰੈਕਿਟ ਵਿਚ ਦਿੱਤੇ ਜਾਂਦੇ ਹਨ। ਸੱਤ ਸੁਰਾਂ ਹਨ. ਸਾ (ਸਡਜ) ਰੇ (ਰਿਸ਼ਭ) ਗਾ (ਗੰਧਾਰ) ਮਾ (ਮੱਧਿਅਮ) ਪਾ (ਪੰਚਮ) ਧਾ (ਧੈਵਤ) ਨੀ (ਨਿਸਾਟ)
7. ਅੰਦੋਲਨ ਜਾਂ ਡੋਲ : ਜਦੋਂ ਕਿਸੇ ਸਾਜ਼ ਦੀ ਤਾਰ ਨੂੰ ਛੇੜਿਆ ਜਾਂਦਾ ਹੈ ਤਾਂ ਉਸ ਵਿਚ ਕੰਪਨ ਪੈਦਾ ਹੁੰਦਾ ਹੈ। ਤਾਰ ਪਹਿਲਾਂ ਇਕ ਪਾਸੇ ਫਿਰ ਦੂਜੇ ਪਾਸੇ ਜਾ ਕੇ ਅੰਤ ਤੇ ਫਿਰ ਅਸਲੀ ਟਿਕਾਣੇ ਤੇ ਖੜ ਜਾਂਦਾ ਹੈ। ਜਦ ਤਕ ਉਂਗਲੀ ਜਾ ਮਿਜ਼ਰਾਬ ਦੀ ਛੇੜ ਤਾਰ ਨਾਲ ਕਾਇਮ ਰਹਿੰਦੀ ਹੈ ਤਾਰ ਕੰਬਦਾ ਰਹਿੰਦਾ ਹੈ ਅਤੇ ਕੰਬਣ ਦੀ ਇਸ ਕਿਰਿਆ ਨੂੰ ਅੰਦੋਲਨ ਜਾਂ ਡੋਲ ਆਖਿਆ ਜਾਂਦਾ ਹੈ।

(ੲ) ਭਵਨ ਨਿਰਮਾਣ ਕਲਾ

ਭਵਨ ਨਿਰਮਾਣ ਕਲਾ ਵੀ ਲਲਿਤ ਕਲਾਵਾਂ ਦੀ ਇਕ ਮਹੱਤਵਪੂਰਨ ਵੰਨਗੀ ਹੈ ਜਿਸ ਦਾ ਮਨੁੱਖੀ ਜੀਵਨ ਵਿਚ ਬਹੁਤ ਹੀ ਮਹੱਤਵ ਹੈ। ਭਾਰਤੀ ਪ੍ਰਾਚੀਨ ਭਵਨਾਂ ਬਾਰੇ ਕਈ ਧਾਰਮਿਕ ਪੁਸਤਕਾਂ ਵਿਚ ਲਿਖਿਆ ਮਿਲਦਾ ਹੈ ਅਤੇ ਕਈ ਭਵਨਾਂ ਦੇ ਖੰਡਰ ਵੀ ਮਿਲਦੇ ਹਨ ਜਿਨ੍ਹਾਂ ਨੂੰ ਵੇਖ ਕੇ ਇਸ ਦੇ ਵਿਕਾਸ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਸਿੰਧ ਘਾਟੀ ਦੇ ਖੰਡਰਾਂ ਤੋਂ ਪਹਿਲਾਂ ਦੇ ਭਵਨਾਂ ਦਾ ਕੋਈ ਚਿੰਨ੍ਹ ਨਹੀਂ ਮਿਲਦੇ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਆਦਿ ਮਾਨਵ ਗੁਫਾਵਾਂ ਵਿਚ ਰਹਿੰਦਾ ਸੀ ਅਤੇ ਕੁਝ ਸਮੇਂ ਪਿੱਛੋਂ ਕੱਚੀ ਮਿੱਟੀ ਅਤੇ ਲੱਕੜੀ ਦੇ ਝੌਂਪੜੇ ਬਣਾਉਣ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਲੱਗ ਪਿਆ ਸੀ। ਸਿੰਧ ਲਘਾਟੀ ਵਿਚੋਂ ਇੱਟਾਂ ਦੇ ਪੱਕੇ ਮਕਾਨਾਂ ਦੇ ਨਿਸ਼ਾਨ ਵੀ ਮਿਲੇ ਹਨ ਪਰ ਇਸ ਸਭਿਅਤਾ ਦਾ ਛੇਤੀ ਹੀ ਅੰਤ ਹੋ ਗਿਆ। ਆਰੀਆ ਲੋਕਾਂ ਦੇ ਆਉਣ ਨਾਲ ਪਿੰਡਾਂ ਵਿਚ ਲੱਕੜੀ ਘਾਹ ਫੂਸ ਅਤੇ ਮਿੱਟੀ ਦੀ ਵਰਤੋਂ ਕਰਕੇ ਮ . ਨ ਬਣਦੇ ਰਹੇ ਹਨ ਪਰ ਸਹਿਰਾਂ ਵਿਚ ਪੱਥਰ ਅਤੇ ਲੱਕੜੀ ਦੀ ਵਰਤੋਂ ਹੁੰਦੀ ਹੈ। ਪਾਟਲੀਪੁੱਤਰ ਦੇ ਭਵਨਾਂ ਵਿਚ ਵਧੇਰੇ ਲੱਕੜੀ ਦਾ ਕੰਮ ਹੋਇਆ ਸੀ। ਸ਼ਹਿਰ ਦੇ ਚਾਰ ਚੁਫੇਰੇ ਲੱਕੜੀ ਦੀ ਦੀਵਾਰ ਸੀ। ਭਵਨ ਬਣਾਉਣ ਲਈ ਲੱਕੜੀ ਦੇ ਸਾਦੇ ਫੱਟਿਆਂ ਅਤੇ ਸ਼ਤੀਰਾਂ ਦੀ ਵਰਤੋਂ ਆਮ ਸੀ। ਉਨ੍ਹਾਂ ਉੱਪਰ ਮੀਨਾਕਾਰੀ, ਮੂਰਤੀਕਲਾ ਦਾ ਕੰਮ ਕੀਤਾ ਗਿਆ ਸੀ।

ਮੌਰੀਆ ਕਾਲ ਦੇ ਪੱਥਰ ਦੇ ਬਣੇ ਭਵਨਾਂ ਦੇ ਕਾਫ਼ੀ ਚਿੰਨ੍ਹ ਮਿਲਦੇ ਹਨ। ਇਨ੍ਹਾਂ ਭਵਨਾਂ ਵਿਚ ਲੱਕੜੀ ਦੀ ਵਤੋਂ ਵੀ ਹੁੰਦੀ ਸੀ। ਲੱਕੜੀ ਦੇ ਭਵਨ ਥੋੜ੍ਹ ਚਿਰੇ ਹੁੰਦੇ ਸਨ। ਇਸ ਲਈ ਸਥਾਈ ਭਵਨ ਉਸਾਰੀ ਕਰਨ ਲਈ ਪੱਥਰ ਦੀ ਵਰਤੋਂ ਕੀਤੀ ਜਾਣ ਲੱਗੀ। ਪਹਾੜਾਂ ਨੂੰ ਤਰਾਸ਼ ਕੇ ਗੁਫ਼ਾਵਾਂ ਵੀ ਬਣਾਈਆਂ ਜਾਣ ਲੱਗੀਆਂ। ਗੁਫਾਵਾਂ ਭਾਵੇਂ ਚਟਾਨਾਂ ਨੂੰ ਤਰਾਸ਼ ਕੇ ਬਣਾਈਆਂ ਗਈਆਂ ਹਨ ਪਰ ਫਿਰ ਵੀ ਲੱਕੜੀ ਦੇ ਭਵਨਾਂ ਵਾਂਗ ਪ੍ਰਤੀਤ ਹੁੰਦੀਆਂ ਹਨ।

ਭਵਨ ਉਸਾਰੀ ਉਤੇ ਧਰਮ ਦਾ ਵੀ ਗਹਿਰਾ ਸੰਬੰਧ ਰਿਹਾ ਹੈ। ਹਿੰਦੂ ਮੰਦਰ, ਬੁੱਧ ਅਤੇ ਜੈਨ ਸਮਾਰਕ ਸਿੱਖ ਗੁਰਦਵਾਰੇ ਵੱਖ ਵੱਖ ਵਿਸ਼ੇਸ਼ਤਾਵਾਂ ਰੱਖਦੇ ਹਨ। ਭਾਵੇਂ ਕਾਰੀਗਰ ਉਹ ਹੀ ਹੁੰਦੇ ਸਨ ਅਤੇ ਧਰਮ ਨਿਯਮਾਂ ਅਨੁਸਾਰ ਕੁਝ ਫ਼ਰਕ ਵੀ ਪਾਉਂਦੇ ਸਨ। ਪਰ ਆਧਾਰ ਇਕੋ ਹੀ ਰਿਹਾ। ਕਾਰੀਗਰਾਂ ਦੀ ਸਾਂਝੀਵਾਲਤਾ ਨੇ ਹਰ ਧਰਮ ਦੇ ਭਵਨਾਂ ਨੂੰ ਇਕੋ ਧਾਗੇ ਵਿਚ ਪਰੋ ਦਿੱਤਾ ਹੈ।

ਈਸਵੀ ਸੰਮਤ ਦੇ ਆਰੰਭ ਤੋਂ ਪਿੱਛੋਂ ਭਵਨ ਨਿਰਮਾਣ, ਸਥਾਨਕ ਕਲਾ ਬਣ ਗਈ ਸੀ। ਦੇਸ਼ ਦੇ ਹਰ ਭਾਗ ਵਿਚ ਮੰਦਰਾਂ ਅਤੇ ਬਾਕੀ ਭਵਨਾਂ ਦੀਆਂ ਯੋਜਨਾਵਾਂ ਵੱਖ ਵੱਖ ਸਨ। ਇਨ੍ਹਾਂ ਦੇ ਬਣਾਉਣ ਦਾ ਢੰਗ ਜਾਂ ਕਲਾ ਕੌਸ਼ਲ ਭਾਵੇਂ ਇਕੋ ਜਿਹਾ ਹੈ ਪਰ ਇਨ੍ਹਾਂ ਦਾ ਭਵਨਿਦ ਨਕਸ਼ਾ ਖੇਤਰਾਂ ਅਤੇ ਧਰਮਾਂ ਅਨੁਸਾਰ ਵੱਖ ਵੱਖਰਾ ਹੈ। ਭਾਰਤੀ ਭਵਨ ਜਾਂ ਮੰਦਰ ਕੇਵਲ ਧਾਰਮਕ ਸਥਾਨ ਹੀ ਨਹੀਂ ਸਨ ਸਗੋਂ ਉਸ ਸਮੇਂ ਦੇ ਹਾਲਾਤ ਦਾ ਪਤਾ ਵੀ ਇਨ੍ਹਾਂ ਤੋਂ ਲੱਗਦਾ ਹੈ। ਬੁੱਧ ਮੱਤ, ਜੈਨ ਮੱਤ ਅਤੇ ਹਿੰਦੂ ਮੱਤ ਅਤੇ ਜੈਨ ਮੱਤ ਦੇ ਭਵਨ ਵੀ ਆਪੋ ਵਿਚ ਕਾਫੀ ਅੰਤਰ ਰੱਖਦੇ ਹਨ। ਮੁਸਲਮਾਨਾਂ ਦੇ ਭਵਨ ਤਾਂ ਹੋਰ ਵੀ ਬਹੁਤ ਭਿੰਨ ਹਨ। ਮੁਸਲਮਾਨਾਂ ਨੇ ਵੀ ਇਥੇ ਆ ਕੇ ਭਾਰਤੀ ਕਾਰੀਗਰ ਕੰਮ ਤੇ ਲਾਏ ਸਨ, ਇਸੇ ਕਾਰਨ ਉਨ੍ਹਾਂ ਦੀ ਆਪਣੀ ਸ਼ੈਲੀ ਵਿਚ ਕਾਫੀ ਪਰਿਵਰਤਨ ਆਇਆ ਸੀ ਅਤੇ ਉਹ ਵੀ ਭਾਰਤ ਦੀ ਹੀ ਇਕ ਹੋਰ ਸ਼ੈਲੀ ਬਣ ਗਈ ਸੀ। ਭਾਰਤ ਵਿਚ ਕੋਈ ਵੀ ਸ਼ੈਲੀ ਬਹੁਤਾ ਚਿਰ ਨਹੀਂ ਚਲੀ। ਇਹ ਜਾਂ ਤਾਂ ਖ਼ਤਮ ਹੋ ਗਈ ਜਾਂ ਬਾਕੀ ਸ਼ੈਲੀਆਂ ਦੇ ਪ੍ਰਭਾਵ ਹੇਠ ਬਦਲ ਗਈ ਅਤੇ ਨਵੀਂ ਸ਼ੈਲੀ ਦਾ ਰੂਪ ਧਾਰ ਲਿਆ। ਇਨ੍ਹਾਂ ਸ਼ੈਲੀਆਂ ਬਾਰੇ ਕੁਝ ਤਾਂ ਖੰਡਰਾਂ ਤੋਂ ਪਤਾ ਲੱਗ ਜਾਂਦਾ ਹੈ ਅਤੇ ਕਈਆਂ ਦੀ ਨਕਲ ਮਿਲਦੀ ਹੈ। ਭਵਨ ਉਸਾਰੀ ਦੀ

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri
ਭਾਰਤੀ ਸ਼ੈਲੀ ਲੜੀ ਵਾਰ ਹੈ। ਇਹ ਲੜੀ ਵਿਚੋਂ ਘਟ ਹੀ ਟੁੱਟੀ ਪ੍ਰਤੀਤ ਹੁੰਦੀ ਹੈ। ਪਹਿਲਾਂ ਲੱਕੜੀ ਅਤੇ ਮਿੱਟੀ ਦੇ ਭਵਨ ਸਨ, ਫਿਰ ਗੁਫਾਵਾਂ ਤਿਆਰ ਹੋਈਆਂ ਅਤੇ ਫਿਰ ਉਸਾਰੀ ਦਾ ਕੰਮ ਹੋਇਆ। ਪਰ ਇਨ੍ਹਾਂ ਵਿਚ ਮੁੱਢਲੀ ਯੋਜਨਾ, ਸਜਾਵਟ ਅਤੇ ਆਸ਼ਾ ਇਕੋ ਹੀ ਪ੍ਰਤੀਤ ਹੁੰਦਾ ਹੈ।

ਘਰੇਲੂ ਮਕਾਨਾਂ ਦੀ ਉਸਾਰੀ ਵੀ ਸਮੇਂ ਸਮੇਂ ਵੱਖੋ ਵੱਖ ਢੰਗਾਂ ਨਾਲ ਹੁੰਦੀ ਰਹੀ ਹੈ। ਸਮੇਂ ਦੀਆਂ ਲੋੜਾਂ ਅਨੁਸਾਰ ਇਨ੍ਹਾਂ ਵਿਚ ਪਰਿਵਰਤਨ ਆਉਂਦਾ ਰਿਹਾ ਸੀ। ਪਹਿਲਾ ਝੌਂਪੜੀਆਂ, ਫਿਰ ਕੱਚੀ ਮਿੱਟੀ ਦੇ ਮਕਾਨ ਬਣਨ ਲੱਗੇ। ਫਿਰ ਮੁਗ਼ਲ ਸ਼ਾਹੀ ਛੋਟੀਆਂ ਪੱਕੀਆਂ ਇੱਟਾਂ ਦੇ ਮਕਾਨ ਬਣ ਲੱਗੇ। ਅਮੀਰ ਲੋਕ ਵੱਡੀਆਂ ਵੱਡੀਆਂ ਹਵੇਲੀਆਂ ਬਣਾਉਂਦੇ ਸਨ। ਗਰੀਬ ਲੋਕਾਂ ਦੇ ਛੋਟੇ ਘਰ ਹੁੰਦੇ ਸਨ। ਆਪਣੀ ਸਮਰੱਥਾ ਮੁਤਾਬਕ ਇਨ੍ਹਾਂ ਦੀ ਸਜਾਵਟ ਵੀ ਕੀਤੀ ਜਾਂਦੀ ਸੀ। ਪਹਿਲਾਂ ਮਕਾਨਾਂ ਦੀ ਬਣਤਰ ਆਮ ਤੌਰ ਤੇ ਪਿੱਛੇ ਦੋ ਕੋਠੜੀਆਂ, ਉਸ ਤੋਂ ਅੱਗੇ ਵੱਡਾ ਦਲਾਨ ਤੇ ਫਿਰ ਖੁੱਲ੍ਹਾ ਵਿਹੜਾ ਹੁੰਦਾ ਸੀ। ਮਕਾਨ ਜੁੜਵੇਂ ਹੁੰਦੇ ਸਨ। ਪਰ ਆਧੁਨਿਕ ਸਮੇਂ ਵਿਚ ਇਨ੍ਹਾਂ ਦੀ ਬਣਤਰ ਵਿਚ ਕਾਫੀ ਫ਼ਰਕ ਆ ਗਿਆ ਹੈ। ਜੁੜਵੇਂ ਮਕਾਨਾਂ ਦਾ ਰਿਵਾਜ਼ ਘਟੀ/ਹਟੀ ਜਾ ਰਿਹਾ ਹੈ। ਹੁਣ ਪੱਕੇ, ਸੀਮਿੰਟ, ਇੱਟਾਂ ਅਤੇ ਲੋਹੇ ਦੀ ਵਰਤੋਂ ਕੀਤੀ ਜਾਂਦੀ ਹੈ। ਚਿਪਸ ਆਦਿ ਲਾਈ ਜਾਂਦੀ ਹੈ। ਬੈੱਡ ਰੂਮ, ਰਸੋਈ, ਗੁਸਲਖਾਨਾ, ਡਰਾਇੰਗ ਰੂਮ ਆਦਿ ਬਣਾਏ ਜਾਂਦੇ ਹਨ। ਰੋਸ਼ਨੀ ਅਤੇ ਧੁੱਪ ਦਾ ਖਿਆਲ ਰੱਖਿਆ ਜਾਂਦਾ ਹੈ।

[ਭਵਨ ਨਿਰਮਾਣ ਕਲਾ ਅਤੇ ਹਵੇਲੀਆਂ ਬਾਰੇ ਵਧੇਰੇ ਜਾਣਕਾਰੀ ਅਤੇ ਅਧਿਐਨ ਲਈ ਵੇਖੋ: **ਪਿੰਡ ਵਿਉਂਤ ਅਤੇ ਸਭਿਆਚਾਰ** ਕ੍ਰਿਤ ਮਨਜੀਤ ਸਿੰਘ]

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਪੁਸਤਕ ਸੂਚੀ

ਪੰਜਾਬੀ

ਅਸ਼ੋਕ, ਸ਼ਮਸ਼ੇਰ ਸਿੰਘ, **ਪੰਜਾਬੀ ਜੀਵਨ ਤੇ ਸੰਸਕ੍ਰਿਤੀ**, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ, 1966

ਅਮੋਲ, ਸ.ਸ., **ਪੰਜਾਬੀ ਸਭਿਆਚਾਰ ਦੀ ਰੂਪ ਰੇਖਾ**, ਧਨਪਤ ਰਾਏ ਐਂਡ ਸਨਜ਼, ਜਲੰਧਰ, ਦੂਜੀ ਵਾਰ, 1968

ਇਕਬਾਲ ਕੌਰ, **ਪੰਜਾਬੀ ਲੋਕਯਾਨ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1986

ਸੁਖਦੇਵ ਮਾਧਪੁਰੀ, **ਲੋਕ ਬੁਝਾਰਤਾਂ**, ਲਾਹੌਰ ਬੁਕ ਸ਼ਾਪ, ਲੁਧਿਆਣਾ 1956

ਹਰਚਰਨ ਸਿੰਘ ਤੇ ਸੂਬਾ ਸਿੰਘ, **ਪੰਜਾਬੀ ਜੀਵਨ ਤੇ ਸਭਿਆਚਾਰ ਇਕ ਝਾਤ**, ਪੰਜਾਬੀ ਪ੍ਰਕਾਸ਼ਨ, ਅੰਮ੍ਰਿਤਸਰ 1977

ਹਰਚਰਨ ਸਿੰਘ, **ਨਾਟਕ ਕਲਾ ਤੇ ਹੋਰ ਲੇਖ**, ਪੈਪਸੂ ਬੁਕ ਡੀਪੂ, ਪਟਿਆਲਾ, 1972

ਕੰਵਲਜੀਤ ਗਰੋਵਰ, **ਲੋਕਯਾਨ ਦਰਪਣ**, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1986

ਕਾਹਨ ਸਿੰਘ ਨਾਭਾ, **ਮਹਾਨ ਕੋਸ਼**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਤੀਜੀ ਵਾਰ, 1974

ਗੁਰਦਿੱਤ ਸਿੰਘ, **ਮੇਰਾ ਪਿੰਡ**, ਸਾਹਿਤ ਪ੍ਰਕਾਸ਼ਨ, ਚੰਡੀਗੜ੍ਹ, ਚੌਥੀ ਵਾਰ, 1981

ਗੁਰਮੀਤ ਸਿੰਘ, **ਪੰਜਾਬੀ ਲੋਕਧਾਰਾ ਦੇ ਕੁਝ ਪੱਖ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1985

ਗਾਰਗੀ, ਬਲਵੰਤ, **ਲੋਕ ਨਾਟਕ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969

ਗਿਆਨੀ ਲਾਲ ਸਿੰਘ, **ਪੰਜਾਬ ਦਾ ਸੰਖੇਪ ਇਤਿਹਾਸ**, ਧਨਪਤ ਰਾਏ ਐਂਡ ਸਨਜ਼, ਜਲੰਧਰ, 1964

ਘੁੰਮਣ, ਬਿਕਰਮ ਸਿੰਘ, **ਪੰਜਾਬੀ ਲੋਕ ਗੀਤ**, ਪੰਜਾਬੀ ਰਾਈਟਰਜ਼ ਕੋਆਪਰੇਟਿ ਸੁਸਾਇਟੀ, ਲੁਧਿਆਣਾ, 1992

–, **ਬੁਝਾਰਤਾਂ ਅਤੇ ਅਖਾਣ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1989

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

ਜੱਸ, ਜਸਬੀਰ ਸਿੰਘ, **ਪੰਜਾਬੀ ਸਭਿਆਚਾਰ ਤੇ ਬਦੇਸ਼ੀ ਪ੍ਰਭਾਵ**, ਪੰਜਾਬੀ ਰਾਈਟਰਜ਼ ਕੋ-ਆਪ, ਸੋਸਾਇਟੀ, ਲੁਧਿਆਣਾ 1983

ਜਸਵਿੰਦਰ ਸਿੰਘ, **ਪੰਜਾਬੀ ਲੋਕ ਸਾਹਿਤ ਸ਼ਾਸਤਰ**, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987

ਤੇਜਾ ਸਿੰਘ, **ਸਭਿਆਚਾਰ**, ਕਸਤੂਰੀ ਲਾਲ ਐਂਡ ਸਨਜ਼, ਅੰਮ੍ਰਿਤਸਰ

ਥਿੰਦ, ਕਰਨੈਲ ਸਿੰਘ, **ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ**, ਜੀਵਨ ਮੰਦਰ ਪ੍ਰਕਾਸ਼ਨ, ਅੰਮ੍ਰਿਤਸਰ, 1977

– (ਸੰਪ.) **ਲੋਕਯਾਨ ਅਧਿਐਨ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1975

ਦਲੇਰ, ਅਵਤਾਰ ਸਿੰਘ, **ਪੰਜਾਬੀ ਲੋਕਗੀਤ : ਬਣਤਰ ਤੇ ਵਿਕਾਸ**, ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 1964

ਨਾਹਰ ਸਿੰਘ, **ਲੋਕ ਕਾਵਿ ਸਿਰਜਨ ਪ੍ਰਕਿਰਿਆ**, ਲੋਕਾਇਤ ਪ੍ਰਕਾਸ਼ਨ, ਚੰਡੀਗੜ੍ਹ, 1983

ਪ੍ਰੀਤਮ ਸਿੰਘ, **ਪੰਜਾਬ ਅਤੇ ਪੰਜਾਬੀ ਉਤੇ ਪਏ ਬਦੇਸ਼ੀ ਪ੍ਰਭਾਵ**, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1978

ਪੂਨੀ, ਬਲਬੀਰ ਸਿੰਘ, **ਕਿੱਸਾ ਕਾਵਿ: ਇਤਿਹਾਸਕ ਤੇ ਕਾਵਿ ਮੁੱਲਾਂਕਣ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1984

– **ਪੰਜਾਬੀ ਕਿੱਸਾ ਕਾਵਿ ਦੀ ਅਧੋਗਤੀ ਦਾ ਅਧਿਐਨ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਲੁਧਿਆਣਾ, 1985

ਫ਼ਰੈਂਕ, ਗੁਰਬਖ਼ਸ਼ ਸਿੰਘ, **ਸਭਿਆਚਾਰ : ਮੁਢਲੀ ਜਾਣ ਪਛਾਣ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੁਸਾਇਟੀ, ਲੁਧਿਆਣਾ, 1984

ਫੁੱਲ, ਗੁਰਦਿਆਲ ਸਿੰਘ, **ਪੰਜਾਬੀ ਨਾਟਕ ਦਾ ਇਤਿਹਾਸ**, ਨਿਊ ਬੁੱਕ ਕੰਪਨੀ, ਜਲੰਧਰ, 1972

ਬੇਦੀ, ਸੋਹਿੰਦਰ ਸਿੰਘ, **ਪੰਜਾਬ ਦੀ ਲੋਕਧਾਰਾ**, ਨੈਸ਼ਨਲ ਬੁੱਕ ਟਰੱਸੱਟ, ਇੰਡੀਆ, ਨਵੀਂ ਦਿਲੀ, 1973

– **ਲੋਕਧਾਰਾ ਅਤੇ ਸਾਹਿਤ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਇੰਡਸਟ੍ਰੀਅਲ ਸੁਸਾਇਟੀ, ਨਵੀਂ ਦਿਲੀ, 1977

– **ਮੱਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ**, ਪਰੰਪਰਾ ਪ੍ਰਕਾਸ਼ਨ, ਨਵੀਂ ਦਿਲੀ, 1977

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

– **ਲੋਕ ਪਰੰਪਰਾ ਅਤੇ ਸਾਹਿਤ**, ਪੰਜਾਬੀ ਰਾਈਟਰਜ਼ ਕੋਆਪਰੇਟਿਵ ਸੋਸਾਇਟੀ, ਨਵੀਂ ਦਿਲੀ, 1977

– **ਲੋਕ ਆਖਦੇ ਹਨ**, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1977

– **ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲੋਕ ਤੱਤ**, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1973

ਸਮਾਜ (ਅਨੁ. ਸਵਿੰਦਰਜੀਤ ਕੌਰ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970

ਮਹਿੰਦਰ ਸਿੰਘ ਰੰਧਾਵਾ (ਸੰਪ), **ਪੰਜਾਬ**, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970

ਹਿੰਦੀ

ਉਪਾਧਿਆਇ, ਕ੍ਰਿਸ਼ਨ ਦੇਵ, **ਲੋਕ ਸਾਹਿਤਯ ਕੀ ਭੂਮਿਕਾ**, ਸਾਹਿਤਯ ਭਵਨ, ਇਲਾਹਾਬਾਦ, 1957

ਦ੍ਵਿਵੇਦੀ, ਹਜ਼ਾਰੀ ਪ੍ਰਸ਼ਾਦ, **ਹਿੰਦੀ ਸਾਹਿਤਯ ਕਾ ਆਦਿ ਕਾਲ**, ਬਿਹਾਰ ਰਾਸ਼ਟਰ ਭਾਸ਼ਾ ਪਰਿਸ਼ਦ, ਪਟਨਾ, ਤੀਸਰੀ ਵਾਰ, 1961

ਭ੍ਰਮਰ ਰਵੀਂਦ੍ਰ, **ਹਿੰਦੀ ਭਕਤੀ-ਸਾਹਿਤਯ ਮੇਂ ਲੋਕ-ਤਤਵ**', ਭਾਰਤੀ ਸਾਹਿਤਯ ਮੰਦਿਰ, ਦਿਲੀ, 1966

ਸਤਯੇਂਦ੍ਰ, **ਮਧਯੁਗੀਨ ਹਿੰਦੀ ਸਾਹਿਤਯ ਕਾ ਲੋਕਤਾਤਵਿਕ ਅਧਿਐਨ**, ਵਿਨੋਦ ਪੁਸਤਕ ਮੰਦਿਰ, ਆਗਰਾ, 1960

ਲੋਕ ਸਾਹਿਤਯ ਵਿਗਿਆਨ, ਸ਼ਿਵ ਲਾਲ ਅਗਰਵਾਲ ਐਂਡ ਕੰਪਨੀ, ਆਗਰਾ, 1962

ਅੰਗਰੇਜ਼ੀ

A Glossary of the Tribes and Castes of Punjab and Nothwest Frontier Province, (ed. Denzil Ibbeston etal) Vol. I, Language Deptt. Punjab 1970.

American Folklore (ed. Tristram Coffin) Voice of American Forum, Lectures, 1969.

Dictionary of Mythology Folklore and Symbols (ed. Gertrude Jobes) The Scarecrow Press, New York, 1962

Dictionary of World Literary Terms, (ed. Shipley. J,) George Allen & Unwin, London, 1970.

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

Eliot, T.S., *Selected Essays*, Faber & Faber Ltd. London, 1932.

Encyclopaedia Britannica, Encyclopaedia Britannica Ltd. London, 1959.

Reaver, I and Boswell, G.W., *Fundamentals of Folk Literature*, Anthropological Publication, Osterhout, 1962.

Standerd Dictionery of Folklore Mythology and Legend. (ed. Leach, Maria) Funk and Wagnalls Co., New York, Vol. I; II, 1949-50.

Study of Folklore (ed. Alan Dundes) Prentice Hall, Engelwood Cliffs, 1965:

Temple R.C., *The Legends of The Punjab*, Deptt. of Language, Punjab, Patiala, 1962, Vol. I, II, III

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

GURUKUL KANGRI LIBRARY		
	Signature	Date
Access on		8/2/95
Class on		
Cat on		
Tag etc.		
Filing		
E A R.		
Any other		
Checked		

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar

Digitized by Arya Samaj Foundation Chennai and eGangotri

CC-0. In Public Domain. Gurukul Kangri Collection, Haridwar